ਕੌਮਾਂਤਰੀ ਅੰਮ੍ਰਿਤਸਰ ਟਾਈਮਜ਼

QUOMANTRY AMRITSAR TIMES

West/East Coast Edition | Volume 7 | Issue 19 | 09 May 2018 to 15 May 2018 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com


# ਪੰਥਕ ਧਿਰਾਂ ਦੇ ਭਾਰੀ ਦਬਾਅ ਕਾਰਨ ਵਿਵਾਦਤ ਕਿਤਾਬ ’ਤੇ ਰੋਕ ਲੱਗੀ

## ਸਿੱਖ ਇਤਿਹਾਸਕਾਰਾਂ ਵੱਲੋਂ ਕੈਪਟਨ ਸਰਕਾਰ ’ਤੇ ਆਰਐਸਐਸ ਦਾ ਏਜੰਡਾ ਲਾਗੂ ਕਰਨ ਦੇ ਦੋਸ਼

- **ਕਿਤਾਬ ਬਾਰੇ ਪੰਦਰਾਂ ਸਫਿਆਂ ਦੀ ਤੱਥ ਭਰਪੂਰ ਰਿਪੋਰਟ ’ਚ ਸਨਸਨੀਖੇਜ਼ ਖੁਲਾਸੇ**
- **ਪੰਜਾਬ ਸਰਕਾਰ ਨੇ ਅੱਧੇ ਜਿਹੇ ਮਨ ਨਾਲ ਮੰਗੀ ਮੁਆਫੀ**




**ਚੰਡੀਗੜ੍ਹ/ਬਿਊਰੋ ਨਿਊਜ਼**

ਪੰਜਾਬ ਸਰਕਾਰ ਨੇ ਆਖਰਕਾਰ ਪੰਜਾਬ ਸਕੂਲ ਸਿੱਖਿਆ ਬੋਰਡ ਦੀਆਂ ਇਤਿਹਾਸ ਦੀਆਂ ਗਿਆਰਵੀਂ ਅਤੇ ਬਾਰਵੀਂ ਦੇ ਸਿਲੇਬਸ ਵਿੱਚ ਹੋਈਆਂ ਤਬਦੀਲੀਆਂ ਅਤੇ ਇਨਾਂ ਤਬਦੀਲੀਆਂ ਨਾਲ ਹੋਈਆਂ ਬੱਜਰ ਗਲਤੀਆਂ ਨੂੰ ਸਵੀਕਾਰ ਕਰਦੇ ਹੋਏ ਬਾਰ੍ਹਵੀਂ ਜਮਾਤ ਦੀ ਇਤਿਹਾਸ ਦੀ ਕਿਤਾਬ ‘ਤੇ ਉਦੋਂ ਤੱਕ ਰੋਕ ਲਾ ਦਿੱਤੀ ਹੈ, ਜਦੋਂ ਤੱਕ ਨਵਗਠਿਤ ਨਿਗਰਾਨ ਕਮੇਟੀ ਵੱਲੋਂ ਇਸ ਦੀ ਨਜ਼ਰਸਾਨੀ ਕਰਕੇ ਅਗਲਾ ਫੈਸਲਾ ਨਹੀਂ ਲਿਆ ਜਾਂਦਾ। ਸਰਕਾਰ ਨੇ ਕਿਹਾ ਹੈ ਕਿ ਇਸ ਕਿਤਾਬ ਦੀਆਂ ਹੋਰ ਕਾਪੀਆਂ ਜਾਰੀ ਕਰਨ ਤੋਂ ਪਹਿਲਾਂ ਮੁੱਖ ਮੰਤਰੀ ਵੱਲੋਂ ਉੱਘੇ ਇਤਿਹਾਸਕਾਰ ਪ੍ਰੋ. ਕ੍ਰਿਪਾਲ ਸਿੰਘ ਦੀ ਅਗਵਾਈ ਵਿੱਚ ਬਣਾਈ ਛੇ ਮੈਂਬਰੀ ਕਮੇਟੀ ਕੋਲੋਂ ਇਸ ਦੀ ਸਮੀਖਿਆ ਕਰਵਾਉਣੀ ਬਿਹਤਰ ਹੋਵੇਗੀ। ਗੌਰਤਲਬ ਹੈ ਕਿ ਇਸ ਅਹਿਮ ਐਲਾਨ ਤੋਂ ਪਹਿਲਾਂ ਇਤਿਹਾਸ ਦੇ ਸਿਲੇਬਸ ਦੀ ਨਜ਼ਰਸਾਨੀ ਲਈ ਇੱਕ ਛੇ ਮੈਂਬਰੀ ਨਿਗਰਾਨ ਕਮੇਟੀ ਬਣਾਈ ਗਈ ਹੈ ਜੋ ਸੰਨ 2014 ਵਿੱਚ ਉਸ ਵੇਲੇ ਦੀ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਾਲੀ ਅਕਾਲੀ-ਭਾਜਪਾ ਸਰਕਾਰ ਵਲੋਂ ਕਾਇਮ ਕੀਤੀ ਕਮੇਟੀ ਵੱਲੋਂ ਇਤਿਹਾਸ ਦੇ ਸਿਲੇਬਸ ਦੀ ਸਮੀਖਿਆ ਕਰਨ ਬਾਰੇ ਕੀਤੀਆਂ ਸਿਫਾਰਸ਼ਾਂ ਦੀ ਘੋਖ ਵੀ ਕਰੇਗੀ ਅਤੇ ਇਸ ਤੋਂ ਇਲਾਵਾ ਭਵਿੱਖ ਵਿੱਚ ਇਤਿਹਾਸ ਦੀਆਂ ਸਾਰੀਆਂ ਕਿਤਾਬਾਂ ਦੀ ਵੀ ਨਜ਼ਰਸਾਨੀ ਕਰੇਗੀ।

ਇਸ ਸਾਰੇ ਵਿਵਾਦ ’ਚ ਬੁਰੀ ਤਰ੍ਹਾਂ ਘਿਰੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸੋਮਵਾਰ ਨੂੰ ਹੰਗਾਮੀ ਪ੍ਰੈਸ ਕਾਨਫਰੰਸ ਦੌਰਾਨ ਵਿਰੋਧੀ ਧਿਰ ਦੀ ਤਿੱਖੀ ਆਲੋਚਨਾ ਕੀਤੀ ਅਤੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਨੇ ਇਤਿਹਾਸਕ ਕਿਤਾਬਾਂ ਦੇ ‘ਸਿਆਸੀਕਰਨ’ ਨੂੰ ਰੋਕਣ ਲਈ ਇੱਕ ਸਥਾਈ ਕਮੇਟੀ ਕਾਇਮ ਕਰਨ ਦਾ ਫੈਸਲਾ ਕੀਤਾ ਹੈ ਜੋ ਸਿਲੇਬਸ ਨੂੰ ਤਿਆਰ ਕਰਨ ਅਤੇ ਇਸ ਵਿਸ਼ੇ ‘ਤੇ ਗਲਤੀਆਂ ਰਹਿਤ ਕਿਤਾਬਾਂ ਯਕੀਨੀ ਬਣਾਉਣ ਵਿੱਚ ਕੰਮ ਕਰੇਗੀ।


ਬਾਕੀ ਸਫ਼ਾ 28 ’ਤੇ


### ਸਿੱਖ ਇਤਿਹਾਸ ਅਤੇ ਗੁਰਬਾਣੀ ਨਾਲ ਛੇੜਛਾੜ ਦਾ ਇਕ ਹੋਰ ਮਾਮਲਾ

**ਅੰਮ੍ਰਿਤਸਰ/ਬਿਊਰੋ ਨਿਊਜ਼ :** ਪੰਜਾਬ ਸਕੂਲ ਸਿਖਿਆ ਬੋਰਡ ਵਲੋਂ ਇਤਿਹਾਸ ਦੀਆਂ ਕਿਤਾਬਾਂ ਵਿੱਚ ਸਿੱਖ ਇਤਿਹਾਸ ਤੇ ਗੁਰ ਇਤਿਹਾਸ ਨਾਲ ਕੀਤੀ ਗਈ ਛੇੜਛਾੜ ਦਾ ਮਾਮਲਾ ਤਾਂ ਚੱਲ ਹੀ ਰਿਹਾ ਹੈ, ਨਾਲ ਹੀ ਸਿੱਖ ਇਤਿਹਾਸ, ਗੁਰ ਇਤਿਹਾਸ ਅਤੇ ਗੁਰਬਾਣੀ ਦੇ ਅਰਥਾਂ ਦਾ ਅਨਰਥ ਕਰਨ ਦਾ ਇਕ ਹੋਰ ਕੇਸ ਵੀ ਸਾਹਮਣੇ ਆਇਆ ਹੈ। ਅੰਮ੍ਰਿਤਸਰ ਤੋਂ ਸ਼੍ਰੋਮਣੀ ਕਮੇਟੀ ਦੇ ਮੈਂਬਰ ਸ. ਹਰਜਾਪ ਸਿੰਘ ਸੁਲਤਾਨ ਵਿੰਡ ਨੇ ਵੱਖ ਵੱਖ ਨਿੱਜੀ ਸਕੂਲਾਂ ਵਿੱਚ ਕਲਾਸ ਪੰਜਵੀਂ, ਛੇਵੀਂ ਤੇ ਸੱਤਵੀਂ ਦੇ ਵਿਦਿਆਰਥੀਆਂ ਨੂੰ ਪੜਾਈ ਜਾ ਰਹੀ ਪੁਸਤਕ ‘ਫੁਲਕਾਰੀ’ ਦਾ ਪਰਦਾਫਾਸ਼ ਕੀਤਾ ਹੈ।


ਬਾਕੀ ਸਫ਼ਾ 28 ’ਤੇ


# ‘ਜਿਹੜੀ ਬੋਲੀ ਮੋਦੀ ਬੋਲਦੈ, ਉਹ ਦੇਸ਼ ਦੇ ਭਲੇ ’ਚ ਨਹੀਂ’

## ਕਿਸੇ ਵੀ ਪ੍ਰਧਾਨ ਮੰਤਰੀ ਨੇ ਕਦੇ ਨਹੀਂ ਵਿਖਾਇਆ ਐਨਾ ਹੋਛਾਪਣ : ਡਾ. ਮਨਮੋਹਨ ਸਿੰਘ



**ਬੰਗਲੌਰ/ ਬਿਊਰੋ ਨਿਊਜ਼ :** ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ‘ਤੇ ਚੋਣਾਂ ਖ਼ਾਤਰ ਸਮਾਜ ਵਿੱਚ ਵੰਡੀਆਂ ਪਾਉਣ ਵਾਲੀ ਭਾਸ਼ਣਬਾਜ਼ੀ ‘ਤੇ ਸਖ਼ਤ ਇਤਰਾਜ਼ ਪ੍ਰਗਟ ਕਰਦਿਆਂ ਮੋਦੀ ਸਮੁੱਚੇ ਰਵੱਈਏ ਤੇ ਲਹਿਜ਼ੇ ਨੂੰ ਕਰੜੇ ਹੱਥੀਂ ਲਿਆ ਹੈ। ਉਨ੍ਹਾ ਕਿਹਾ ਕਿ ਇਹ ਦੇਖ-ਸੁਣ ਕੇ ਹੈਰਾਨੀ ਹੁੰਦੀ ਹੈ ਕਿ ਪ੍ਰਧਾਨ ਮੰਤਰੀ ਦੇ ਅਹੁਦੇ ‘ਤੇ ਬੈਠਾ ਕੋਈ ਵਿਅਕਤੀ ਐਨੀ ਹੋਛੀ ਭਾਸ਼ਾ ਦਾ ਇਸਤੇਮਾਲ ਕਿਵੇਂ ਕਰ ਸਕਦਾ ਹੈ। ਉਨ੍ਹਾਂ ਕਿਹਾ ਕਿ ਕਿਸੇ ਵੀ ਆਗੂ ਨੇ ਪ੍ਰਧਾਨ ਮੰਤਰੀ ਦੇ ਅਹੁਦੇ ‘ਤੇ ਹੁੰਦਿਆਂ ਆਪਣੇ ਵਿਰੋਧੀਆਂ ਲਈ ਇਹੋ ਜਿਹੀ ਭਾਸ਼ਾ ਨਹੀਂ ਵਰਤੀ ਜਿਵੇਂ ਸ੍ਰੀ ਮੋਦੀ ਨਿੱਤ ਦਿਨ ਕਰਦੇ ਆ ਰਹੇ ਹਨ, ਦੇਸ਼ ਲਈ ਇਹ ਸ਼ੁਭ ਨਹੀਂ ਹੈ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਸਾਬਕਾ ਪ੍ਰਧਾਨ ਮੰਤਰੀ ਨੇ ਮੋਦੀ ਸਰਕਾਰ ਦੀਆਂ ‘ਤਬਾਹਕੁਨ ਨੀਤੀਆਂ ਤੇ ਆਰਥਿਕ ਬਦਇੰਤਜ਼ਾਮੀ’ ਦੀ ਵੀ ਤਿੱਖੀ ਅਲੋਚਨਾ ਕਰਦਿਆਂ ਕਿਹਾ ਕਿ ਦੇਸ਼ ਅਜਿਹੇ ਸੰਕਟਾਂ ਵੱਲ ਵਧ ਰਿਹਾ ਹੈ ਜੋ ਟਾਲੇ ਜਾ ਸਕਦੇ ਸਨ। ਬੈਂਕ ਘੁਟਾਲਿਆਂ ਦਾ ਜ਼ਿਕਰ ਕਰਦਿਆਂ ਮਨਮੋਹਨ ਸਿੰਘ ਨੇ ਕਿਹਾ ਕਿ ਸਤੰਬਰ 2013 ਵਿੱਚ ਜੋ 28416 ਕਰੋੜ ਰੁਪਏ ਦੇ ਫਰਾਡ ਹੋਏ ਸਨ ਤਾਂ ਸਤੰਬਰ 2017 ਵਿੱਚ ਇਹ ਘੁਟਾਲੇ ਵਧ ਕੇ 1.11 ਕਰੋੜ ਰੁਪਏ ਹੋ ਗਏ। ਇਸ ਦੌਰਾਨ ਘੁਟਾਲੇਬਾਜ਼ਾਂ ਨੂੰ ਬਚ ਕੇ ਨਿਕਲਣ ਦਿੱਤਾ ਗਿਆ। ਡਾ. ਮਨਮੋਹਨ ਸਿੰਘ ਨੇ ਕਿਹਾ ਕਿ, “ਮੈਂ ਬਹੁਤ ਹੀ ਜ਼ਿੰਮੇਵਾਰੀ ਨਾਲ ਕਹਿਣਾ ਚਾਹੁੰਦਾ ਹਾਂ ਕਿ ਮੋਦੀ


ਬਾਕੀ ਸਫ਼ਾ 29 ’ਤੇ


# ਪੰਜਾਬ ਦੀ ਕੈਪਟਨ ਸਰਕਾਰ ਹੋ ਚੁੱਕੀ ਹੈ ਠੁੱਸ

- **ਸਿੱਖ ਇਤਿਹਾਸ ਬਾਰੇ ਸਿਲੇਬਸ ’ਚ ਹੇਰ ਫੇਰ ਕਾਰਨ ਕੈਪਟਨ ਸਰਕਾਰ ਨੂੰ ਖਾਲਸਾ ਪੰਥ ਦੀ ਚੁਣੌਤੀ ਦਾ ਕਰਨਾ ਪੈ ਰਿਹਾ ਏ ਸਾਹਮਣਾ**




**ਚੰਡੀਗੜ੍ਹ/ਬਿਊਰੋ ਨਿਊਜ਼,** ਪੂਰੇ ਦੇਸ ਵਿੱਚ ਸਿਰਫ਼ ਪੰਜਾਬ ਅਜਿਹਾ ਸੂਬਾ ਹੈ ਜਿੱਥੇ ਕਾਂਗਰਸ ਪਾਰਟੀ ਸਭ ਤੋਂ ਮਜ਼ਬੂਤ ਹੈ ਤੇ ਬਹੁਮਤ ਨਾਲ ਸੱਤਾ ਵਿਚ ਹੈ। ਪਰ ਦਿਲਚਸਪ ਗੱਲ ਇਹ ਹੈ ਕਿ ਏਨਾ ਸਭ ਹੋਣ ਦੇ ਬਾਵਜੂਦ ਵੀ ਪੰਜਾਬ ਕਾਂਗਰਸ ਆਪਣੇ ਆਪ ਨੂੰ ਮਾਡਲ ਦੀ ਤਰਜ ’ਤੇ ਨਹੀਂ ਰੱਖ ਸਕੀ। ਕੈਪਟਨ ਅਮਰਿੰਦਰ ਸਿੰਘ ਦੀ ਪੰਜਾਬ ਦੇ ਮੁੱਖ ਮੰਤਰੀ ਵਜੋਂ ਇਹ ਦੂਜੀ ਪਾਰੀ ਜੱਦੋਜਹਿਦ ਭਰੇ 13 ਮਹੀਨਿਆਂ ਵਿਚੋਂ ਲੰਘੀ ਹੈ।

ਕੈਪਟਨ ਸਰਕਾਰ ਕਿੰਨੀ ਜੱਦੋਜਹਿਦ ਵਿੱਚ ਹੈ ਇਸ ਦਾ ਤਾਜ਼ਾ ਉਦਾਹਰਣ ਸ਼ਾਹਕੋਟ ਜ਼ਿਮਨੀ ਦੇਖਣ ਤੋਂ ਮਿਲਦਾ ਹੈ। ਪੰਜਾਬ ਵਿਧਾਨ ਸਭਾ ਦੀ ਸ਼ਾਹਕੋਟ ਜ਼ਿਮਨੀ ਚੋਣ ਹੁਕਮਰਾਨ ਕਾਂਗਰਸ ਤੇ ਸ਼੍ਰੋਮਣੀ ਅਕਾਲੀ ਦਲ ਵਾਸਤੇ ਵੱਡੀ ਚੁਣੌਤੀ ਮੰਨੀ ਜਾਂਦੀ ਹੈ, ਪਰ ਜੋ ਕੁਝ ਕਾਂਗਰਸ ਨਾਲ ਵਾਪਰਿਆ ਹੈ, ਉਹ ਕਿਸੇ ਤਮਾਸ਼ੇ ਤੋਂ ਘੱਟ ਨਹੀਂ। ਪਾਰਟੀ ਨੇ ਇੱਕ ਦਿਨ ਪਹਿਲਾਂ ਮੁਕਾਮੀ ਆਗੂ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ ਨੂੰ ਉਮੀਦਵਾਰ ਐਲਾਨਿਆ। ਪਰ ਇਸ ਐਲਾਨ ਦੇ 24 ਘੰਟਿਆਂ ਦੇ ਅੰਦਰ ਸ਼ਾਹਕੋਟ ਦੇ ਹੀ ਥਾਣਾ ਮੁਖੀ ਨੇ ਉਸ ਖ਼ਿਲਾਫ਼ ਰੇਤੇ ਦੀ ਨਾਜਾਇਜ਼ ਮਾਈਨਿੰਗ ਦੇ ਦੋਸ਼ਾਂ ਹੇਠ ਐੱਫ਼ਆਈਆਰ ਦਰਜ ਕਰ ਦਿੱਤੀ। ਐੱਫ਼ਆਈਆਰ ਦਰਜ ਕਰਨ ਵਾਲੇ ਇਸ ਥਾਣਾ ਮੁਖੀ ’ਤੇ ਜਦੋਂ ਦਬਾਅ ਪਿਆ ਤਾਂ ਉਸ ਨੇ ਪੁਲੀਸ ਦੀ ਨੌਕਰੀ ਤੋਂ ਅਸਤੀਫ਼ਾ ਦੇ ਦਿੱਤਾ। ਫਿਰ ਬਦਨਾਮੀ ਟਾਲਣ ਲਈ ਜਲੰਧਰ ਦੇ ਜ਼ਿਲ੍ਹਾ ਪੁਲੀਸ ਮੁਖੀ ਰਾਹੀਂ ਉਸ ਉੱਪਰ ਅਸਤੀਫ਼ਾ ਵਾਪਸ ਲੈਣ ਲਈ ਦਬਾਅ ਪਾਇਆ ਗਿਆ। ਯਾਦ ਰਹੇ ਕਿ ਹਰਦੇਵ ਸਿੰਘ ਲਾਡੀ ਨੂੰ


ਬਾਕੀ ਸਫ਼ਾ 10 ’ਤੇ


# ਟਰੰਪ ਨੇ ਇਰਾਨ ਨਾਲੋਂ ਪ੍ਰਮਾਣੂ ਸਮਝੌਤਾ ਤੋੜਿਆ



**ਵਾਸ਼ਿੰਗਟਨ/ਬਿਊਰੋ ਨਿਊਜ਼,** ਖਾੜੀ ਮੁਲਕ ਇਰਾਨ ਨਾਲ ਅਮਰੀਕਾ ਦੇ ਆਪਸੀ ਸਬੰਧਾਂ ਵਿਚ ਮੁੜ ਤੋਂ ਕੁੜੱਤਣ ਪੈਦਾ ਹੋਣ ਦੇ ਆਸਾਰ ਵੱਧ ਗਏ ਹਨ। ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਨੇ ਮੁਲਕ ਵੱਲੋਂ ਸਾਬਕਾ ਸਦਰ ਬਰਾਕ ਓਬਾਮਾ ਦੇ ਦੌਰ ’ਚ 2015 ਵਿੱਚ ਇਰਾਨ ਨਾਲ ਕੀਤਾ ਗਿਆ ਇਤਿਹਾਸਕ ਪ੍ਰਮਾਣੂ ਸਮਝੌਤਾ ਤੋੜ ਦਿੱਤਾ ਹੈ। ਜ਼ਿਕਰਯੋਗ ਹੈ ਕਿ ਸ੍ਰੀ ਟਰੰਪ ਲਗਾਤਾਰ ਇਸ ਸਮਝੌਤੇ ਦਾ ਵਿਰੋਧ ਕਰਦੇ ਆ ਰਹੇ ਸਨ। ਉਨ੍ਹਾਂ ਕਿਹਾ, “ਮੈਨੂੰ ਸਾਫ਼ ਹੈ ਕਿ ਅਸੀਂ ਇਰਾਨ ਦਾ ਪਰਮਾਣੂ ਬੰਬ ਨਹੀਂ ਰੋਕ ਸਕਦੇ। ਇਸ ਲਈ ਮੈਂ ਅਮਰੀਕਾ ਨੂੰ ਸਮਝੌਤੇ ਤੋਂ ਬਾਹਰ ਕੱਢ ਰਿਹਾ ਹਾਂ।” ਅਮਰੀਕੀ ਰਾਸ਼ਟਰਪਤੀ ਦੀ ਇਸ ਕਾਰਵਾਈ ਨੇ ਦੋਵਾਂ ਦੇਸ਼ਾਂ ਵਿਚਾਲੇ ਸੁਖਾਵੇਂ ਹੋਏ ਸਬੰਧਾਂ ਨੂੰ ਭਾਰੀ ਠੇਸ ਪਹੁੰਚਾਈ ਹੈ। ਜੇਕਰ ਇਰਾਨ ਵਲੋਂ ਆਪਣੇ ਬੰਦ ਪਏ ਪ੍ਰਮਾਣੂ ਪ੍ਰੋਗਰਾਮ ਨੂੰ ਮੁੜ ਤੋਂ ਸ਼ੁਰੂ ਕਰਨ ਦਾ ਕੋਈ ਕਦਮ ਚੁੱਕਿਆ ਗਿਆ ਤਾਂ ਇਸ ਦਾ ਕਾਰਨ ਅਮਰੀਕਾ ਦੁਆਰਾ ਇਰਾਨ ਨਾਲ ਕੀਤਾ ਗਿਆ ਅਹਿਮ ਪ੍ਰਮਾਣੂ ਸਮਝੌਤਾ ਤੋੜ ਦੇਣਾ ਮੰਨਿਆ ਜਾਵੇਗਾ।

















ਉਡੀਕਾਂ ਖ਼ਤਮ
ਹੁਣ ਘਰ ਬੈਠੇ ਅਪਣੇ ਪਰਿਵਾਰ ਤੇ ਦੋਸਤਾਂ ਮਿੱਤਰਾਂ
ਨਾਲ ਵੇਖੋ
ਅਪਣੀ ਪਸੰਦੀਦਾ ਹਾਲੀਵੁੱਡ ਫਿਲਮ
No More Wait
You can watch your favorite
Historical Hollywood Movie
Now at Home
The Black Prince
(ਸਿੱਖ ਰਾਜ ਦੇ ਆਖ਼ਰੀ ਮਹਾਰਾਜਾ ਦੀ ਦਿਲ ਟੁੰਭਵੀਂ
ਜੀਵਨ ਕਹਾਣੀ ਉੱਤੇ ਆਧਾਰਿਤ)
ਡਿਜੀਟਲ ਤੇ ਡੀਵੀਡੀ ਪ੍ਰਾਪਤ ਕਰਨ ਲਈ
Digital and DVD Available on
www.theblackprince.com
Digital platforms;
put logos of Amazon , iTunes, Google Play, Sony PSX, Microsoft Xbox, Fandango now
amazon
iTunes
Google play
PLAYSTATION Network
XBOX
FANDANGONOW

# ਉਘੇ ਪ੍ਰਚਾਰਕ ਤੇ ਸਿੱਖ ਵਿਦਵਾਨ ਉੱਤੇ ਹਮਲਾ ਬੇਹੱਦ ਨਿੰਦਣਯੋਗ-ਏਜੀਪੀਸੀ

### *'ਸਿੱਖਾਂ ਦੀ ਆਪਸੀ ਫੁਟ ਵਾਲੀਆਂ ਅਜਿਹੀਆਂ ਭੜਕਾਊ ਹਰਕਤਾਂ ਸਿੱਖ ਕੌਮ ਲਈ ਖ਼ਤਰਾ'*

**ਫਰੀਮਾਂਟ/ਬਿਊਰੋ ਨਿਊਜ਼ :** ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ (ਏਜੀਪੀਸੀ) ਨੇ ਇੰਗਲੈਂਡ ਦੇ ਸ਼ਹਿਰ ਸਾਊਥ ਹਾਲ ਦੇ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਪਾਰਕ ਐਵੀਨਿਊ ਵਿਖੇ ਇਕ ਉਘੇ ਪ੍ਰਚਾਰਕ ਤੇ ਸਿੱਖ ਵਿਦਵਾਨ 'ਤੇ ਹੋਏ ਹਮਲੇ ਦਾ ਦੁਖ ਜਾਹਿਰ ਕਰਦਿਆਂ ਕਿਹਾ ਕਿ ਇਹ ਅਤਿ ਨਿੰਦਣਯੋਗ ਘਟਨਾ ਹੈ। ਕਮੇਟੀ ਦਾ ਕਹਿਣਾ ਹੈ ਕਿ ਜੇਕਰ ਕਿਸੇ ਪਾਰਟੀ, ਧਾਰਮਿਕ ਜਾਂ ਹੋਰ ਜਥੇਬੰਦੀਆਂ ਦਾ ਆਪਸੀ ਮਨ-ਮੁਟਾਵ ਹੈ ਤਾਂ ਇਸ ਮਿਲ ਬੈਠ ਕੇ ਸੁਲਝਾਉਣਾ ਚਾਹੀਦਾ ਹੈ ਨਾ ਕਿ ਇਸ ਤਰ੍ਹਾਂ ਹਮਲਾ ਕਰਕੇ।

ਏਜੀਪੀਸੀ ਦੇ ਪ੍ਰਧਾਨ ਸ. ਜਸਵੰਤ ਸਿੰਘ ਹੋਠੀ ਅਤੇ ਕੋਆਰਡੀਨੇਟਰ ਡਾ.ਪ੍ਰਿਤਪਾਲ ਸਿੰਘ ਨੇ ਆਪਣੇ ਸਾਂਝੇ ਬਿਆਨ 'ਚ ਕਿਹਾ ਕਿ ਨਾਮਵਰ ਪ੍ਰਚਾਰਕ ਤੇ ਸਿੱਖ ਵਿਦਵਾਨ ਭਾਈ ਅਮਰੀਕ ਸਿੰਘ ਚੰਡੀਗੜ੍ਹ ਵਾਲਿਆਂ ਉੱਤੇ ਇੰਗਲੈਂਡ ਦੇ ਸ਼ਹਿਰ ਸਾਊਥਹਾਲ ਦੇ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਪਾਰਕ ਐਵੀਨਿਊ 'ਚ ਜੋ ਇਕ ਧਾਰਮਿਕ ਜਥੇਬੰਦੀ ਹੈ, ਦੇ ਮੈਂਬਰ ਵੱਲੋਂ ਹਮਲਾ ਕੀਤਾ ਗਿਆ ਹੈ ਉਹ ਬਹੁਤ ਹੀ ਮਾੜਾ ਕਾਰਾ ਹੈ। ਉਨ੍ਹਾਂ ਕਿਹਾ ਕਿ ਕੀਤੇ ਹਮਲੇ ਦੌਰਾਨ ਭਾਈ ਅਮਰੀਕ ਸਿੰਘ ਦੀ ਦਸਤਾਰ ਲਾਹ ਦਿੱਤੀ ਗਈ ਅਤੇ ਸਿਰ 'ਚ ਕੜੇ ਮਾਰੇ ਗਏ। ਉਨ੍ਹਾਂ ਇਸ ਹਮਲੇ 'ਤੇ ਨਿੰਦਾ ਕਰਦਿਆਂ ਕਿਹਾ ਕਿ ਸਿੱਖਾਂ ਦੀ ਇਹ ਆਪਸੀ ਫੁਟ ਸਮੂਹ ਕੌਮ ਲਈ ਸ਼ਰਮਸਾਰ ਹੈ। ਅਮਰੀਕਨ ਸਿੱਖ ਆਗੂਆਂ ਨੇ ਸਿੱਖ ਇਤਿਹਾਸ 'ਤੇ ਝਾਤ ਮਾਰਦਿਆ ਕਿਹਾ ਕਿ ਗੁਰੂ ਸਾਹਿਬਾਨ ਨੇ ਜਬਰ-ਜੁਲਮ ਦੇ ਟਾਕਰੇ ਅਤੇ ਮਜ਼ਲੂਮਾਂ ਦੀ ਰੱਖਿਆ ਲਈ ਇਕ ਵੱਖਰੀ 'ਸਿੱਖ ਕੌਮ' ਸਜਾਈ ਸੀ ਅਤੇ ਜੇਕਰ ਸਿੱਖ ਹੀ ਆਪਸ 'ਚ ਇਕ ਦੂਸਰੇ ਨਾਲ ਖੁੰਦਕ ਰੱਖੇ ਆਪਣੇ ਗਿਲੇ-ਸ਼ਿਕਵੇ ਇਵੇਂ ਇਕ-ਦੂਸਰੇ 'ਤੇ ਹਮਲਾ ਕਰਕੇ ਪੱਗ ਲਾਹ ਕੇ ਜਾਹਿਰ ਕਰਨਗੇ ਤਾਂ ਸਿੱਖ ਧਰਮ ਖ਼ਤਰੇ 'ਚ ਆ ਜਾਵੇਗਾ ਜੋ ਕਿ ਮਰਿਯਾਦਾ ਦੇ ਉਲਟ ਹੈ। ਦੋਹਾਂ ਸਿੱਖ ਲੀਡਰਾਂ ਨੇ ਕਿਹਾ ਕਿ ਸਿੱਖ ਵਿਦਵਾਨ ਕੌਮ ਦਾ ਸਰਮਾਇਆ ਅਤੇ ਜ਼ਿੰਮੇਵਾਰ ਇਨਸਾਨ ਹੁੰਦੇ ਹਨ। ਉਨ੍ਹਾਂ ਸਮੂਹ ਧਾਰਮਿਕ ਜਥੇਬੰਦੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਕਿਸੇ ਨਾਲ ਅਜਿਹਾ ਕੋਈ ਆਪਸੀ ਮਤਭੇਦ ਹੈ ਤਾਂ ਉਸ ਨੂੰ ਮਿਲ-ਬੈਠ ਕੇ ਨਿਪਟਾਇਆ ਜਾਵੇ ਨਾ ਕਿ ਇਵੇਂ ਦੀ ਹਮਲੇ ਕਰਕੇ ਪੱਗਾਂ ਲਾਹ ਕੇ ਲੋਕ ਵਿਖਾਵਾ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਇਸ ਘਟਨਾ ਨਾਲ ਸਿੱਖਾਂ ਦੀ ਇਹ ਭਰਾ ਮਾਰੂ ਜੰਗ ਸਿੱਖ ਕੌਮ ਲਈ ਮਾਰੂ ਸਿੱਧ ਹੋ ਰਹੀ ਹੈ, ਕਿਉਂਕਿ ਇਕਜੁਟਤਾ ਨਾਲ ਆਪਣੇ ਹੱਕਾਂ ਦੀ ਰਾਖੀ ਲਈ ਸਿੱਖ ਕੌਮ ਪਛੜ ਜਾਵੇਗੀ।

# ਢਾਡੀ ਜਥਿਆਂ ਦਾ ਵਿਵਾਦ ਹੱਲ : ਅਕਾਲ ਤਖ਼ਤ ਸਾਹਮਣੇ ਮੁੜ ਸਜਣਗੇ ਦੀਵਾਨ

**ਅੰਮ੍ਰਿਤਸਰ/ ਬਿਊਰੋ ਨਿਊਜ਼ :** ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਹਮਣੇ ਚਿਰਾਂ ਤੋਂ ਚਲੇ ਆ ਰਹੇ ਸਿੱਖਾਂ ਦੀ ਤਰਜ਼-ਏ-ਜ਼ਿੰਦਗੀ ਨੂੰ ਪੇਸ਼ ਕਰਨ ਦੇ ਢੱਡ ਸਾਰੰਗੀ ਵਾਲੇ ਸੰਗੀਤਕ ਅੰਦਾਜ਼ ਨੂੰ ਲੱਗੀਆਂ ਬਰੇਕਾਂ ਹਟ ਗਈਆਂ ਹਨ। ਢਾਡੀ ਵਾਰਾਂ ਦਾ ਗਾਇਨ ਕਰਕੇ ਸੰਗਤ ਨੂੰ ਸਿੱਖ ਇਤਿਹਾਸ ਤੋਂ ਜਾਣੂ ਕਰਾਉਂਦੇ ਢਾਡੀ ਜਥਿਆਂ ਦੀਆਂ ਦੋ ਧਿਰਾਂ ਵਿਚਾਲੇ ਗਾਇਨ ਦੇ ਸਮੇਂ ਨੂੰ ਲੈ ਕੇ ਵਿਵਾਦ ਕਾਰਨ ਅਕਾਲ ਤਖ਼ਤ ਸਾਹਿਬ ਨੇ ਦਖਲ ਦੇ ਕੇ ਮਾਮਲਾ ਹੱਲ ਕਰ ਦਿਤਾ ਹੈ। ਅਕਾਲ ਤਖ਼ਤ ਦੇ ਜਥੇਦਾਰ ਦੇ ਨਿੱਜੀ ਸਹਾਇਕ ਸਤਿੰਦਰਪਾਲ ਸਿੰਘ ਨੇ ਦੱਸਿਆ ਕਿ ਮੁੜ ਤੋਂ ਢਾਡੀ ਜਥਿਆਂ ਵੱਲੋਂ ਗਾਇਨ ਸ਼ੁਰੂ ਹੋ ਜਾਵੇਗਾ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਵੱਲੋਂ ਅੱਜ ਦੋਵਾਂ ਢਾਡੀ ਸਭਾਵਾਂ ਦੇ ਆਗੂਆਂ ਨਾਲ ਗੱਲਬਾਤ ਕਰ ਕੇ ਚੱਲ ਰਹੇ ਝਗੜੇ ਨੂੰ ਹੱਲ ਕਰ ਦਿੱਤਾ ਗਿਆ ਹੈ ਅਤੇ ਭਵਿੱਖ ਵਿੱਚ ਸਮੂਹ ਢਾਡੀ ਜਥਿਆਂ ਨੂੰ ਢਾਡੀ ਦਰਬਾਰ ਲਾਉਣ ਵਾਸਤੇ ਬਰਾਬਰ ਦਾ ਸਮਾਂ ਦਿੱਤਾ ਜਾਵੇਗਾ। ਇੱਕ ਮਈ ਤੋਂ ਬੰਦ ਹੋਏ ਢਾਡੀ ਦੀਵਾਨ ਭਲਕੇ 9 ਮਈ ਤੋਂ ਅਕਾਲ ਤਖ਼ਤ ਦੇ ਸਾਹਮਣੇ ਮੁੜ ਪਹਿਲਾਂ ਵਾਂਗ ਸ਼ੁਰੂ ਹੋ ਜਾਣਗੇ।

ਅਕਾਲ ਤਖ਼ਤ ਦੇ ਸਕੱਤਰੇਤ ਵਿਖੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਵੱਲੋਂ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਸ਼੍ਰੋਮਣੀ ਢਾਡੀ ਸਭਾ ਅਤੇ ਮੀਰੀ ਪੀਰੀ ਢਾਡੀ ਸਭਾ ਦੇ ਆਗੂਆਂ ਨੂੰ ਸੱਦਿਆ ਗਿਆ। ਇਸ ਮੀਟਿੰਗ ਦੌਰਾਨ ਧਰਮ ਪ੍ਰਚਾਰ ਕਮੇਟੀ ਦੇ ਸਕੱਤਰ ਬਲਵਿੰਦਰ ਸਿੰਘ ਜੌੜਾ ਸਿੰਘਾ ਤੇ ਹੋਰ ਅਧਿਕਾਰੀ ਵੀ ਸ਼ਾਮਲ ਸਨ। ਢਾਡੀ ਸਭਾਵਾਂ ਦੇ ਗਿਲੇ ਸ਼ਿਕਵੇ ਸੁਣਨ ਮਗਰੋਂ ਮਸਲੇ ਨੂੰ ਹੱਲ ਕਰਨ ਲਈ ਇੱਕ ਤਜਵੀਜ਼ ਪੇਸ਼ ਕੀਤੀ ਗਈ, ਜਿਸ ਤਹਿਤ ਢਾਡੀ ਸਭਾਵਾਂ ਦੀ ਥਾਂ ਹੁਣ ਨਿੱਜੀ ਤੌਰ 'ਤੇ ਢਾਡੀ ਜਥਿਆਂ ਨੂੰ ਬਰਾਬਰ ਸਮਾਂ ਦਿੱਤਾ ਜਾਵੇਗਾ।

ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਦੇ ਨਿੱਜੀ ਸਹਾਇਕ ਭੁਪਿੰਦਰ ਸਿੰਘ ਨੇ



ਦੱਸਿਆ ਕਿ ਜਥੇਦਾਰ ਵੱਲੋਂ ਦੋਵਾਂ ਧਿਰਾਂ ਨੂੰ ਹਦਾਇਤ ਕੀਤੀ ਗਈ ਹੈ, ਜਿਸ ਤਹਿਤ ਭਲਕੇ 9 ਮਈ ਤੋਂ ਅਕਾਲ ਤਖ਼ਤ ਦੇ ਸਾਹਮਣੇ ਪਹਿਲਾਂ ਵਾਂਗ ਢਾਡੀ ਦੀਵਾਨ ਸ਼ੁਰੂ ਹੋ ਜਾਣਗੇ। ਦੋਵੇਂ ਢਾਡੀ ਸਭਾਵਾਂ ਦੇ ਜਥੇ ਤਿੰਨ-ਤਿੰਨ ਦਿਨ ਦੀਵਾਨ ਸਜਾਉਣਗੇ। ਛੇ ਦਿਨਾਂ ਬਾਅਦ ਅਕਾਲ ਤਖ਼ਤ ਦੀ ਹਦਾਇਤ 'ਤੇ ਧਰਮ ਪ੍ਰਚਾਰ ਕਮੇਟੀ ਵੱਲੋਂ ਢਾਡੀ ਜਥਿਆਂ ਦੀ ਡਿਊਟੀ ਲਾਈ ਜਾਵੇਗੀ, ਜਿਸ ਮੁਤਾਬਕ ਜਥੇ ਢਾਡੀ ਦੀਵਾਨ ਲਾਉਣਗੇ ਅਤੇ ਸਾਰਿਆਂ ਨੂੰ ਬਰਾਬਰ ਸਮਾਂ ਮਿਲੇਗਾ। ਧਰਮ ਪ੍ਰਚਾਰ ਕਮੇਟੀ ਦੇ ਸਕੱਤਰ ਬਲਵਿੰਦਰ ਸਿੰਘ ਜੌੜਾਸਿੰਘਾ ਨੇ ਦੱਸਿਆ ਕਿ ਨੇ ਦਿਨਾਂ ਮਗਰੋਂ ਅਕਾਲ ਤਖ਼ਤ ਦੇ ਜਥੇਦਾਰ ਵੱਲੋਂ ਇਸ ਸਬੰਧ ਵਿੱਚ ਜੋ ਵੀ ਹਦਾਇਤ ਕੀਤੀ ਜਾਵੇਗੀ, ਉਸ ਮੁਤਾਬਕ ਢਾਡੀ ਜਥਿਆਂ ਦੀਆਂ ਡਿਊਟੀਆਂ ਲਾਈਆਂ ਜਾਣਗੀਆਂ। ਇਨ੍ਹਾਂ ਛੇ ਦਿਨਾਂ ਦੌਰਾਨ ਦੋਵੇਂ ਢਾਡੀ ਸਭਾਵਾਂ ਆਪੋ-ਆਪਣੇ ਢਾਡੀ ਜਥਿਆਂ ਦੇ ਨਾਵਾਂ ਦੀ ਸੂਚੀ ਸੌਂਪ ਦੇਣਗੇ। ਇਸ ਮਗਰੋਂ ਅਕਾਲ ਤਖ਼ਤ ਦੇ ਜਥੇਦਾਰ ਵੱਲੋਂ ਯੋਗ ਢਾਡੀ ਜਥਿਆਂ ਦੀ ਚੋਣ ਕਰਕੇ ਡਿਊਟੀ

ਬਾਕੀ ਸਫ਼ਾ 29 'ਤੇ

## ਸਾਨਫਰਾਂਸਿਸਕੋ 'ਚ 10 ਜੂਨ 2018 ਨੂੰ ਸਜਾਏ ਜਾਣ ਵਾਲੇ ਨਗਰ ਕੀਰਤਨ ਦੀਆਂ ਤਿਆਰੀਆਂ ਦਾ ਜਾਇਜ਼ਾ ਲਿਆ

**ਫਰੀਮਾਂਟ/ਬਿਊਰੋ ਨਿਊਜ਼:** ਗੁਰਦੁਆਰਾ ਸਾਹਿਬ ਫਰੀਮਾਂਟ ਵਿਖੇ ਸਮੂਹ ਗੁਰਦੁਆਰਾ ਸਾਹਿਬ ਦੇ ਪ੍ਰਬੰਧਕਾਂ ਅਤੇ ਸੰਗਤਾਂ ਦੀ 5 ਮਈ ਸ਼ਨਿੱਚਰਵਾਰ ਨੂੰ ਹੋਈ ਸਬੰਧੀ ਵਿਸ਼ੇਸ਼ ਮੀਟਿੰਗ ਧੰਨ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਅਤੇ ਸੰਨ 1984 ਦੇ ਸ਼ਹੀਦਾਂ ਦੀ ਯਾਦ ਵਿਚ ਹਰ ਸਾਲ ਦੀ ਤਰ੍ਹਾਂ 10 ਜੂਨ ਐਤਵਾਰ ਨੂੰ ਸਾਨਫਰਾਂਸਿਸਕੋ 'ਚ ਸਜਾਏ ਜਾਣ ਵਾਲੇ ਪੰਜਵੇਂ ਮਹਾਨ ਸਾਲਾਨਾ ਨਗਰ ਕੀਰਤਨ ਦੀਆਂ ਤਿਆਰੀਆਂ ਸਬੰਧੀ ਵਿਚਾਰਾਂ ਹੋਈਆਂ। ਸੰਗਤਾਂ ਦੀ ਆਮਦ ਨੂੰ ਮੁੱਖ ਰੱਖਦਿਆਂ ਅਤੇ ਨਗਰ ਕੀਰਤਨ ਦੇ ਪ੍ਰਬੰਧਾਂ ਬਾਰੇ ਵਿਚਾਰਾਂ ਹੋਈਆਂ। ਪਿਛਲੇ ਸਮੇਂ ਅੰਦਰ ਰਹਿ ਗਈਆਂ ਤਰੁੱਟੀਆਂ ਬਾਰੇ ਵਿਸ਼ੇਸ਼ ਧਿਆਨ ਦਿੱਤਾ ਗਿਆ। ਖਾਸ ਕਰਕੇ ਅਨੁਸ਼ਾਸ਼ਨ ਅਤੇ ਸਫ਼ਾਈ ਬਾਰੇ ਵਿਸ਼ੇਸ਼ ਵਿਚਾਰਾਂ ਹੋਈਆਂ। ਮੀਟਿੰਗ ਤੋਂ ਬਾਅਦ ਪ੍ਰਬੰਧਕਾਂ ਵਲੋਂ ਕੈਲੀਫੋਰਨੀਆ ਦੇ ਸਮੂਹ ਗੁਰਦੁਆਰਿਆਂ ਅਤੇ ਸਿੱਖ ਸੰਗਤਾਂ ਨੂੰ ਬੇਨਤੀ ਕੀਤੀ ਗਈ ਕਿ ਗੁਰੂ ਸਾਹਿਬਾਨ ਦੀ ਸ਼ਹਾਦਤ ਅਤੇ ਹਰਿਮੰਦਰ ਸਹਿਬ, ਅਕਾਲ ਤਖ਼ਤ ਸਾਹਿਬ ਦੀ ਪਵਿੱਤਰਤਾ ਨੂੰ ਕਾਇਮ ਰੱਖਦਿਆਂ ਹੋਇਆਂ ਸ਼ਹੀਦੀਆਂ ਪ੍ਰਾਪਤ ਕਰਨ ਵਾਲੇ ਸ਼ਹੀਦਾਂ ਦੇ ਡੁੱਲ੍ਹੇ ਲਹੂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਨ ਲਈ ਵੱਧ ਚੜ੍ਹ ਕੇ ਹਾਜ਼ਰੀਆਂ ਭਰੀਆਂ ਜਾਣ। ਇਹ ਵੀ ਦੱਸਿਆ ਗਿਆ ਕਿ ਆਉਣ ਵਾਲੇ ਦਿਨਾਂ ਅੰਦਰ ਅਖ਼ਬਾਰਾਂ, ਰੇਡੀਓ ਅਤੇ ਟੈਲੀਵਿਜ਼ਨ ਰਾਹੀਂ ਨਗਰ ਕੀਰਤਨ ਦੇ ਰੂਟ ਬਾਰੇ ਪਾਰਕਿੰਗ ਸਮੇਤ ਹੋਰਨਾਂ ਪੱਖਾਂ ਬਾਰੇ ਜਾਣਕਾਰੀ ਦਿੱਤੀ ਜਾਵੇਗੀ। ਵੱਖੋ ਵੱਖਰੇ ਗੁਰਦੁਆਰਾ ਸਾਹਿਬਾਨ ਵਲੋਂ ਸੰਗਤਾਂ ਦੀ ਸਹੂਲਤ ਲਈ ਬੱਸਾਂ ਦਾ ਵਿਸ਼ੇਸ਼ ਪ੍ਰਬੰਧ ਕੀਤਾ ਜਾਵੇਗਾ। ਸਭ ਸਿੱਖ ਸੰਗਤ ਨੂੰ ਸੱਦਾ ਗਿਆ ਕਿ ਜਿਨ੍ਹਾਂ ਨੇ ਆਪਣੀ ਕੌਮ ਦੇ ਭਵਿੱਖ ਲਈ ਆਪਣੇ ਲਹੂ ਦਾ ਕਤਰਾ ਕਤਰਾ ਵਹਾ ਦਿੱਤਾ, ਆਓ ਉਨ੍ਹਾਂ ਮਹਾਨ ਸ਼ਹੀਦਾਂ ਦੀ ਯਾਦ ਵਿਚ ਜੁੜ ਕੇ ਆਪਣੇ ਫਰਜ਼ ਨੂੰ ਅਦਾ ਕਰੀਏ ਅਤੇ ਵੱਧ ਚੜ੍ਹ ਕੇ ਹਾਜ਼ਰੀਆਂ ਭਰਨ ਦੇ ਯਤਨ ਕੀਤੇ ਜਾਣ।




# ਘੱਲੂਘਾਰਾ 1984 ਦੇ ਸ਼ਹੀਦਾਂ ਦੀ ਯਾਦ 'ਚ ਰੋਸ ਮੁਜਾਹਰਾ 3 ਜੂਨ ਨੂੰ

## ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਯੂ.ਕੇ. ਵਲੋਂ ਸਭਨਾਂ ਨੂੰ ਲੰਡਨ 'ਚ ਇਕੱਠੇ ਹੋਣ ਦਾ ਸੱਦਾ

**ਲੰਡਨ/ਬਿਊਰੋ ਨਿਊਜ਼:** ਬਰਤਾਨੀਆ ਵਿੱਚ ਅਜ਼ਾਦ ਰਾਜ ਖਾਲਿਸਤਾਨ ਦੇ ਨਿਸ਼ਾਨੇ ਨੂੰ ਸਮਰਪਤਿ ਅਤੇ ਯਤਨਸ਼ੀਲ ਸਿੱਖ ਜਥੇਬੰਦੀਆਂ ਦੇ ਸਾਂਝੇ ਸੰਗਠਨ ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਯੂ,ਕੇ ਵਲੋਂ 3 ਜੂਨ ਵਾਲੇ ਦਿਨ ਲੰਡਨ ਵਿੱਚ ਵੱਡੀ ਪੱਧਰ ਤੇ ਰੋਸ ਮੁਜਾਹਰਾ ਕੀਤਾ ਜਾ ਰਿਹਾ ਹੈ । ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਦੇ ਕੋਆਰਡੀਨੇਟਰਜ਼ ਭਾਈ ਕੁਲਦੀਪ ਸਿੰਘ ਚਹੇੜੂ,ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਅਤੇ ਭਾਈ ਜੋਗਾ ਸਿੰਘ ਨੇ ਇੰਗਲੈਂਡ ਭਰ ਦੀਆਂ ਸਿੱਖ ਸੰਗਤਾਂ ਰੋਸ ਮੁਜਾਹਰੇ ਵਿੱਚ ਡੱਟ ਕੇ ਸਾਥ ਦੇਣ ਦੀ ਅਪੀਲ ਕੀਤੀ ਹੈ । ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਯੂ. ਕੇ. ਵਲੋਂ ਸਿੱਖ ਜਗਤ ਨੂੰ ਸੱਦਾ ਗਿਆ ਹੈ ਕਿ ਉਹ ਆਪੋ ਆਪਣੇ ਦੇਸ਼ਾਂ, ਸ਼ਹਿਰਾਂ, ਪਿੰਡਾਂ ਅਤੇ ਕਸਬਿਆਂ ਵਿੱਚ ਸਿੱਖ ਤਵਾਰੀਖ ਵਿੱਚ ਵਾਪਰੇ ਇਸ ਤੀਸਰੇ ਖੂਨੀ ਘੱਲੂਘਾਰੇ ਦੀ ਯਾਦ ਅੰਦਰ ਰੋਸ ਅਤੇ ਰੋਹ ਦਾ ਪ੍ਰਗਟਾਵਾ ਕਰਦੇ ਹੋਏ ਅਜਾਦ ਸਿੱਖ ਰਾਜ ਖਾਲਿਸਤਾਨ ਪ੍ਰਤੀ ਵਚਨਬੱਧ ਜਰੂਰ ਹੋਣ । ਲੰਡਨ ਵਿਖੇ ਹੋ ਰਹੇ ਮੁਜਾਹਰੇ ਦੌਰਾਨ 3 ਜੂਨ ਐਤਵਾਰ ਨੂੰ ਸਵੇਰੇ 11:00 ਵਜੇ ਸਿੱਖ ਸੰਗਤਾਂ ਵੱਖ ਸ਼ਹਿਰਾਂ ਤੋਂ ਹਾਈਡ ਪਾਰਕ ਲੰਡਨ ਵਿਖੇ ਕਾਰਾਂ ਅਤੇ ਕੋਚਾਂ ਦੇ ਕਾਫਲਿਆਂ ਰਾਹੀਂ ਪੁੱਜਣਗੀਆਂ ਜਿੱਥੇ ਦੋ ਘੰਟੇ ਸਟੇਜ ਦੀ ਕਾਰਵਾਈ ਚਲਾਈ ਜਾਵੇਗੀ ਉਪਰੰਤ ਵਿਸ਼ਾਲ ਮਾਰਚ ਲੰਡਨ ਦੀਆਂ ਸੜਕਾਂ ਤੇ ਚਾਲੇ ਪਾਵੇਗਾ। ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਨੇ ਇੱਥੇ ਜਾਰੀ ਇੱਕ ਲਿਖਤੀ ਪ੍ਰੈਸ ਬਿਆਨ 'ਚ ਕਿਹਾ ਕਿ ਭਾਰਤ ਸਰਕਾਰ ਵਲੋਂ ਟੈਂਕਾਂ ਅਤੇ ਤੋਪਾਂ ਨਾਲ ਭਾਰਤੀ ਫੌਜ ਦੁਆਰਾ ਸੱਚ ਖੰਡ ਸ੍ਰੀ ਦਰਬਾਰ ਸਾਹਿਬ ਤੇ ਕੀਤੇ ਗਏ ਖੂਨੀ ਘੱਲੂਘਾਰੇ ਨੂੰ ਸਿੱਖ ਕੌਮ ਕਦੇ ਵੀ ਭੁੱਲ ਨਹੀਂ ਸਕਦੀ ਬਲਕਿ ਇਸ ਨਾਲ ਸਿਰਜੇ ਗਏ ਅਜਾਦ ਸਿੱਖ ਰਾਜ ਖਾਲਿਸਤਾਨ ਦੇ ਨਿਸ਼ਾਨੇ ਪ੍ਰਤੀ ਯਤਨਸ਼ੀਲ ਰਹੇਗੀ । ਦੁਨੀਆਂ ਭਰ ਵਿੱਚ ਵਸਦੇ ਹਰ ਸਿੱਖ ਦਾ ਫਰਜ਼ ਹੈ ਕਿ ਉਹ ਇਸ ਖੂਨੀ ਘੱਲੂਘਾਰੇ ਦੀ ਯਾਦ ਨੂੰ ਇੱਕ ਜ਼ਖਮ ਦੀ ਨਿਆਂਈਂ ਸਮਝਦਾ ਹੋਇਆ ਇਸਦੇ ਦੇ ਸਦੀਵੀ ਇਲਾਜ ਰੂਪੀ ਕੌਮੀ ਅਜਾਦੀ ਪ੍ਰਤੀ ਵਚਨਬੱਧ ਹੋਵੇ ।




ਜ਼ਿਕਰਯੋਗ ਹੈ ਸਿੱਖ ਸੰਗਤਾਂ ਦੇ ਸਹਿਯੋਗ ਨਾਲ ਸਿੱਖ ਜਥੇਬੰਦੀਆਂ ਵਲੋ ਹਰ ਸਾਲ ਰੋਸ ਮੁਜਾਹਰਾ ਕੀਤਾ ਜਾਂਦਾ ਹੈ ਜਿਸ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਸਿੱਖ ਸੰਗਤਾਂ ਵਲੋਂ ਸ਼ਮੂਲੀਅਤ ਕੀਤੀ ਜਾਂਦੀ ਹੈ । ਸਿੱਖ ਨੌਜਵਾਨਾਂ ਵਿੱਚ ਇਸ ਰੋਸ ਮੁਜਾਹਰੇ ਪ੍ਰਤੀ ਹਰ ਸਾਲ ਉਤਸ਼ਾਹ ਵਧ ਰਿਹਾ ਹੈ । ਵੀਹਵੀਂ ਸਦੀ ਦੇ ਮਹਾਨ ਸਿੱਖ ਸਤਿਕਾਰਯੋਗ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ , ਭਾਈ ਅਮਰੀਕ ਸਿੰਘ ਜੀ ਪ੍ਰਧਾਨ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਅਤੇ ਜਨਰਲ ਸ਼ੁਬੇਗ ਸਿੰਘ ਜੀ ਨੇ ਆਪਣੇ ਸਾਥੀਆਂ ਨਾਲ ਟੈਂਕਾਂ ਅਤੇ ਤੋਪਾਂ ਨਾਲ ਲੈਸ ਹੋ ਕੇ ਹਮਲਾ ਕਰਨ ਆਈ ਭਾਰਤੀ ਫੌਜ ਦਾ ਆਖਰੀ ਦਮ ਤੱਕ ਮੁਕਾਬਲਾ ਕੀਤਾ ਅਤੇ ਇੱਕ ਅਸਾਵੀਂ ਜੰਗ ਦਾ ਸ਼ਾਨਾਮੱਤਾ ਇਤਿਹਾਸ ਦੁਨਿਆ ਸਾਹਮਣੇ ਸਿਰਜ ਕੇ ਰੱਖ ਦਿੱਤਾ ਹੈ ,ਜਿਸ ਤੋਂ ਸਿੱਖ ਕੌਮ ਦੀਆਂ ਅਗਲੇਰੀਆਂ ਪੀੜ੍ਹੀਆਂ ਹਮੇਸ਼ਾਂ ਸੇਧ ਲੈਂਦੀਆਂ ਰਹਿਣਗੀਆਂ । ਦੂਜੇ ਪਾਸੇ ਮੁਗਲੀਆ ਅਤੇ ਹਿਟਲਰੀ ਜ਼ੁਲਮਾਂ ਨੂੰ ਮਾਤ ਪਾਉਂਦਿਆਂ ਭਾਰਤੀ ਫੌਜ ਵਲੋਂ ਨਿਰਦੋਸ਼ ਸਿੱਖ ਬਜੁਰਗਾਂ,ਸਿੱਖ ਬੀਬੀਆਂ ਅਤੇ ਦੁੱਧ ਚੁੰਘਦੇ ਬੱਚਿਆਂ ਨੂੰ ਕੋਹ ਕੋਹ ਕੇ ਸ਼ਹੀਦ ਕੀਤਾ ਗਿਆ । ਸਿੱਖ ਕੌਮ ਦੇ ਸਰਵਉੱਚ ਅਸਥਾਨ ਰਾਜਸੀ ਸ਼ਕਤੀ ਦੇ ਸੋਮੇ ਸ੍ਰੀ ਅਕਾਲ ਤਖਤ ਸਾਹਿਬ ਨੂੰ ਢਹਿ ਢੇਰੀ ਕੀਤਾ ਗਿਆ, ਸੱਚਖੰਡ ਸ੍ਰੀ ਦਰਬਾਰ ਸਾਹਿਬ ਨੂੰ ਗੋਲੀਆਂ ਨਾਲ ਛਲਣੀ ਕਰਦਿਆਂ ਜੁੱਗੋ ਜੁੱਗ ਅਟੱਲ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੇ ਪਵਿੱਤਰ ਸਰੂਪਾਂ ਸਮੇਤ ਸਿੱਖ ਇਤਿਹਾਸ, ਗੁਰਇਤਿਹਾਸ ਦੇ ਸਰੋਤ, ਗੁਰੂ ਸਾਹਿਬ ਦੇ ਹੱਥ ਲਿਖਤ ਹੁਕਮਨਾਮੇ ਅਗਨ ਭੇਂਟ ਕਰ ਦਿੱਤੇ ਗਏ । ਇਸ ਖੂਨੀ ਅਤੇ ਅੱਤ ਵਹਿਸ਼ੀ ਹਮਲੇ ਨੂੰ ਸਿੱਖ ਕੌਮ ਸਦਾ ਯਾਦ ਰੱਖੇਗੀ । ਬਲਕਿ ਇਸ ਖੂਨੀ ਘੱਲੂਘਾਰੇ ਨਾਲ ਸਿਰਜੇ ਗਏ ਅਜ਼ਾਦ ਸਿੱਖ ਰਾਜ ਖਾਲਿਸਤਾਨ ਨਿਸ਼ਾਨੇ ਪ੍ਰਤੀ ਸੰਘਰਸ਼ਸ਼ੀਲ ਰਹੇਗੀ ।

# ਮਹਾਨ ਜਰਨੈਲ ਜੱਸਾ ਸਿੰਘ ਰਾਮਗੜ੍ਹੀਆ ਦੇ ਜਨਮ ਦਿਨ ਸਬੰਧੀ ਵਿਸ਼ੇਸ਼ ਸਮਾਗਮ

**ਫਰਿਜ਼ਨੋ/ਕੁਲਵੰਤ ਉੱਭੀ ਧਾਲੀਆਂ:** ਗੁਰਦੁਆਰਾ ਸਿੰਘ ਸਭਾ ਫਰਿਜ਼ਨੋ ਵਿਖੇ ਇਲਾਕੇ ਦੀ ਸਮੂੰਹ ਸੰਗਤ ਨੇ ਹਰ ਸਾਲ ਦੀ ਤਰ੍ਹਾਂ ਅਠਾਰਵੀਂ ਸਦੀ ਦੇ ਮਹਾਨ ਜਰਨੈਲ ਸਿੱਖ ਆਗੂ ਅਤੇ ਰਾਮਗੜ੍ਹੀਆ ਮਿਸਲ ਦੇ ਸੰਸਥਾਪਕ ਸ. ਜੱਸਾ ਸਿੰਘ ਰਾਮਗੜ੍ਹੀਆ ਦਾ ਜਨਮ ਦਿਨ ਮਨਾਇਆ। ਇਸ ਸਮਾਗਮ ਦੌਰਾਨ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਵਿਸ਼ੇਸ਼ ਸਮਾਗਮ ਹੋਏ, ਜਿਨ੍ਹਾਂ ਵਿਚ ਗੁਰੂਘਰ ਦੇ ਹੈੱਡ ਗ੍ਰੰਥੀ ਭਾਈ ਸਰਬਜੀਤ ਸਿੰਘ ਦੇ ਕੀਰਤਨੀ ਜਥੇ ਨੇ ਹਾਜ਼ਰੀ ਭਰੀ। ਉਪਰੰਤ ਪ੍ਰਸਿੱਧ ਕਥਾਵਾਚਕ ਭਾਈ ਮਲਕੀਤ ਸਿੰਘ ਕਰਨਾਲ ਵਾਲਿਆਂ ਨੇ ਜੱਸਾ ਸਿੰਘ ਰਾਮਗੜ੍ਹੀਆ ਦੀ ਜ਼ਿੰਦਗੀ ਅਤੇ ਸਿੱਖ ਧਰਮ ਨੂੰ ਦੇਣ ਪ੍ਰਤੀ ਵਿਚਾਰਾਂ ਸਾਂਝੀਆਂ ਕੀਤੀਆਂ।

ਇਸ ਮੌਕੇ ਬੋਲਦੇ ਹੋਏ ਸ. ਗੁਰਪ੍ਰੀਤ ਸਿੰਘ ਮਾਨ ਨੇ ਮਹਾਰਾਜਾ ਜੱਸਾ ਸਿੰਘ ਨੂੰ ਸਾਂਝੀਵਾਲਤਾ ਦਾ ਸੰਦੇਸ਼ ਦੇਣ ਵਾਲਾ ਮਹਾਨ ਜਰਨੈਲ ਐਲਾਨਿਆ। ਇਸ ਸਮੇਂ ਬੀਬੀ ਕੁਲਵੰਤ ਕੌਰ ਨੇ ਧਾਰਮਿਕ ਗੀਤ ਗਾਏ, ਮਿੰਨੀ ਕੌਰ ਹੰਸਪਾਲ ਨੇ ਰਾਮਗੜ੍ਹੀਆ ਮਿਸਲ ਬਾਰੇ ਇਤਿਹਾਸ ਦੀ ਗੱਲ ਕੀਤੀ। ਇਸ ਤੋਂ ਇਲਾਵਾ ਹੋਰ ਬੁਲਾਰਿਆਂ ਨੇ ਵੀ ਵਿਚਾਰਾਂ ਦੀ ਸਾਂਝ ਪਾਈ। ਸਮਾਗਮ ਦੇ ਅੰਤ ਵਿੱਚ ਰੇਸ਼ਮ ਸਿੰਘ ਧੰਜ਼ਨ ਨੇ ਸਮੂੰਹ ਸੰਗਤ ਦਾ ਧੰਨਵਾਦ ਕੀਤਾ।

# ਸ਼ਹੀਦ ਭਾਈ ਮਿੰਟੂ ਦੀ ਯਾਦ ਵਿੱਚ ਵਿਸ਼ਾਲ ਸਮਾਗਮ

**ਲੰਡਨ/ਬਿਊਰੋ ਨਿਊਜ਼ :** ਖਾਲਿਸਤਾਨ ਲਿਬਰੇਸ਼ਨ ਫੋਰਸ ਦੇ ਪੰਜਵੇਂ ਮੁਖੀ ਅਤੇ ਵੀਹਵੀਂ ਸਦੀ ਦੇ ਮਹਾਨ ਸ਼ਹੀਦ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਵਲੋਂ ਅਰੰਭੇ ਹੋਏ ਸਿੱਖ ਸੰਘਰਸ਼ ਦੇ ਨਾਇਕ ਜਥੇਦਾਰ ਭਾਈ ਹਰਮਿੰਦਰ ਸਿੰਘ ਉਰਫ ਨਿਹੰਗ ਉਰਫ ਮਿੰਟੂ ਦੀ ਯਾਦ ਵਿੱਚ ਗੁਰੂ ਨਾਨਕ ਗੁਰਦੁਆਰਾ ਸਮੈਦਿਕ ਬਰਮਿੰਘਮ ਵਿਖੇ 5 ਮਈ ਸ਼ਨਿਚਰਵਾਰ ਨੂੰ ਵਿਸ਼ਾਲ ਸ਼ਹੀਦੀ ਸਮਾਗਮ ਕਰਵਾਇਆ ਗਿਆ । ਗੁਰਦੁਆਰਾ ਪ੍ਰਬੰਧਕ ਕਮੇਟੀ, ਸਿੱਖ ਨੌਜਵਾਨਾਂ, ਸਿੱਖ ਜਥੇਬੰਦੀਆਂ ਅਤੇ ਸਿੱਖ ਸੰਗਤਾਂ ਵਲੋਂ ਜਥੇਦਾਰ ਹਰਮਿੰਦਰ ਸਿੰਘ ਮਿੰਟੂ ਨਮਿੱਤ ਅਰੰਭ ਕਰਵਾਏ ਗਏ ਸ੍ਰੀ ਅਖੰਡ ਪਾਠ ਦੇ ਭੋਗ ਪਾਉਣ ਉਪਰੰਤ ਭਾਰੀ ਦੀਵਾਨ ਸਜਾਇਆ ਗਿਆ ਜਿਸ ਵਿੱਚ ਕੀਰਤਨੀ ਜਥਿਆਂ ਨੇ ਗੁਰਬਾਣੀ ਦਾ ਰਸਭਿੰਨਾ ਕੀਰਤਨ ਕੀਤਾ । ਸਿੱਖ ਜਥੇਬੰਦੀਆਂ ਵਲੋਂ ਭਾਈ ਹਰਮਿੰਦਰ ਸਿੰਘ ਨੂੰ ਜਿੱਥੇ ਸ਼ਰਧਾ ਦੇ ਫੁੱਲ ਅਰਪਤ ਕੀਤੇ ਉੱਥੇ ਜੇਲ੍ਹਾਂ ਵਿੱਚ ਬੰਦ ਸਿੰਘਾਂ ਦੀ ਸੁਰੱਖਿਆ ਅਤੇ ਰਿਹਾਈ ਲਈ ਅਵਾਜ਼ ਬੁਲੰਦ ਕੀਤੀ । ਸਿੱਖ ਜਥੇਬੰਦੀਆਂ ਵਲੋਂ ਭਾਈ ਅਵਤਾਰ ਸਿੰਘ ਖੰਡਾ, ਭਾਈ ਲਵਸ਼ਿੰਦਰ ਸਿੰਘ ਡੱਲੇਵਾਲ, ਭਾਈ ਸਮਸ਼ੇਰ ਸਿੰਘ, ਭਾਈ ਅਮਰੀਕ ਸਿੰਘ ਗਿੱਲ, ਭਾਈ ਜਗਜੀਤ ਸਿੰਘ ਜੀਤਾ, ਭਾਈ ਜਤਿੰਦਰ ਸਿੰਘ, ਭਾਈ ਕਪਤਾਨ ਸਿੰਘ ਅਤੇ ਭਾਈ ਜਗਜੀਤ ਸਿੰਘ ਜੱਗੀ ਜੌਹਲ ਨੇ ਭਾਈ ਹਰਮਿੰਦਰ ਸਿੰਘ ਦੀਆਂ ਪੰਥਕ ਸੇਵਾਵਾਂ ਦੀ ਹਾਰਦਿਕ ਪ੍ਰਸੰਸਾ ਕੀਤੀ ਅਤੇ ਉਸ ਨੂੰ ਸ਼ਹੀਦ ਕਰਨ ਦੇ ਦੋਸ਼ੀਆਂ ਖਿਲਾਫ ਕਨੂੰਨੀ ਕਾਰਵਾਈ ਕਰਨ ਲਈ ਪੰਜਾਬ ਦੀਆਂ ਪੰਥਕ ਧਿਰਾਂ ਨੂੰ ਪੁਰਜੋਰ ਅਪੀਲ ਕੀਤੀ । ਇਸ ਸਮੇ ਨਾਭਾ ਅਤੇ ਅੰਮ੍ਰਿਤਸਰ ਜੇਲ੍ਹ ਵਿੱਚ ਬੰਦ ਸਿੰਘਾਂ ਵਲੋਂ ਸ਼ਰਧਾਂਜਲੀ ਸੰਦੇਸ਼ਾਂ ਦੀ ਸਾਂਝ ਪਾਈ ਗਈ । ਕਾਵੈਂਟਰੀ ਦੀਆਂ ਛੋਟੀਆਂ ਬੱਚੀਆਂ ਵਲੋਂ ਬਹੁਤ ਹੀ ਸੁਚੱਜੇ ਢੰਗ ਨਾਲ ਕੌਮ ਨੂੰ ਹਲੂਣਾ ਅਤੇ ਸਿੱਖ ਦੁਸ਼ਮਣ ਦਿੱਲੀ ਤਖਤ ਨੂੰ ਵੰਗਾਰਦੀ ਹੋਈ ਕਵਿਤਾ ਪੜ੍ਹੀ ਗਈ ਅਤੇ ਭਾਈ ਰਸਾਲ ਸਿੰਘ ਦੇ ਜਥੇ ਵਲੋਂ ਜੁਝਾਰੂ ਪ੍ਰਸੰਗ ਅਤੇ ਜੋਸ਼ੀਲੀਆਂ ਵਾਰਾਂ ਨਾਲ ਸਿੱਖ ਸੰਗਤ ਨੂੰ ਨਿਹਾਲ ਕੀਤਾ ਗਿਆ। ਭਾਈ ਹਰਮਿੰਦਰ ਸਿੰਘ ਮਿੰਟੂ ਦੀ ਤਸਵੀਰ ਗੁਰੂ ਨਾਨਕ ਗੁਰਦੁਆਰਾ ਸਮੈਦਿਕ ਦੀ ਸ਼ਹੀਦੀ ਗੈਲਰੀ ਵਿੱਚ ਲਗਾਉਣ ਲਈ ਪ੍ਰਬੰਧਕ ਕਮੇਟੀ ਨੂੰ ਭੇਂਟ ਕੀਤੀ ਗਈ । ਸ਼ਹੀਦੀ ਸਮਾਗਮ ਵਿੱਚ ਸਿੱਖ ਨੌਜਵਾਨ ਵੱਡੀ ਗਿਣਤੀ ਵਿੱਚ ਸ਼ਾਮਲ ਹੋਏ । ਗੌਰਤਲਬ ਹੈ ਕਿ ਭਾਈ ਹਰਮਿੰਦਰ ਸਿੰਘ ਦੀ ਪਟਿਆਲਾ ਜੇਲ੍ਹ ਵਿੱਚ ਹੋਈ ਸ਼ਹਾਦਤ ਤੋਂ ਬਾਅਦ ਸਮੁੱਚੀ ਸਿੱਖ ਕੌਮ ਜੇਲ੍ਹਾਂ ਵਿੱਚ ਬੰਦਾਂ ਸਿੰਘਾਂ ਦੀ ਹਿਫਾਜ਼ਤ ਲਈ ਚਿੰਤਾਤਰ ਹੈ । ਭਾਈ ਹਰਮਿੰਦਰ ਸਿੰਘ ਮਿੰਟੂ ਦੀ ਸ਼ਹਾਦਤ ਜੇਲ੍ਹ ਪ੍ਰਸਾਸ਼ਨ ਅਤੇ ਸਰਕਾਰੀ ਏਜੰਸੀਆਂ ਦੀ ਮਿਲੀ ਭੁਗਤ ਨਾਲ ਹੋਈ ਹੈ । ਇਸੇ ਤਰ੍ਹਾਂ ਲੰਬੇ ਸਮੇਂ ਤੋਂ ਜੇਹ੍ਹਲਾਂ ਵਿੱਚ ਬੰਦ ਭਾਈ ਦਇਆ ਸਿੰਘ ਲਾਹੌਰੀਆ ਅਤੇ ਭਾਈ ਜਗਤਾਰ ਸਿੰਘ ਹਾਵਾਰਾ ਵੀ ਸਿਹਤ ਪੱਖੋਂ ਠੀਕ ਨਹੀਂ ਹਨ । ਜੇਲ੍ਹ ਅਧਿਕਾਰੀ ਉਹਨਾਂ ਦਾ ਢੁੱਕਵਾਂ ਇਲਾਜ ਨਹੀਂ ਕਰਵਾ ਰਹੇ ਬਲਕਿ ਅਦਾਲਤੀ ਹੁਕਮਾਂ ਤੇ ਵੀ ਅਮਲ ਨਹੀਂ ਜਾ ਰਿਹਾ ।




# WHITE HAWK TRUCKING INC

*Need Drivers & Owner Operators*

Dedicated Load (ਪੱਕੇ ਲੋਡ)
Immediate Payment Option
West Coast I-5 Route



• ਸਾਡੇ ਸਾਰੇ ਟਰੱਕ ਨਵੇਂ ਹਨ • ਪੇਪਰ ਦਿਓ ਪੈਸੇ ਲਓ • Home Time ਵੀ ਦਿੰਦੇ ਹਾਂ
• ਡਰਾਇਵਰਾਂ ਦਾ ਕੋਈ ਵੀ ਪੈਸਾ ਥੱਲੇ ਨਹੀਂ ਰੱਖਿਆ ਜਾਂਦਾ • We Sell New & Used Tires
• Minor to Major Repair • Rebuild Engine Transmission DEF, DPF Cleaning
• Any kind of Road Service • Computer Diagnose

*Call for more Info:*

Phone: (209) 242-9569, (209) 564-8899, (209) 345-6968

2101 MARTIN LUTHER KING JR WAY STOCKTON, CA 95205

# ਪੰਜਾਬ 'ਚ ਗੱਦੀਓਂ ਲੱਥੇ ਬਾਦਲ ਤੇ ਬਿੱਟੇ-ਸਿੱਟੇ 'ਕਾਰ' ਸੇਵਾ ਰਾਹੀਂ ਲੁੱਟ ਰਹੇ ਨੇ ਸ਼ਾਹੀ ਬੁੱਲੇ

**ਚੰਡੀਗੜ੍ਹ/ਬਿਊਰੋ ਨਿਊਜ਼**, ਪੰਜਾਬ ਵਿੱਚ ਸਰਕਾਰੀ ਖ਼ਰਚੇ 'ਤੇ ਸੁੱਖ ਸਹੂਲਤਾਂ ਦਾ ਆਨੰਦ ਲੈਣ ਲਈ ਸੱਤਾ 'ਚ ਹੋਣਾ ਜ਼ਰੂਰੀ ਨਹੀਂ ਹੈ। ਸੂਬਾ ਪੁਲੀਸ ਵੱਲੋਂ ਵਿਰੋਧੀ ਅਤੇ ਹੁਕਮਰਾਨ ਧਿਰ ਦੇ ਨੇਤਾਵਾਂ ਸਮੇਤ ਹੋਰ ਚਰਚਿਤ ਵਿਅਕਤੀਆਂ ਨੂੰ ਕਾਰਾਂ ਤੇ ਮੁਫ਼ਤ ਦਾ ਪੈਟਰੋਲ ਤੇ ਡੀਜ਼ਲ ਫੂਕਣ ਦੀ ਦਿੱਤੀ ਸਹੂਲਤ ਤੋਂ ਤਾਂ ਇਹੋ ਤੱਥ ਸਾਹਮਣੇ ਆਉਂਦੇ ਹਨ। ਪੰਜਾਬ ਪੁਲੀਸ ਦੇ ਸੁਰੱਖਿਆ ਵਿੰਗ ਤੋਂ ਹਾਸਲ ਜਾਣਕਾਰੀ ਮੁਤਾਬਕ ਸ਼੍ਰੋਮਣੀ ਅਕਾਲੀ ਦਲ, ਭਾਰਤੀ ਜਨਤਾ ਪਾਰਟੀ ਅਤੇ ਕਾਂਗਰਸ ਦੇ ਸੱਤਾਹੀਣ ਨੇਤਾਵਾਂ ਨੂੰ ਸੁਰੱਖਿਆ ਦੇ ਨਾਂ 'ਤੇ ਦੁਨੀਆ ਦੀਆਂ ਮਹਿੰਗੀਆਂ ਕਾਰਾਂ ਵਿੱਚ ਸ਼ੁਮਾਰ ਲੈਂਡ ਕਰੂਜ਼ਰ ਤੋਂ ਲੈ ਕੇ ਜਿਪਸੀਆਂ ਤਕ ਦੀ ਸਹੂਲਤ ਦੇਣਾ ਆਮ ਵਰਤਾਰਾ ਬਣ ਗਿਆ ਹੈ। ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਉਨ੍ਹਾਂ ਦੇ ਪੁੱਤਰ ਸੁਖਬੀਰ ਸਿੰਘ ਬਾਦਲ, ਸਾਬਕਾ ਮੁੱਖ ਮੰਤਰੀ ਦੇ ਦਾਮਾਦ ਆਦੇਸ਼ ਪ੍ਰਤਾਪ ਸਿੰਘ ਕੈਰੋਂ, ਸੁਖਬੀਰ ਸਿੰਘ ਬਾਦਲ ਦੇ ਸਾਲਾ ਬਿਕਰਮ ਸਿੰਘ ਮਜੀਠੀਆ, ਕੁੱਲ ਹਿੰਦ ਅਤਿਵਾਦ ਵਿਰੋਧੀ ਫਰੰਟ ਦੇ ਪ੍ਰਧਾਨ ਮਨਿੰਦਰਜੀਤ ਸਿੰਘ ਬਿੱਟਾ, ਭਾਜਪਾ ਦੇ ਸਾਬਕਾ ਸੂਬਾ ਪ੍ਰਧਾਨ ਵਿਜੈ ਕੁਮਾਰ ਸਾਂਪਲਾ ਦੇ ਨਾਮ ਅਜਿਹੇ ਵਿਅਕਤੀਆਂ ਵਿੱਚ ਸ਼ਾਮਲ ਹਨ ਜਿਹੜੇ ਸਰਕਾਰ ਵੱਲੋਂ ਦਿੱਤੀਆਂ ਗਈਆਂ ਮਹਿੰਗੀਆਂ ਕਾਰਾਂ ਵਿੱਚ ਅਣ-ਲਿਮਟਿਡ (ਅਸੀਮਤ) ਪੈਟਰੋਲ ਜਾਂ ਡੀਜ਼ਲ ਫੂਕ ਸਕਦੇ ਹਨ। ਅਹਿਮ ਤੱਥ ਇਹ ਹੈ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਉਨ੍ਹਾਂ ਦੀ ਦੋਸਤ ਅਰੂਸਾ ਆਲਮ ਨਾਲ ਪਿਛਲੇ ਸਮੇਂ ਦੌਰਾਨ ਆਢਾ ਲਾਈ ਰੱਖਣ ਵਾਲੇ ਮਨਿੰਦਰਜੀਤ ਸਿੰਘ ਬਿੱਟਾ 'ਤੇ ਪੁਲੀਸ ਬਹੁਤ ਹੀ ਜ਼ਿਆਦਾ ਮਿਹਰਬਾਨ ਹੈ ਅਤੇ ਉਸ ਨੂੰ ਬਾਦਲਾਂ ਦੇ ਬਰਾਬਰ ਦੀ ਸਹੂਲਤ ਦਿੱਤੀ ਹੋਈ ਹੈ। ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਕੈਪਟਨ ਸਰਕਾਰ ਨੇ 9 ਕਾਰਾਂ ਸਫ਼ਰ ਕਰਨ ਲਈ ਦਿੱਤੀਆਂ ਹੋਈਆਂ ਹਨ। ਇਨ੍ਹਾਂ ਵਿੱਚ ਲੈਂਡ ਕਰੂਜ਼ਰ, ਮਨਟੈਰੋ, ਟਾਟਾ ਸਫ਼ਾਰੀ (ਜੈਮਰ ਲਈ), ਤਿੰਨ ਜਿਪਸੀਆਂ, ਦੋ ਬੋਲੈਰੋ ਅਤੇ ਇੱਕ ਇਨੋਵਾ ਸ਼ਾਮਲ ਹਨ। ਸੁਖਬੀਰ ਸਿੰਘ ਬਾਦਲ ਨੂੰ ਪਿਤਾ ਵਾਂਗ ਹੀ 7 ਕਾਰਾਂ, ਲੈਂਡ ਕਰੂਜ਼ਰ, ਮਨਟੈਰੋ, ਤਿੰਨ ਜਿਪਸੀਆਂ, ਇੱਕ ਇਨੋਵਾ, ਇੱਕ ਟਾਟਾ ਸਫ਼ਾਰੀ ਆਦਿ ਵਾਹਨ ਦਿੱਤੇ ਗਏ ਹਨ। ਬਿਕਰਮ ਸਿੰਘ ਮਜੀਠੀਆ ਨੂੰ ਵੀ 4 ਕਾਰਾਂ ਮਿਲੀਆਂ ਹਨ ਜਿਨ੍ਹਾਂ ਵਿੱਚ ਮਹਿੰਦਰਾ ਕੰਪਨੀ ਦੀਆਂ ਤਿੰਨ ਸਕਾਰਪੀਓ ਅਤੇ ਇੱਕ ਜਿਪਸੀ ਸ਼ਾਮਲ ਹਨ। ਆਦੇਸ਼ ਪ੍ਰਤਾਪ ਸਿੰਘ ਕੈਰੋਂ ਨੂੰ ਬੋਲੈਰੋ ਕੈਂਪਰ ਦਿੱਤੀ ਹੋਈ ਹੈ। ਬਿੱਟਾ 'ਤੇ ਸਰਕਾਰੀ ਮਿਹਰਬਾਨੀ ਇਸ ਕਦਰ ਹੈ ਕਿ ਉਸ ਨੂੰ 7 ਕਾਰਾਂ ਦਿੱਤੀਆਂ ਹੋਈਆਂ ਹਨ ਤੇ ਇਨ੍ਹਾਂ ਵਿੱਚੋਂ ਦੋ ਕਾਰਾਂ ਉਨ੍ਹਾਂ ਦੀ ਪਤਨੀ ਮਨਜੋਤੀ ਬਿੱਟਾ ਦੇ ਨਾਮ 'ਤੇ ਅਲਾਟ ਕੀਤੀਆਂ ਗਈਆਂ ਹਨ। ਇਨ੍ਹਾਂ ਕਾਰਾਂ ਵਿੱਚ ਫਾਰਚੂਨਰ, ਟਾਟਾ ਸਫ਼ਾਰੀ, ਸਕਾਰਪੀਓ, ਦੋ ਜਿਪਸੀਆਂ ਸ਼ਾਮਲ ਹਨ। ਉਨ੍ਹਾਂ ਦੀ ਪਤਨੀ ਨੂੰ ਇੱਕ ਅੰਬੈਸਡਰ ਅਤੇ ਜਿਪਸੀ ਦੀ ਸਹੂਲਤ ਦਿੱਤੀ ਗਈ ਹੈ। ਸ੍ਰੀ ਬਿੱਟਾ ਤਾਂ ਬਾਦਲ ਪਰਿਵਾਰ ਦੇ ਮੈਂਬਰਾਂ ਤੇ ਰਿਸ਼ਤੇਦਾਰਾਂ ਵਾਂਗ ਵਾਧੂ ਤੇਲ ਵੀ ਫੂਕ ਸਕਦੇ ਹਨ ਅਤੇ ਉਨ੍ਹਾਂ ਦੀ ਪਤਨੀ ਮਹੀਨੇ 'ਚ 500 ਲਿਟਰ ਤੋਂ ਜ਼ਿਆਦਾ ਤੇਲ ਫੂਕਣ ਦੀ ਸਹੂਲਤ ਰਖਦੀ ਹੈ। ਕਾਂਗਰਸ ਨੇਤਾ ਰਾਜਿੰਦਰ ਕੌਰ ਭੱਠਲ ਨੂੰ ਤਿੰਨ ਕਾਰਾਂ ਦਿੱਤੀਆਂ ਹੋਈਆਂ ਹਨ। ਸਾਬਕਾ ਮੁੱਖ ਮੰਤਰੀ ਮਰਹੂਮ ਬੇਅੰਤ ਸਿੰਘ ਦੇ ਪਰਿਵਾਰ ਦੇ ਨਾਮ ਇਸ ਸੂਚੀ ਵਿੱਚ ਦੋ ਗੱਡੀਆਂ ਹਨ। ਇਨ੍ਹਾਂ ਵਿੱਚ ਸਕਾਰਪੀਓ ਅਤੇ ਜਿਪਸੀ ਸ਼ਾਮਲ ਹਨ। ਬੇਅੰਤ ਸਿੰਘ ਦੇ ਪਰਿਵਾਰਕ ਮੈਂਬਰਾਂ 'ਚ ਸ਼ਾਮਲ ਰਵਨੀਤ ਸਿੰਘ ਬਿੱਟੂ ਨੂੰ ਸੰਸਦ ਮੈਂਬਰ ਵਜੋਂ ਕਾਰਾਂ ਦਿੱਤੀਆਂ ਹੋਈਆਂ ਹਨ। ਤੇਜ ਪ੍ਰਕਾਸ਼ ਸਿੰਘ ਅਤੇ ਗੁਰਕੰਵਲ ਕੌਰ ਨੂੰ ਵੱਖਰੇ ਤੌਰ 'ਤੇ ਜਿਪਸੀਆਂ ਦਿੱਤੀਆਂ ਗਈਆਂ ਹਨ ਅਤੇ ਬੇਅੰਤ ਸਿੰਘ ਦੇ ਇੱਕ ਪੋਤਰੇ ਨੂੰ ਡੀਐਸਪੀ ਭਰਤੀ ਕੀਤਾ ਜਾ ਚੁੱਕਾ ਹੈ। ਸਾਬਕਾ ਸਪੀਕਰ ਨਿਰਮਲ ਸਿੰਘ ਕਾਹਲੋਂ ਅਤੇ ਚਰਨਜੀਤ ਸਿੰਘ ਅਟਵਾਲ ਨੂੰ ਦੋ-ਦੋ ਗੱਡੀਆਂ ਦਿੱਤੀਆਂ ਗਈਆਂ ਹਨ। ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਨੂੰ ਇੱਕ ਫਾਰਚੂਨਰ ਅਤੇ ਦੋ ਜਿਪਸੀਆਂ ਮਿਲੀਆਂ ਹਨ। ਸਾਬਕਾ ਸਪੀਕਰ ਸ੍ਰੀ ਕਾਹਲੋਂ ਦੇ ਪੁੱਤਰ ਰਵੀਕਰਨ ਸਿੰਘ ਕਾਹਲੋਂ ਨੂੰ ਵੀ ਜਿਪਸੀ ਅਤੇ 580 ਲਿਟਰ ਪੈਟਰੋਲ ਮਹੀਨੇ ਦਾ ਫੂਕਣ ਦੀ ਇਜਾਜ਼ਤ ਹੈ। ਭਾਜਪਾ ਨੇਤਾ ਲਕਸ਼ਮੀ ਕਾਂਤਾ ਚਾਵਲਾ, ਹਰਜੀਤ ਸਿੰਘ ਗਰੇਵਾਲ, ਕਮਲ ਸ਼ਰਮਾ, ਵਿਨੀਤ ਜੋਸ਼ੀ ਅਤੇ ਰਾਜਿੰਦਰ ਮੋਹਨ ਸਿੰਘ ਛੀਨਾ ਵੀ ਸਰਕਾਰੀ ਕਾਰਾਂ ਅਤੇ ਖ਼ਜ਼ਾਨੇ ਵਿੱਚੋਂ ਤੇਲ ਫੂਕਣ ਦਾ ਹੱਕ ਰਖਦੇ ਹਨ। ਕਾਂਗਰਸ ਨੇਤਾ ਹਰਮਿੰਦਰ ਸਿੰਘ ਜੱਸੀ ਨੂੰ ਇੱਕ ਮਨਟੈਰੋ, ਇੱਕ ਟਾਟਾ ਸਫ਼ਾਰੀ (ਜੈਮਰ) ਅਤੇ ਦੋ ਜਿਪਸੀਆਂ, ਅਕਾਲੀ ਨੇਤਾ ਮਨਜਿੰਦਰ ਸਿੰਘ ਕੰਗ ਨੂੰ ਇੱਕ ਬੋਲੈਰੋ, ਇੱਕ ਸਕਾਰਪੀਓ ਅਤੇ ਇੱਕ ਜਿਪਸੀ, ਕਿਰਨਬੀਰ ਸਿੰਘ ਕੰਗ ਨੂੰ ਇੱਕ ਜਿਪਸੀ ਦੀ ਸਹੂਲਤ ਦਿੱਤੀ ਹੋਈ ਹੈ। ਸੰਸਦ ਮੈਂਬਰਾਂ ਨੂੰ ਤਾਂ ਸਾਰਿਆਂ ਨੂੰ ਹੀ ਜਿਪਸੀਆਂ ਜਾਂ ਬੋਲੈਰੋ ਗੱਡੀਆਂ ਦਿੱਤੀਆਂ ਹੋਈਆਂ ਹਨ ਜਦਕਿ ਚੋਣਵੇਂ ਵਿਧਾਇਕ ਵੀ ਇਹ ਸਹੂਲਤ ਲੈਣ ਵਿੱਚ ਕਾਮਯਾਬ ਹੋ ਗਏ। ਪੰਜਾਬ ਪੁਲੀਸ ਦੇ ਏਡੀਜੀਪੀ ਰੈਂਕ ਦੇ ਇੱਕ ਅਧਿਕਾਰੀ ਨੇ ਆਪਣਾ ਨਾਮ ਨਾ ਛਾਪਣ ਦੀ ਸ਼ਰਤ 'ਤੇ ਕਿਹਾ ਕਿ ਉਕਤ ਨੇਤਾਵਾਂ ਵਿੱਚੋਂ ਬਹੁਤੇ ਆਗੂ ਅਜਿਹੇ ਹਨ ਜਿਨ੍ਹਾਂ ਨੂੰ ਕੋਈ ਖ਼ਤਰਾ ਨਹੀਂ ਹੈ ਪਰ ਸਰਕਾਰੀ ਕਾਰ ਅਤੇ ਤੇਲ ਦੀ ਸਹੂਲਤ ਲਈ ਪੁਲੀਸ ਤੋਂ ਸੁਰੱਖਿਆ ਦੇ ਨਾਮ 'ਤੇ ਕਾਰਾਂ ਹਾਸਲ ਕੀਤੀਆਂ ਹੋਈਆਂ ਹਨ ਤੇ ਸਰਕਾਰੀ ਖ਼ਰਚੇ 'ਤੇ ਐਸ਼ ਹੁੰਦੀ ਹੈ।

## ਅਖੌਤੀ ਧਾਰਮਕ ਆਗੂ ਲੁੱਟ ਰਹੇ ਨੇ ਪੰਜਾਬ ਦਾ ਖਜ਼ਾਨਾ

**ਚੰਡੀਗੜ੍ਹ/ ਬਿਊਰੋ ਨਿਊਜ਼** : ਪੁਲੀਸ ਵੱਲੋਂ ਕਾਰਾਂ ਵੰਡਣ ਅਤੇ ਸਰਕਾਰੀ ਖ਼ਜ਼ਾਨੇ ਵਿੱਚੋਂ ਤੇਲ ਫੂਕਣ ਦੀ ਖੁੱਲ੍ਹ ਦੇਣ ਲਈ ਬਣਾਏ ਅਖੌਤੀ ਨਿਯਮਾਂ ਨੇ ਸੂਬੇ ਦੀ ਕਰਜ਼ਾਈ ਸਰਕਾਰ ਦੇ ਖ਼ਜ਼ਾਨੇ ਦੀ ਨਿਰਦਈ ਤਰੀਕੇ ਨਾਲ ਹੋ ਰਹੀ ਲੁੱਟ ਦਾ ਨਵਾਂ ਰੂਪ ਸਾਹਮਣੇ ਲਿਆਂਦਾ ਹੈ। ਪੁਲੀਸ ਵੱਲੋਂ ਕਾਰਾਂ ਵੰਡਣ ਦੀ ਸੂਚੀ ਦੇ ਅਧਿਐਨ ਦੌਰਾਨ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਸੋਸ਼ਲ ਮੀਡੀਆ ਰਾਹੀਂ ਨਫ਼ਰਤ ਵੰਡਣ ਵਾਲਿਆਂ ਨੂੰ ਸੌਖਿਆਂ ਹੀ ਸੁਰੱਖਿਆ ਛਤਰੀ, ਸਰਕਾਰੀ ਕਾਰਾਂ ਅਤੇ ਸਰਕਾਰੀ ਖ਼ਜ਼ਾਨੇ ਵਿੱਚ ਤੇਲ ਦੀਆਂ ਭਰੀਆਂ ਕਾਰਾਂ ਦੀਆਂ ਟੈਂਕੀਆਂ ਹਾਸਲ ਹੋ ਜਾਂਦੀਆਂ ਹਨ। ਪੁਲੀਸ ਵੱਲੋਂ ਤਖ਼ਤਾਂ ਦੇ ਜਥੇਦਾਰਾਂ ਅਤੇ ਚਰਚਿਤ ਡੇਰੇਦਾਰਾਂ ਸਮੇਤ 17 ਅਜਿਹੇ ਵਿਅਕਤੀਆਂ ਨੂੰ ਕਾਰਾਂ ਦੀ ਸਹੂਲਤ ਦਿੱਤੀ ਗਈ ਹੈ ਜਿਨ੍ਹਾਂ ਦਾ ਸਬੰਧ ਸ਼ਿਵ ਸੈਨਾ ਜਾਂ ਸਥਾਨਕ ਪੱਧਰ ਦੀਆਂ ਜਥੇਬੰਦੀਆਂ ਨਾਲ ਹੈ। ਇਨ੍ਹਾਂ ਵਿੱਚੋਂ ਕਈ ਕਥਿਤ ਸੁਰੱਖਿਆ ਦੇ ਨਾਂਅ ਉੱਤੇ ਨੂੰ ਮਹਿੰਗੀਆਂ ਬੁਲੇਟ ਪਰੂਫ ਗੱਡੀਆਂ ਦੇ ਵੀ ਬੁੱਲੇ ਲੁੱਟ ਰਹੇ ਹਨ। ਅਹਿਮ ਤੱਥ ਇਹ ਵੀ ਹੈ ਕਿ ਪੁਲੀਸ ਦੀ ਇਸ ਸੂਚੀ ਵਿੱਚ ਕਈ ਅਜਿਹੇ ਵਿਅਕਤੀਆਂ ਦੇ ਨਾਂਅ ਵੀ ਸ਼ੁਮਾਰ ਹਨ, ਜਿਨ੍ਹਾਂ ਵਿਅਕਤੀਆਂ ਵੱਲੋਂ ਸ਼ਰੇਆਮ ਕਿਹਾ ਜਾਂਦਾ ਹੈ ਕਿ ਪੁਲੀਸ ਤੋਂ ਪੈਸੇ ਦੇ ਜ਼ੋਰ ਨਾਲ ਕੰਮ ਕੱਢਵਾਉਣਾ ਖੱਬੇ ਹੱਥ ਦੀ ਖੇਡ ਹੈ। ਕਥਿਤ ਬਾਬਿਆਂ ਦੀ ਸੂਚੀ ਵਿੱਚ ਪਿਆਰਾ ਸਿੰਘ ਭਨਿਆਰਾ ਦਾ ਨਾਂਅ ਵੀ ਸ਼ਾਮਲ ਹੈ। ਇਸ ਨੂੰ ਬੁਲੇਟ ਪਰੂਫ ਕਾਰ ਅਤੇ ਇੱਕ ਜਿਪਸੀ ਦੀ ਸਹੂਲਤ ਦਿੱਤੀ ਗਈ ਹੈ। ਬਾਬੇ ਨੂੰ ਸਰਕਾਰੀ ਖ਼ਜ਼ਾਨੇ ਵਿੱਚੋਂ ਇੱਕ ਕਾਰ ਵਿੱਚ 261 ਲਿਟਰ ਪੈਟਰੋਲ ਫੂਕਣ ਦੀ ਖੁੱਲ੍ਹ ਦਿੱਤੀ ਗਈ ਹੈ ਤੇ ਇਸ ਤਰ੍ਹਾਂ ਨਾਲ ਇਹ ਬਾਬਾ 524 ਲਿਟਰ ਤੇਲ ਪ੍ਰਤੀ ਮਹੀਨਾ ਭਾਵ ਇੱਕ ਸਾਲ ਵਿੱਚ 4 ਲੱਖ 52 ਹਜ਼ਾਰ ਰੁਪਏ ਦਾ ਖਰਚਾ ਕਰਨ ਦਾ ਹੱਕਦਾਰ ਹੈ।

ਪੁਲੀਸ ਦੀ ਸੂਚੀ ਮੁਤਾਬਕ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੂੰ ਦੋ ਬੋਲੇਰੋ ਕੈਂਪਰ ਗੱਡੀਆਂ ਦੀ ਸਹੂਲਤ ਦਿੱਤੀ ਗਈ ਹੈ ਤੇ ਜਥੇਦਾਰ ਨੂੰ ਇਨ੍ਹਾਂ ਗੱਡੀਆਂ 'ਚ ਬੇਹਿਸਾਬਾ ਤੇਲ ਫੂਕਣ ਦੀ ਵੀ ਇਜਾਜ਼ਤ ਹੈ। ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਬੋਲੇਰੋ ਕੈਂਪਰ ਦੀ ਸਹੂਲਤ ਦਿੰਦਿਆਂ 500 ਲੀਟਰ ਤੇਲ ਦੀ ਸਹੂਲਤ ਹਾਸਲ ਹੈ। ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਗੁਰਮੁਖ ਸਿੰਘ ਨੂੰ ਬੋਲੇਰੋ ਕੈਂਪਰ ਅਤੇ 500 ਲੀਟਰ ਤੇਲ ਫੂਕਣ ਦੀ ਸਹੂਲਤ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੂੰ ਜਿਸਪੀ ਤੇ 600 ਲੀਟਰ ਪੈਟਰੋਲ ਦੀ ਸਹੂਲਤ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਅਵਤਾਰ ਸਿੰਘ ਮੱਕੜ ਇਸ ਮਾਮਲੇ ਵਿੱਚ ਮੌਜੂਦਾ ਪ੍ਰਧਾਨ ਨਾਲੋਂ ਦੋ ਕਦਮ ਅੱਗੇ ਲੰਘ ਗਏ ਹਨ। ਸ੍ਰੀ ਮੱਕੜ ਨੂੰ ਇੱਕ ਬੁਲੇਟ ਪਰੂਫ ਅੰਬੈਸਡਰ ਕਾਰ ਤੇ ਜਿਪਸੀ ਦੋਵਾਂ ਵਿੱਚ ਹੀ ਸਰਕਾਰੀ ਤੇਲ ਫੂਕਣ ਦੀ ਖੁੱਲ੍ਹ ਹੈ। ਪੁਲੀਸ ਵੱਲੋਂ ਜਿਨ੍ਹਾਂ ਹੋਰਨਾਂ ਵਿਅਕਤੀਆਂ ਨੂੰ ਇਹ ਸਹੂਲਤ ਦਿੱਤੀ ਗਈ ਹੈ ਉਨ੍ਹਾਂ ਵਿੱਚ ਆਲ ਇੰਡੀਆ ਹਿੰਦੂ ਸਟੂਡੈਂਟ ਫੈਡਰੇਸ਼ਨ ਦੇ ਪ੍ਰਧਾਨ ਨਿਸ਼ਾਂਤ ਸ਼ਰਮਾ ਨੂੰ ਇੱਕ ਜਿਸਪੀ, ਲੁਧਿਆਣਾ ਨਾਲ ਸਬੰਧਤ ਸ਼ਿਵ ਸੈਨਾ ਦੇ ਚੇਅਰਮੈਨ ਰਾਜੀਵ ਟੰਡਨ ਨੂੰ ਇੱਕ ਅੰਬੈਸਡਰ ਬੁਲਿਟ ਪਰੂਫ ਤੇ ਇੱਕ ਮਹਿੰਦਰਾ ਕੰਪਨੀ ਦੀ ਬਲੇਰੋ ਇਨਵੇਡਰ ਦਿੱਤੀ ਹੋਈ ਹੈ। ਹਰਵਿੰਦਰ ਸੋਨੀ ਪ੍ਰਧਾਨ ਸ਼ਿਵ ਸੈਨਾ ਬਾਲ ਠਾਕਰੇ ਗੁਰਦਾਸਪੁਰ ਨੂੰ ਬੁਲੇਟ ਪਰੂਫ ਸਕਾਰਪੀਓ ਅਤੇ ਇੱਕ ਜਿਪਸੀ ਦੀ ਸਹੂਲਤ ਦਿੱਤੀ ਗਈ ਹੈ। ਇਹ ਦੋਹਾਂ ਕਾਰਾਂ ਵਿੱਚ 900 ਲੀਟਰ ਪ੍ਰਤੀ ਮਹੀਨਾ ਤੇਲ ਫੂਕਣ ਦਾ ਹੱਕ ਰੱਖਦਾ ਹੈ। ਸ਼ਿਵ ਸੈਨਾ ਅੰਮ੍ਰਿਤਸਰ ਦੇ

ਬਾਕੀ ਸਫ਼ਾ 29 'ਤੇ


Global Solution for Transportation

GLOBAL — Global Solution For Transportation

Trucking ਕੰਪਨੀਆਂ ਵਾਸਤੇ ਹੇਠ ਲਿਖੀਆਂ ਸੇਵਾਂਵਾਂ ਉਪਲਭਧ ਹਨ

**E Trucking Solution**

- Trucking Management Software
- Complete Compliance Management
- Billing
- Dispatch By Phone app
- Accounting
- Maintenance Record

**Global Truck Permits**

- Corporation Set Up
- Truck Permits, NY Permits
- License Plates, Kyu Permits
- DOT and ICC -MC Permit
- IFTA Permits, Fuel Tax Filing
- CA -MCP Permits, 2290 Filing

ਨਵੀਆਂ ਕੰਪਨੀਆਂ ਲਈ ਸਪੈਸ਼ਲ ਆਫ਼ਰ

Call For Our Special Promotion -
All Permits For $99.00 only, Before March 31, 2018 For A New Company
(condition apply)


Rajinder Singh Tanda

ਵਧੇਰੇ ਜਾਣਕਾਰੀ ਲਈ
ਸੰਪਰਕ ਕਰੋ

Address:
4646 Qantas Ln, Ste B14
Stockton CA 95206


Lakhvir Singh

Office - 1-800- 936 4011, 209-636-0880
Cell - (510) 557-6988, Fax - (209) 636 0850
email info@etruckingsolution.com www.etruckingsolution.com



When tired of all treatments for
any disease at any age Try
HOMEOPATHIC
Experienced Consultant Physician since 1973

American Red Cross



ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ
We sell homeopathic medicines
ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ,
ਵਜ਼ਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ
7021 Village Parkway Dublin CA 94568

GURDIP SINGH SANDHU
DHMS-Gold Medalist, BAMS, MDEH. - INDIA
Ex Principal, Prof., Chief Medical Officer,
Ex Member NCH and CA Homeomedical Society
Working under act SB 577 state of CA

Office: 408.729.6691
Cell: 408.687.1899
email: homeomedicine@yahoo.com
www.homeopathyatoz.com

ਡਾ. ਸੰਧੂ ਦੇ ਸਿਹਤ ਵਿਗਿਆਨ ਸਬੰਧੀ ਲੈਕਚਰ Listen live on Radio 1170
'Jus Punjabi TV' & Face Book Every Saturday 09:00 AM, Live on 'Jus Punjabi TV' Sunday 4:00 A.M.



BSons Travel & Tax Services, Inc.
* All Airlines * International And Domestic
* Wholesale Fares Around the World
We Will Beat or Match any Fare!




Office Hours
Mon-Fri
9am-6pm
Saturday
9am-5pm

CST. REG #2092042-40

We Also Have Special Vacation Packages

President : Avtar Singh
Contact any time from anywhere

Tel 707.302.0512, 916.340.8100 • Fax 707.425.4260
Email: bsonstravel@yahoo.com
1652 West Texas St. Suite 139, Fairfield, CA 94533
4200 North Boulevard Street No. 1B, Sacramento, CA, 95834

# ਸ਼ਾਨੋਂ ਸ਼ੌਕਤ ਨਾਲ ਸੰਪੂਰਨ ਹੋਇਆ ਪੀ.ਸੀ.ਐੱਸ. ਸੈਕਰਾਮੈਂਟੋ ਦਾ 29ਵਾਂ ਵਿਸਾਖੀ ਮੇਲਾ











**ਸੈਕਰਾਮੈਂਟੋ/ਬਿਊਰੋ ਨਿਊਜ਼:**
ਪੰਜਾਬੀ ਕਲਚਰਲ ਸੋਸਾਇਟੀ ਸੈਕਰਾਮੈਂਟੋ ਦਾ 29ਵਾਂ ਵਿਸਾਖੀ ਮੇਲਾ ਪੂਰੀ ਸ਼ਾਨੋ ਸ਼ੌਕਤ ਨਾਲ ਨੇਪਰੇ ਚੜ੍ਹਿਆ। ਸ਼ੈਲਡਨ ਹਾਈ ਸਕੂਲ ਦੇ ਖ਼ੂਬਸੂਰਤ ਥੀਏਟਰ ਵਿੱਚ ਲਗਾਤਾਰ ਚਾਰ ਘੰਟੇ ਚੱਲੇ ਰੰਗ ਰੰਗ ਸਮਾਗਮ ਦਾ ਸੈਂਕੜੇ ਦਰਸ਼ਕਾਂ ਨੇ ਭਰਪੂਰ ਆਨੰਦ ਮਾਣਿਆਂ। ਤਿੰਨ ਸਾਲ ਦੀ ਉਮਰ ਤੋਂ ਲੈ ਕੇ ਹਰੇਕ ਉਮਰ ਵਰਗ ਦੇ ਕੋਈ 150 ਕਲਾਕਾਰਾਂ ਨੇ ਭੰਗੜੇ, ਗਿੱਧੇ, ਸਕਿੱਟਾਂ, ਤੇ ਗਾਇਕੀ ਨਾਲ ਦਰਸ਼ਕਾਂ ਦਾ ਖ਼ੂਬ ਮਨੋਰੰਜਨ ਕੀਤਾ।

ਮੇਲੇ ਦੀ ਸ਼ੁਰੂਆਤ ਸੁਖਮਨ ਸਿੰਘ ਦੁਆਰਾ ਢੋਲ ਵਜਾ ਕੇ ਕੀਤੀ ਗਈ । ਹਰਦੀਪ ਦੁਆਬੀਆ ਨੇ ਇੱਕ ਧਾਰਮਿਕ ਗੀਤ "ਕੱਲੇ ਕੱਲੇ ਸਾਹ ਦੇ ਉੱਤੇ ਨਾਮ ਦੀਆਂ ਮੋਹਰਾਂ ਲਾ ਕੇ ਸਫਲ ਬਣਾ ਲੈ ਇਹਨੂੰ ਤੂੰ, ਨਾਮ ਜਪ ਲੈ ਪ੍ਰਾਣੀ ਬਹਿਕੇ ਤੂੰ" ਸਮੇਤ ਦੋ ਗੀਤਾਂ ਨਾਲ ਹਾਜ਼ਰੀ ਲਵਾਈ। ਲੈਥਰੋਪ ਤੋਂ ਆਏ ਹੋਏ ਨੰਨੇ ਕਲਾਕਾਰ ਪ੍ਰਭਸਿਮਰਨ ਸਿੰਘ ਨੇ ਦੋ ਗੀਤ ਗਾ ਕੇ ਦਰਸ਼ਕਾਂ ਤਾਂ ਭਰਪੂਰ ਪਿਆਰ ਲਿਆ। ਭੰਗੜੇ ਗਿੱਧੇ ਦੇ ਦੌਰ ਵਿੱਚ ਪੀ ਸੀ ਐੱਸ ਭੰਗੜਾ (ਲਿਟਲ ਕਿਡਸ), ਕਿਊਟ ਪੰਜਾਬਣਾਂ (ਗਿੱਧਾ ਕੋਚ ਰੁਪਿੰਦਰ ਕੌਰ )ਪੀ ਸੀ ਐੱਸ ਭੰਗੜਾ, ਗਿੱਧੇ ਦੀਆਂ ਰਾਣੀਆਂ (ਕੋਚ ਰੋਜ਼ੀ ਸੰਧੂ ) ਪੀ ਸੀ ਐੱਸ ਦੀਆਂ ਮੁਟਿਆਰਾਂ (ਕੋਚ ਪ੍ਰਦੀਪ ਪੂਨੀ) ਨੇ ਗਿੱਧੇ ਭੰਗੜੇ ਦੀਆਂ ਪੇਸ਼ਕਾਰੀਆਂ ਨਾਲ ਸਰੋਤਿਆਂ ਦੇ ਮਨ ਮੋਹ ਲਏ। ਗਾਇਕੀ ਦੇ ਦੌਰ ਵਿੱਚ ਪੰਮੀ ਮਾਨ, ਪੂਨਮ, ਗੁਰਮਿੰਦਰ ਗੁਰੀ, ਤੇ ਰਸ਼ਪਾਲ ਸਿੰਘ ਫਰਵਾਲਾ ਨੇ ਗਾਇਕੀ ਦੇ ਵੱਖ ਵੱਖ ਰੰਗ ਪੇਸ਼ ਕੀਤ। ਫਰਿਜ਼ਨੋ ਤੋਂ ਆਈ ਲੰਬੀ ਹੇਕ ਵਾਲੀ ਗਾਇਕਾ ਜੋਤ ਰਣਜੀਤ ਨੇ ਮਿਰਜ਼ਾ ਤੇ ਜੁਗਨੀ ਗਾ ਕੇ ਆਪਣੀ ਗਾਇਕੀ ਦਾ ਲੋਹਾ ਮਨਵਾਇਆ। ਦਰਸ਼ਕਾਂ ਦੀ ਫਰਮਾਇਸ਼ ਉੱਤੇ ਗਾਇਕ ਪੂਨਮ ਅਤੇ ਰਸ਼ਪਾਲ ਫਰਵਾਲਾ ਨੇ ਚਾਰ ਦਹਾਕੇ ਪੁਰਾਣੇ ਗੀਤ "ਜੇ ਮੁੰਡਿਆ ਵੇ ਸਾਡੀ ਤੋਰ ਤੂੰ ਵੇਖਣੀ" ਗਾ ਕੇ ਸਰੋਤੇ ਝੂਮਣ ਲਾ ਦਿੱਤੇ। ਜਸਵੰਤ ਸਿੰਘ ਸ਼ਾਦ ਤੇ ਅਵਤਾਰ ਲਾਖਾ ਨੇ ਬਜ਼ੁਰਗਾਂ ਦੀ ਹਾਲਤ ਉੱਤੇ ਸਕਿੱਟ "ਬਾਬਾ ਬੋਲਦਾ" ਕਰ ਕੇ ਖ਼ੂਬ ਹਸਾਇਆ। ਮੁਟਿਆਰਾਂ ਅਮਨਪ੍ਰੀਤ ਸੰਧੂ ਤੇ ਅੰਮ੍ਰਿਤਾ ਡੋਡ ਨੇ ਇੱਕ ਦੋਗਾਣੇ ਉੱਤੇ ਡਾਂਸ ਕਰਕੇ ਵਾਹ ਵਾਹ ਖੱਟੀ।

ਪਰਮਜੀਤ ਦੁਆਰਾ ਤਿਆਰ ਕਰਵਾਈ ਬਹੁਤ ਹੀ ਭਾਵਪੂਰਤ ਸਕਿੱਟ ਨੇ ਇੱਕ ਵੱਖਰਾ ਮਹੌਲ ਸਿਰਜਿਆ । ਸੋਸਾਇਟੀ ਦੀ ਰਵਾਇਤ ਅਨੁਸਾਰ ਇਸ ਵਾਰ ਉੱਘੇ ਸ਼ਾਇਰ ਦਲਵੀਰ 'ਦਿਲ' ਨਿੱਝਰ (ਸਾਬਕਾ ਪ੍ਰਧਾਨ ਪੰਜਾਬੀ ਸਾਹਿਤ ਸਭਾ ਕੈਲੇਫੋਰਨੀਆਂ) ਨੂੰ ਉਹਨਾਂ ਦੀਆਂ ਸਾਹਿਤਕ ਸੇਵਾਵਾਂ ਲਈ ਉੱਘੇ ਹਾਕੀ ਉਲੰਪੀਅਨ ਸ. ਬਲਬੀਰ ਸਿੰਘ ਵਲੋਂ ਪਲੇਕ ਦੇ ਕੇ ਸਨਮਾਨਿਤ ਕੀਤਾ ਗਿਆ।

ਅਖ਼ੀਰ ਵਿੱਚ ਸਾਰੇ ਸੋਸਾਇਟੀ ਮੈਂਬਰਾਂ ਵਲੋਂ ਸਾਰੇ ਕਲਾਕਾਰਾਂ ਨੂੰ ਸਨਮਾਨਿਤ ਕੀਤਾ ਗਿਆ। ਰਸ਼ਪਾਲ ਸਿੰਘ ਫਰਵਾਲਾ ਅਤੇ ਰਾਜਿੰਦਰ ਪਾਲ ਸਿੰਘ, ਅਮਰੀਕ ਸਿੰਘ, ਤੀਰਥ ਸਹੋਤਾ, ਪਰਮਜੀਤ ਢਿੱਲੋਂ, ਅਜਾਇਬ ਕਾਹਲੋਂ, ਦੇਬੀ ਗਿੱਲ, ਸੁਖਰਾਜ ਔਲਖ ਵਰਿੰਦਰ ਸੰਘੇੜਾ, ਕਮਲ ਬੰਗਾ, ਪਰਮਿੰਦਰ ਵਿਰਕ, ਅਵਤਾਰ ਸਿੰਘ ਡੋਡ, ਮਨੋਹਰ ਲਾਲ ਰੱਤੀ ਵਿਜੇ ਪਰਹਾਰ ਰਾਜ ਬਰਾੜ, ਬਖਸ਼ੀਸ਼ ਗਿੱਲ ਬਲਵੰਤ ਕੰਦੋਲਾ, ਜਤਿੰਦਰ ਬੀਸਲਾ ਬਲਦੇਵ ਗਰੇਵਾਲ, ਗੁਰਪਾਲ ਤੱਖਰ ਯਾਦਵਿੰਦਰ ਗਿੱਲ, ਗੁਰਮਿੰਦਰ ਗੁਰੀ ਅਤੇ ਭਿਲੀ ਸਿੰਘ ਸੰਧੂ ਨੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ। ਯਾਦ ਰਹੇ ਕਿ ਇਸੇ ਸੋਸਾਇਟੀ ਵਲੋਂ ਸਲਾਨਾ ਤੀਆਂ ਦਾ ਮੇਲਾ 15 ਜੁਲਾਈ ਨੂੰ ਕਰਵਾਇਆ ਜਾ ਰਿਹਾ ਹੈ।





## ਉੱਘੇ ਸਿੱਖ ਵਿਦਵਾਨ ਭਾਈ ਅਜਮੇਰ ਸਿੰਘ ਦੀਆਂ ਬੇਹੱਦ ਪੜ੍ਹਣ ਯੋਗ ਪੁਸਤਕਾਂ

*ਹੁਣ ਅਮਰੀਕਾ ਵਿੱਚ ਘਰ ਬੈਠੇ ਪ੍ਰਾਪਤ ਕਰ ਸਕਦੇ ਹੋ:*




ਕੀਮਤ ਇੱਕ ਪੁਸਤਕ : 20 ਡਾਲਰ (ਡਾਕ ਖਰਚੇ ਸਮੇਤ)
ਸਾਰੀਆਂ ਪੁਸਤਕਾਂ ਦਾ ਸੈੱਟ : 100 ਡਾਲਰ (ਡਾਕ ਖਰਚੇ ਸਮੇਤ)

ਹੋਰ ਜਾਣਕਾਰੀ ਸੰਪਰਕ ਕਰੋ :
ਤਜਿੰਦਰ ਸਿੰਘ 916-529-7877
ਜਸਜੀਤ ਸਿੰਘ ਫੋਨ :510 875 3279



ਅੰਮ੍ਰਿਤਸਰ ਟਾਈਮਜ਼
Weekly Punjabi Newspaper

Corporate Office
4127 Bay Street, Suite 8
Fremont, CA 94538
Email: asrtimes@gmail.com

ਵਧੇਰੇ ਜਾਣਕਾਰੀ ਤੇ ਖਬਰਾਂ ਲਈ ਸੰਪਰਕ
Tel: (510) 240-5949 • Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157 • (510) 677-2777 Jai Singh



ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

# ਅਮਰਿੰਦਰ ਸਿੰਘ ਨੇ ਰਾਵੀ ਦਰਿਆ ਦਾ ਪਾਕਿਸਤਾਨ ਨੂੰ ਜਾਂਦਾ ਪਾਣੀ ਰੋਕਣ ਲਈ ਕੇਂਦਰ ਤੋਂ ਮੰਗੀ ਇਮਦਾਦ

## ਹਰਿਆਣਾ ਦੇ ਮੁੱਖ ਮੰਤਰੀ ਖੱਟਰ ਨੇ ਵੀ ਕੈਪਟਨ ਨੂੰ ਲਿਖਿਆ ਪੱਤਰ



**ਚੰਡੀਗੜ੍ਹ / ਬਿਊਰੋ ਨਿਊਜ਼ :** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਰਾਵੀ ਦਰਿਆ ਦੇ ਪਾਕਿਸਤਾਨ ਨੂੰ ਜਾਂਦੇ ਪਾਣੀ ਨੂੰ ਰੋਕਣ ਲਈ ਕੇਂਦਰ ਤੋਂ ਇਮਦਾਦ ਮੰਗਦਿਆਂ ਮਾਹਿਰਾਂ ਦੇ ਤਕਨੀਕੀ ਪੈਨਲ ਦੇ ਗਠਨ ਅਤੇ ਹਿਮਾਚਲ ਪ੍ਰਦੇਸ਼ ਵਿੱਚ ਡੈਮ ਬਣਾਏ ਜਾਣ ਦੀ ਤਜਵੀਜ਼ ਰੱਖੀ ਹੈ।

ਪੱਤਰਕਾਰਾਂ ਦੇ ਰੂਬਰੂ ਹੁੰਦਿਆਂ ਮੁੱਖ ਮੰਤਰੀ ਨੇ ਇਕ ਸਵਾਲ ਦੇ ਜਵਾਬ ਵਿੱਚ ਕਿਹਾ ਕਿ ਇਸ ਮਸਲੇ 'ਤੇ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟੜ ਵੱਲੋਂ ਲਿਖਿਆ ਪੱਤਰ ਅਜੇ ਉਨ੍ਹਾਂ ਨੂੰ ਨਹੀਂ ਮਿਲਿਆ, ਪਰ ਉਨ੍ਹਾਂ ਸਾਫ਼ ਕਰ ਦਿੱਤਾ ਕਿ ਪੰਜਾਬ ਸਰਕਾਰ ਸੂਬੇ ਲਈ ਹੋਰ ਪਾਣੀ ਸੁਰੱਖਿਅਤ ਬਣਾਉਣ ਲਈ ਸਾਰੇ ਸੰਭਵ ਕਦਮ ਚੁੱਕੇਗੀ। ਕੈਪਟਨ ਨੇ ਕਿਹਾ ਕਿ ਉਨ੍ਹਾਂ ਜਲ ਵਸੀਲਿਆਂ ਬਾਰੇ ਕੇਂਦਰੀ ਮੰਤਰੀ ਨਿਤਿਨ ਗਡਕਰੀ ਨੂੰ ਪੱਤਰ ਲਿੱਖ ਕੇ ਪਾਕਿਸਤਾਨ ਨੂੰ ਪਾਣੀ ਦਾ ਵਹਾਅ ਰੋਕਣ ਲਈ ਹਿਮਾਚਲ ਪ੍ਰਦੇਸ਼ ਵਿੱਚ ਡੈਮ ਬਣਾਉਣ ਦਾ ਸੁਝਾਅ ਦਿੱਤਾ ਹੈ। ਗੌਰਤਲਬ ਹੈ ਕਿ 1960 ਵਿੱਚ ਹੋਏ ਸਿੰਧੂ ਜਲ ਸਮਝੌਤੇ ਤਹਿਤ ਭਾਰਤ ਨੂੰ ਰਾਵੀ, ਬਿਆਸ ਤੇ ਸਤਲੁਜ ਦਰਿਆਵਾਂ ਵਿੱਚ ਉਪਲਬਧ ਪਾਣੀ ਦੀ ਬਿਨਾਂ ਰੋਕ-ਟੋਕ ਵਰਤੋਂ ਕਰਨ ਦੀ ਆਗਿਆ ਮਿਲੀ ਸੀ। ਉਂਜ ਜੱਲਿਆਲੀਆ, ਤਰਨਾ ਆਦਿ ਟ੍ਰਿਬਿਊਟਰੀਆਂ ਰਾਹੀਂ ਰਾਵੀ ਦਾ ਪਾਣੀ ਅੰਤਰਰਾਸ਼ਟਰੀ ਸਰਹੱਦ ਨੂੰ ਪਾਰ ਕਰਕੇ ਪਾਕਿਸਤਾਨ ਜਾ ਰਿਹਾ ਹੈ। ਰਾਵੀ ਦਰਿਆ ਦੇ ਪਾਕਿਸਤਾਨ ਨੂੰ ਜਾਂਦੇ ਪਾਣੀ ਦੀ ਮਾਤਰਾ 0.58 ਐਮਏਐਫ ਦੇ ਕਰੀਬ ਹੈ। ਪੰਜਾਬ ਸਰਕਾਰ ਨੇ ਸਾਲ 2015 ਵਿੱਚ ਇੱਕ ਰਿਪੋਰਟ ਪੇਸ਼ ਕਰਕੇ ਦੋ ਬਦਲ ਸੁਝਾਏ ਸਨ। ਮਕੌਰਾ ਪੱਤਣ ਅਤੇ ਜੈਨਪੁਰ ਤੋਂ ਯੂਬੀਡੀਸੀ ਵਿੱਚ ਪਾਣੀ ਪੰਪ ਕਰਨਾ ਸੀ। ਸ਼ਾਹਪੁਰ ਕੰਢੀ ਡੈਮ ਦੇ ਮੁਕੰਮਲ ਹੋਣ ਨਾਲ ਕਾਫੀ ਪਾਣੀ ਰੁਕ ਜਾਵੇਗਾ, ਪਰ ਹੋਰ ਪਾਣੀ ਨੂੰ ਰੋਕਣ ਲਈ ਡੈਮ ਬਣਾਉਣੇ ਪੈਣਗੇ। ਪਿਛਲੇ ਸਾਲ 3 ਮਾਰਚ ਨੂੰ ਭਾਰਤ ਸਰਕਾਰ ਨੇ ਸਿੰਚਾਈ ਵਿਭਾਗ ਨਾਲ ਸਬੰਧਿਤ ਅਧਿਕਾਰੀਆਂ ਦੀ ਕੌਮੀ ਪ੍ਰਾਜੈਕਟਾਂ ਨੂੰ ਲਾਗੂ ਕਰਨ ਲਈ ਉੱਚ ਪੱਧਰੀ ਕਮੇਟੀ ਗਠਿਤ ਕੀਤੀ ਸੀ। ਇਸ ਕਮੇਟੀ ਲੰਘੀ 5 ਦਸੰਬਰ ਨੂੰ ਰਾਵੀ ਤੇ ਬਿਆਸ ਦਰਿਆਵਾਂ ਦੀਆਂ ਸਬੰਧਤ ਥਾਵਾਂ ਦਾ ਦੌਰਾ ਕੀਤਾ ਅਤੇ ਇਸ ਦੀ ਰਿਪੋਰਟ ਦੇ ਅਧਾਰ ਤੇ ਅਗਲੀ ਕਾਰਵਾਈ ਕੀਤੀ ਜਾਵੇਗੀ।

ਜ਼ਿਕਰਯੋਗ ਹੈ ਕਿ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਲਈ ਪੱਤਰ ਲਿਖ ਕੇ ਦਰਿਆਈ ਪਾਣੀਆਂ ਦੇ ਵਿਵਾਦ ਨੂੰ ਮੁੜ ਛੇੜ ਦਿੱਤਾ ਹੈ। ਉਨ੍ਹਾਂ ਨੇ ਇਸ ਮੁੱਦੇ ਦੇ ਹੱਲ ਲਈ ਦੋਵਾਂ ਸੂਬਿਆਂ ਦੇ ਸੀਨੀਅਰ ਅਧਿਕਾਰੀਆਂ ਦੀ ਮੀਟਿੰਗ ਸੱਦਣ ਦੀ ਵੀ ਸਲਾਹ ਦਿੱਤੀ ਹੈ।

ਪੰਜਾਬ ਸਰਕਾਰ ਨੇ ਮੌਨਸੂਨ ਦੇ ਮੌਸਮ ਵਿੱਚ ਰਾਵੀ ਦਰਿਆ ਦੇ ਪਾਕਿਸਤਾਨ ਨੂੰ ਜਾਂਦੇ ਪਾਣੀ ਨੂੰ ਰੋਕਣ ਲਈ ਸ਼ਾਹਪੁਰ ਕੰਢੀ ਡੈਮ ਬਣਾਉਣ ਲਈ ਜੰਮੂ ਕਸ਼ਮੀਰ ਸਰਕਾਰ ਨਾਲ ਗੱਲਬਾਤ ਸ਼ੁਰੂ ਕੀਤੀ ਹੋਈ ਹੈ। ਉਚ ਪੱਧਰੀ ਸੂਤਰਾਂ ਅਨੁਸਾਰ ਅਗਲੇ ਦੋ, ਤਿੰਨ ਮਹੀਨਿਆਂ ਵਿੱਚ ਦੋਵਾਂ ਸੂਬਿਆਂ ਵਿਚਾਲੇ ਵੱਖ ਵੱਖ ਮੁੱਦਿਆਂ ਉੱਤੇ ਸਹਿਮਤੀ ਬਣਨ ਦੇ ਆਸਾਰ ਹਨ। ਡੈਮ ਦੀ ਉਸਾਰੀ ਦਾ ਕੰਮ ਕਈ ਸਾਲ ਪਹਿਲਾਂ ਰੁਕ ਗਿਆ ਸੀ ਤੇ ਇਸ ਦੀ ਉਸਾਰੀ ਸ਼ੁਰੂ ਕਰਵਾਉਣ ਲਈ ਪੰਜਾਬ ਸਰਕਾਰ ਨੇ ਸਾਲ ਪਹਿਲਾਂ ਸਰਗਰਮੀ ਸ਼ੁਰੂ ਕੀਤੀ ਹੈ ਤੇ ਇਸ ਬਾਰੇ ਪੰਜਾਬ ਸਰਕਾਰ ਦੇ ਅਧਿਕਾਰੀਆਂ ਤੇ ਸਿੰਜਾਈ ਮੰਤਰੀ ਦੀ ਜੰਮੂ ਕਸ਼ਮੀਰ ਦੇ ਸੀਨੀਅਰ ਅਧਿਕਾਰੀਆਂ ਨਾਲ ਗੱਲਬਾਤ ਹੋ ਚੁੱਕੀ ਹੈ ਤੇ ਕੁੱਝ ਮੁੱਢਲੇ ਅੜਿੱਕੇ ਦੂਰ ਹੋਣ ਬਾਰੇ ਪਤਾ ਲੱਗਾ ਹੈ। ਹਰਿਆਣਾ ਦੇ ਮੁੱਖ ਮੰਤਰੀ ਵੱਲੋਂ ਪੰਜਾਬ ਦੇ ਮੁੱਖ ਮੰਤਰੀ ਨੂੰ ਪੱਤਰ ਲਿਖੇ ਜਾਣ ਬਾਰੇ ਜਦੋਂ ਪੰਜਾਬ ਸਰਕਾਰ ਦੇ ਇਕ ਸੀਨੀਅਰ ਅਧਿਕਾਰੀ ਤੋਂ ਜਾਣਕਾਰੀ ਲੈਣ ਦੀ ਕੋਸ਼ਿਸ਼ ਕੀਤੀ ਤਾਂ ਉਨ੍ਹਾਂ ਕਿਹਾ ਕਿ ਪੱਤਰ ਲਿਖੇ ਜਾਣ ਬਾਰੇ ਉਨ੍ਹਾਂ ਨੂੰ ਜਾਣਕਾਰੀ ਨਹੀਂ ਹੈ।

ਹਰਿਆਣਾ ਦੇ ਮੁੱਖ ਮੰਤਰੀ ਨੇ ਆਪਣੇ ਪੱਤਰ ਵਿੱਚ ਪੰਜਾਬ ਦੇ ਮੁੱਖ ਮੰਤਰੀ ਨੂੰ ਕਿਹਾ ਹੈ ਕਿ ਪੰਜਾਬ ਤੇ ਹਰਿਆਣਾ ਵਿੱਚ ਪਾਣੀ ਦੀ ਬਹੁਤ ਵੱਡੀ ਸਮੱਸਿਆਂ ਪੈਦਾ ਹੋ ਚੁੱਕੀ ਹੈ ਤੇ ਜ਼ਮੀਨ ਹੇਠਲਾ ਪਾਣੀ ਬਹੁਤ ਜ਼ਿਆਦਾ ਡੂੰਘਾ ਹੋ ਚੁੱਕਾ ਹੈ ਤੇ ਇਸ ਨੂੰ ਕੱਢਣਾ ਆਸਾਨ ਨਹੀਂ ਰਹਿ ਗਿਆ। ਉਨ੍ਹਾਂ ਕਿਹਾ ਕਿ ਉਨ੍ਹਾਂ ਆਪਣੇ ਸੂਬੇ ਦੇ ਮੁੱਖ ਸਕੱਤਰ ਅਤੇ ਸਿੰਜਾਈ ਸਕੱਤਰ ਨੂੰ ਫੌਰੀ ਲੋੜੀਂਦੇ ਕਦਮ ਚੁੱਕਣ ਲਈ ਕਿਹਾ ਹੈ। ਹਰਿਆਣਾ ਦੇ ਮੁੱਖ ਮੰਤਰੀ ਨੇ ਇਸ ਤਰ੍ਹਾਂ ਦਾ ਪੱਤਰ ਲਿਖ ਕੇ ਜਿੱਥੇ ਪੰਜਾਬ ਦੇ ਪਾਣੀਆਂ ਉੱਤੇ ਆਪਣਾ ਇੱਕ ਵਾਰ ਫਿਰ ਹੱਕ ਜਤਾਉਣ ਦੀ ਕੋਸ਼ਿਸ਼ ਕੀਤੀ ਹੈ ਉੱਥੇ ਹੀ ਹਰਿਆਣਾ ਨੂੰ ਰਾਵੀ ਦਰਿਆ ਦੇ ਪਾਣੀ ਵਿੱਚੋਂ ਬਣਦਾ ਹਿੱਸਾ ਮਿਲਣ ਦੀ ਸੰਭਾਵਨਾ ਬਾਰੇ ਨਵੀਂ ਚਰਚਾ ਨੇ ਵੀ ਜਨਮ ਲੈ ਲਿਆ ਹੈ।

# ਮੋਸੂਲ ਤਰਾਸਦੀ ਦੇ ਪੀੜਤ ਪਰਿਵਾਰਾਂ ਦੇ ਜੀਆਂ ਨੂੰ ਤਰਸ ਦੇ ਆਧਾਰ 'ਤੇ ਮਿਲੇਗੀ ਨੌਕਰੀ

**ਚੰਡੀਗੜ੍ਹ/ਬਿਊਰੋ ਨਿਊਜ:** ਸੂਬਾਈ ਸਰਕਾਰ ਨੇ ਇਰਾਕ 'ਚ ਮਾਰੇ ਗਏ ਵਿਅਕਤੀਆਂ ਦੇ ਇਕ ਆਸ਼ਰਿਤ ਨੂੰ ਉਸ ਦੀ ਵਿਦਿਅਕ ਯੋਗਤਾ ਅਤੇ ਸਰਕਾਰ ਦੀ ਨੀਤੀ ਮੁਤਾਬਕ ਨੌਕਰੀ ਦੇਣ ਤੋਂ ਇਲਾਵਾ ਪੰਜ ਲੱਖ ਰੁਪਏ ਐਕਸ-ਗ੍ਰੇਸ਼ੀਆ ਮਦਦ ਦੇਣ ਦਾ ਫ਼ੈਸਲਾ ਕੀਤਾ ਹੈ। ਪੰਜਾਬ ਵਜ਼ਾਰਤ ਨੇ ਇਰਾਕ ਦੇ ਮੌਸੂਲ ਵਿੱਚ ਮਾਰੇ ਗਏ 26 ਵਿਅਕਤੀਆਂ ਦੇ ਪਰਿਵਾਰਕ ਮੈਂਬਰਾਂ ਨੂੰ ਤਰਸ ਦੇ ਆਧਾਰ ਉਤੇ ਮਾਲੀ ਮਦਦ ਅਤੇ ਰੁਜ਼ਗਾਰ ਦੇਣ ਦੀ ਪ੍ਰਵਾਨਗੀ ਦੇ ਦਿੱਤੀ ਹੈ। ਨੌਕਰੀ ਮਿਲਣ ਤਕ ਪੀੜਤ ਪਰਿਵਾਰਾਂ ਨੂੰ ਵੀਹ ਹਜ਼ਾਰ ਰੁਪਏ ਪ੍ਰਤੀ ਮਹੀਨਾ ਸਹਾਇਤਾ ਦਿੱਤੀ ਜਾਵੇਗੀ।

ਇਰਾਕ ਵਿਚ ਮਾਰੇ ਗਏ 26 ਪੰਜਾਬੀਆਂ ਦੇ ਪਰਿਵਾਰਾਂ ਦੇ ਮੈਂਬਰਾਂ ਨੂੰ ਪੰਜ ਲੱਖ ਰੁਪਏ ਐਕਸ-ਗ੍ਰੇਸ਼ੀਆ ਦੇ ਹਿਸਾਬ ਨਾਲ 1.30 ਕਰੋੜ ਰੁਪਏ ਪਹਿਲਾਂ ਹੀ ਜਾਰੀ ਕੀਤੇ ਜਾ ਚੁੱਕੇ ਹਨ। ਮਾਰੇ ਗਏ ਇਕ ਵਿਅਕਤੀ ਦਾ ਕਾਨੂੰਨੀ ਤੌਰ 'ਤੇ ਕੋਈ ਵਾਰਿਸ ਨਹੀਂ ਹੈ ਤੇ ਇਸ ਲਈ 26 ਵਾਰਸਾਂ ਨੂੰ ਸਹਾਇਤਾ ਦਿੱਤੀ ਹੈ। ਪੀੜਤ ਪਰਿਵਾਰਾਂ ਦੇ ਦੁੱਖ ਅਤੇ ਮੁਸ਼ਕਲਾਂ ਨੂੰ ਧਿਆਨ ਵਿੱਚ ਰੱਖਦਿਆਂ ਕੈਬਨਿਟ ਨੇ 21 ਨਵੰਬਰ, 2002 ਵਿੱਚ ਨੋਟੀਫਾਈ ਕੀਤੀ ਗਈ ਸੂਬਾਈ ਸਰਕਾਰ ਦੀ ਮੌਜੂਦਾ ਨੀਤੀ ਵਿੱਚ ਢਿੱਲ ਦੇਣ ਦਾ ਫ਼ੈਸਲਾ ਕੀਤਾ, ਹਾਲਾਂਕਿ ਇਸ ਨੀਤੀ ਦੀਆਂ ਬਾਕੀ ਸ਼ਰਤਾਂ ਬਰਕਰਾਰ ਰਹਿਣਗੀਆਂ।

ਸਰਕਾਰ ਨੇ ਰੁਜ਼ਗਾਰ ਮੁਹੱਈਆ ਕਰਾਏ ਜਾਣ ਤਕ ਪੀੜਤ ਪਰਿਵਾਰਾਂ ਨੂੰ ਮੁੱਖ ਮੰਤਰੀ ਰਾਹਤ ਕੋਸ਼ ਵਿੱਚੋਂ 20 ਹਜ਼ਾਰ ਰੁਪਏ ਪ੍ਰਤੀ ਮਹੀਨਾ ਪੈਨਸ਼ਨ ਜਾਰੀ ਰੱਖਣ ਦਾ ਵੀ ਫ਼ੈਸਲਾ ਕੀਤਾ ਹੈ।

ਇਕ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਮੁੱਖ ਮੰਤਰੀ ਦੇ ਨਿਰਦੇਸ਼ਾਂ 'ਤੇ 26 ਪੰਜਾਬੀਆਂ ਦੇ ਪਰਿਵਾਰਕ ਮੈਂਬਰਾਂ ਨੂੰ ਪੰਜ ਲੱਖ ਰੁਪਏ ਐਕਸ-ਗ੍ਰੇਸ਼ੀਆ ਦੇ ਹਿਸਾਬ ਨਾਲ ਮੁੱਖ ਮੰਤਰੀ ਰਾਹਤ ਕੋਸ਼ ਵਿੱਚੋਂ 1.30 ਕਰੋੜ ਰੁਪਏ ਪਹਿਲਾਂ ਦੀ ਜਾਰੀ ਕੀਤੇ ਜਾ ਚੁੱਕੇ ਹਨ। ਉਨਾਂ ਦੱਸਿਆ ਕਿ ਰਿਕਾਰਡ ਮੁਤਾਬਕ ਇਰਾਕ ਵਿੱਚ ਮਾਰੇ ਗਏ ਇਕ ਵਿਅਕਤੀ ਦਾ ਕਾਨੂੰਨੀ ਤੌਰ 'ਤੇ ਕੋਈ ਵਾਰਿਸ ਨਹੀਂ ਹੈ।

ਜ਼ਿਕਰਯੋਗ ਹੈ ਕਿ ਇਰਾਕ ਵਿੱਚ ਮਾਰੇ ਗਏ ਪੰਜਾਬ ਦੇ 27 ਵਿਅਕਤੀਆਂ ਦੇ ਪਰਿਵਾਰਕ ਮੈਂਬਰਾਂ ਨੂੰ ਤਰਸ ਦੇ ਆਧਾਰ 'ਤੇ ਨੌਕਰੀ ਦੇਣ ਦਾ ਕੇਸ ਸਰਕਾਰ ਦੀ ਨੀਤੀ ਦੇ ਘੇਰੇ ਵਿੱਚ ਨਹੀਂ ਆਉਂਦਾ ਸੀ, ਜਿਸ ਵਾਸਤੇ ਇਸ ਨੀਤੀ 'ਚ ਢਿੱਲ ਦੇਣ ਦੀ ਲੋੜ ਸੀ। ਪੀੜਤ ਪਰਿਵਾਰਾਂ ਦੇ ਦੁੱਖ ਅਤੇ ਮੁਸ਼ਕਲਾਂ ਨੂੰ ਧਿਆਨ ਵਿੱਚ ਰੱਖਦਿਆਂ ਕੈਬਨਿਟ ਨੇ 21 ਨਵੰਬਰ, 2002 ਵਿੱਚ ਨੋਟੀਫਾਈ ਕੀਤੀ ਗਈ ਸੂਬਾਈ ਸਰਕਾਰ ਦੀ ਮੌਜੂਦਾ ਨੀਤੀ ਵਿੱਚ ਢਿੱਲ ਦੇਣ ਦਾ ਫ਼ੈਸਲਾ ਕੀਤਾ। ਹਾਲਾਂਕਿ ਇਸ ਨੀਤੀ ਦੀਆਂ ਬਾਕੀ ਸ਼ਰਤਾਂ ਬਰਕਰਾਰ ਰਹਿਣਗੀਆਂ।

ਦੱਸਣਯੋਗ ਹੈ ਕਿ ਸਾਲ 2014 ਵਿੱਚ ਮੋਸੂਲ (ਇਰਾਕ) ਵਿੱਚ ਆਈ.ਐਸ.ਆਈ.ਐਸ. ਨੇ 39 ਭਾਰਤੀਆਂ ਨੂੰ ਅਗਵਾ ਕਰਕੇ ਹੱਤਿਆ ਕਰ ਦਿੱਤੀ ਸੀ। ਇਨਾਂ ਦੀਆਂ ਮ੍ਰਿਤਕ ਦੇਹਾਂ ਨੂੰ ਜ਼ਮੀਨ ਵਿੱਚੋਂ ਕੱਢ ਕੇ ਡੀਐਨਏ ਟੈਸਟ ਕਰਾਏ ਗਏ ਸਨ ਅਤੇ ਇਸ ਬਾਅਦ 3 ਅਪਰੈਲ, 2018 ਨੂੰ 27 ਪੰਜਾਬੀਆਂ ਦੀਆਂ ਦੇਹਾਂ ਅੰਮ੍ਰਿਤਸਰ ਲਿਆਂਦੀਆਂ ਗਈਆਂ ਸਨ।







# ਦਿੱਲੀ ਬਣੀ ਭਾਰਤ ਦੀ 'ਰੇਪ' ਕੈਪੀਟਲ

## *ਨਿੱਤ ਹੁੰਦਾ ਹੈ 5 ਤੋਂ ਵੱਧ ਔਰਤਾਂ ਨਾਲ ਬਲਾਤਕਾਰ*

**ਨਵੀਂ ਦਿੱਲੀ/ਸਿੱਖ ਸਿਆਸਤ ਬਿਊਰੋ:** ਦਿੱਲੀ ਪੁਲਿਸ ਦੇ ਅੰਕੜਿਆਂ ਅਨੁਸਾਰ ਚੱਲ ਰਹੇ ਸਾਲ 2018 ਦੇ ਪਹਿਲੇ ਤਿੰਨ ਮਹੀਨਿਆਂ ਵਿਚ ਭਾਰਤ ਦੀ ਰਾਜਧਾਨੀ ਦਿੱਲੀ ਅੰਦਰ ਹਰ ਰੋਜ਼ 5 ਤੋਂ ਵੱਧ ਔਰਤਾਂ ਨਾਲ ਬਲਾਤਕਾਰ ਹੁੰਦਾ ਹੈ। ਪੁਲਿਸ ਅਨੁਸਾਰ ਬੀਤੇ ਸਾਲ 2017 ਵਿਚ ਦਰਜ ਹੋਏ ਬਲਾਤਕਾਰ




ਕੇਸਾਂ ਵਿਚੋਂ 96.63 ਫੀਸਦੀ ਕੇਸਾਂ ਵਿਚ ਬਲਾਤਕਾਰ ਕਰਨ ਵਾਲਾ ਦੋਸ਼ੀ ਪੀੜਤ ਦਾ ਜਾਣਕਾਰ ਸੀ। ਅੰਕੜਿਆਂ ਅਨੁਸਾਰ 1 ਜਨਵਰੀ 2018 ਤੋਂ 15 ਅਪ੍ਰੈਲ 2018 ਤਕ ਬਲਾਤਕਾਰ ਦੇ 578 ਕੇਸ ਦਿੱਲੀ ਵਿਚ ਦਰਜ ਹੋਏ ਹਨ ਜਦਕਿ ਸਾਲ 2017 ਵਿਚ ਇਸ ਸਮੇਂ ਦੌਰਾਨ 563 ਕੇਸ ਦਰਜ ਹੋਏ ਸਨ। ਇਸੇ ਤਰ੍ਹਾਂ ਇਸ ਸਮੇਂ ਦੌਰਾਨ 2018 ਵਿਚ ਹੁਣ ਤਕ ਔਰਤਾਂ ਨਾਲ ਛੇੜਛਾੜ ਦੇ 883 ਕੇਸ ਦਰਜ ਹੋਏ ਹਨ। ਸਰਕਾਰੀ ਅੰਕੜਿਆਂ ਅਨੁਸਾਰ ਦਿੱਲੀ ਅੰਦਰ 2017 ਵਿਚ ਬਲਾਤਕਾਰ ਦੇ ਕੁਲ 2049 ਮਾਮਲੇ ਦਰਜ ਕੀਤੇ ਗਏ ਸਨ ਜਦਕਿ 2016 ਵਿਚ ਕੁਲ 2064 ਮਾਮਲੇ ਦਰਜ ਕੀਤੇ ਗਏ ਸਨ। ਜਿਕਰਯੋਗ ਹੈ ਕਿ ਭਾਰਤ ਦੀ ਇਸ ਰਾਜਧਾਨੀ ਵਿਚ ਵਹਿਸ਼ੀਪੁਣੇ ਦਾ ਪ੍ਰਗਟਾਵਾ ਕਰਦਿਆਂ 1984 ਵਿਚ ਸਰਕਾਰੀ ਪੁਸ਼ਤਪਨਾਹੀ ਹੇਠ ਸੈਂਕੜੇ ਸਿੱਖ ਔਰਤਾਂ ਨਾਲ ਜ਼ਬਰ ਜ਼ਿਨਾਹ ਕੀਤੇ ਗਏ ਸਨ ਤੇ ਹਜ਼ਾਰਾਂ ਸਿੱਖਾਂ ਦਾ ਕਤਲੇਆਮ ਕੀਤਾ ਗਿਆ ਸੀ।

# ਮਨੁੱਖੀ ਹੱਕਾਂ ਲਈ ਅਵਾਜ਼ ਬੁਲੰਦ ਕਰਨ ਵਾਲੇ ਕੈਨੇਡੀਅਨ ਸਿੱਖ ਖਿਲਾਫ ਐਨ.ਆਈ.ਏ ਨੇ ਦੋ ਕੇਸ ਦਰਜ ਕੀਤੇ

**ਚੰਡੀਗੜ੍ਹ/ਸਿੱਖ ਸਿਆਸਤ ਬਿਊਰੋ:** ਭਾਰਤ ਦੀ ਕੌਮੀ ਜਾਂਚ ਅਜੈਂਸੀ (ਐਨ.ਆਈ.ਏ) ਨੇ ਕੈਨੇਡੀਅਨ ਸਿੱਖ ਹਰਦੀਪ ਸਿੰਘ ਨਿੱਝਰ ਖਿਲਾਫ ਦੋ ਮਾਮਲੇ ਦਰਜ ਕੀਤੇ ਹਨ। ਇਸ ਤੋਂ ਪਹਿਲਾਂ ਸਾਲ 2016 ਵਿਚ ਪੰਜਾਬ ਪੁਲਿਸ ਵਲੋਂ ਨਿੱਝਰ ਖਿਲਾਫ ਮਾਮਲਾ ਦਰਜ ਕੀਤਾ ਗਿਆ ਸੀ। ਗੌਰਤਲਬ ਹੈ ਕਿ ਹਰਦੀਪ ਸਿੰਘ ਨਿੱਝਰ ਦਾ ਕਹਿਣਾ ਹੈ ਕਿ ਉਸਦੇ ਰਾਜਨੀਤਕ ਵਿਚਾਰਾਂ ਕਰਕੇ ਭਾਰਤ ਵਲੋਂ ਉਸਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਐਨ.ਆਈ.ਏ ਦੀ ਵੈਬਸਾਈਟ 'ਤੇ ਪ੍ਰਾਪਤ ਜਾਣਕਾਰੀ ਅਨੁਸਾਰ ਹਰਦੀਪ ਸਿੰਘ ਨਿੱਝਰ ਨੂੰ ਦੋ ਕੇਸਾਂ ਕ੍ਰਮਵਾਰ- RC/15/DLI/2018 ਅਤੇ RCI/18/DLI/2018 ਵਿਚ ਨਾਮਜ਼ਦ ਕੀਤਾ ਗਿਆ ਹੈ।ਕੇਸ ਨੰਬਰ RCI/18/DLI/2018 ਐਨ.ਆਈ.ਏ ਪੁਲਿਸ ਥਾਣੇ ਦਿੱਲੀ ਵਿਚ 2 ਮਈ, 2018 ਨੂੰ ਦਰਜ ਕੀਤਾ ਗਿਆ। ਇਹ ਕੇਸ ਭਾਰਤੀ ਪੈਨਲ ਕੋਡ ਦੀ ਧਾਰਾ 120ਬੀ (ਸਾਜਿਸ਼) ਅਤੇ ਗੈਰਕਾਨੂੰਨੀ ਗਤੀਵਿਧੀਆਂ ਰੋਕੂ ਕਾਨੂੰਨ, 1967 ਦੀ ਧਾਰਾ 13 (ਗੈਰਕਾਨੂੰਨੀ ਗਤੀਵਿਧੀਆਂ), 17 (ਗੈਰਕਾਨੂੰਨੀ ਗਤੀਵਿਧੀਆਂ ਲਈ ਫੰਡ ਇਕੱਠਾ ਕਰਨਾ), 18 (ਸਾਜਿਸ਼ ਲਈ ਸਜ਼ਾ, ਆਦਿ) ਅਤੇ 20 (ਸਰਕਾਰ ਵਲੋਂ ਬੰਦ ਕੀਤੀ ਗਈ ਸੰਸਥਾ ਦੀ ਮੈਂਬਰਸ਼ਿਪ ਲੈਣਾ) ਅਧੀਨ ਦਰਜ ਕੀਤਾ ਗਿਆ ਹੈ।



ਕੇਸ ਨੰਬਰ RC/15/DLI/2018 ਐਨ.ਆਈ.ਏ ਪੁਲਿਸ ਥਾਣੇ ਦਿੱਲੀ ਵਿਚ 14 ਅਪ੍ਰੈਲ, 2018 ਨੂੰ ਦਰਜ ਕੀਤਾ ਗਿਆ। ਇਹ ਕੇਸ ਭਾਰਤੀ ਪੈਨਲ ਕੋਡ ਦੀ ਧਾਰਾ 120ਬੀ (ਸਾਜਿਸ਼), 124 (ਦੇਸ਼ਧ੍ਰੋਹ), 153ਏ (ਭਾਈਚਾਰਕ ਹਿੰਸਾ ਭੜਕਾਉਣਾ), ਗੈਰਕਾਨੂੰਨੀ ਗਤੀਵਿਧੀਆਂ ਰੋਕੂ ਕਾਨੂੰਨ, 1967 ਦੀ ਧਾਰਾ 10 (ਗੈਰਕਾਨੂੰਨੀ ਇਕੱਠ ਦਾ ਮੈਂਬਰ ਹੋਣ ਦੀ ਸਜ਼ਾ, ਆਦਿ), 16 (ਅੱਤਵਾਦੀ' ਕਾਰਵਾਈ ਲਈ ਸਜ਼ਾ), 18 (ਸਾਜਿਸ਼ ਲਈ ਸਜ਼ਾ, ਆਦਿ) ਅਤੇ ਅਸਲਾ ਕਾਨੂੰਨ ਦੀ ਧਾਰਾ 25 ਅਧੀਨ ਮਾਮਲਾ ਦਰਜ ਕੀਤਾ ਗਿਆ ਹੈ। ਜਿਕਰਯੋਗ ਹੈ ਕਿ 2016 ਵਿਚ ਪੰਜਾਬ ਪੁਲਿਸ ਵਲੋਂ ਕੇਸ ਦਰਜ ਕਰਨ ਤੋਂ ਬਾਅਦ ਹਰਦੀਪ ਸਿੰਘ ਨਿੱਝਰ ਨੇ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੂੰ ਇਕ ਚਿੱਠੀ ਲਿਖ ਕੇ ਕਿਹਾ ਸੀ ਕਿ ਭਾਰਤ ਸਰਕਾਰ ਉਨ੍ਹਾਂ ਨੂੰ ਰਾਜਨੀਤਕ ਕਾਰਨਾਂ ਕਰਕੇ ਨਿਸ਼ਾਨਾ ਬਣਾ ਰਹੀ ਹੈ। ਨਿੱਝਰ ਨੇ ਚਿੱਠੀ ਵਿਚ ਕਿਹਾ ਸੀ ਕਿ ਉਹ ਕਿਸੇ ਵੀ ਤਰ੍ਹਾਂ ਦੀ ਹਿੰਸਕ ਕਾਰਵਾਈ ਵਿਚ ਨਾ ਯਕੀਨ ਰੱਖਦੇ ਹਨ, ਨਾ ਸਮਰਥਨ ਕਰਦੇ ਹਨ ਤੇ ਨਾ ਹੀ ਉਨ੍ਹਾਂ ਦੀ ਕਿਸੇ ਹਿੰਸਕ ਕਾਰਵਾਈ ਵਿਚ ਕੋਈ ਸ਼ਮੂਲੀਅਤ ਹੈ। ਉਨ੍ਹਾਂ ਚਿੱਠੀ ਵਿਚ ਲਿਖਿਆ ਸੀ ਕਿ ਉਨ੍ਹਾਂ ਦਾ ਮੰਨਣਾ ਹੈ ਕਿ ਸਿੱਖਾਂ ਹੱਕਾਂ ਲਈ ਅਵਾਜ਼ ਚੁੱਕਣ ਕਾਰਨ, ਉਨ੍ਹਾਂ ਦੀਆਂ ਮਨੁੱਖੀ ਹੱਕਾਂ ਲਈ ਕੀਤੀਆਂ ਜਾ ਰਹੀਆਂ ਕਾਰਵਾਈਆਂ ਨੂੰ ਭਾਰਤ ਸਰਕਾਰ ਅੱਤਵਾਦੀ ਕਾਰਵਾਈਆਂ ਵਜੋਂ ਪੇਸ਼ ਕਰ ਰਹੀ ਹੈ।

# ਸਨਵਾਕੀਨ ਵਿਖੇ ਫੈਮਲੀ ਪਿਕਨਿਕ ਅਤੇ ਕਬੱਡੀ ਟੂਰਨਾਮੈਂਟ 12 ਤੇ 13 ਮਈ ਨੂੰ

**ਫਰਿਜ਼ਨੋ (ਕੁਲਵੰਤ ਧਾਲੀਆਂ/ਨੀਟਾ ਮਾਛੀਕੇ):** ਗੁਰੂ ਨਾਨਕ ਸਪੋਰਟਸ ਕਲੱਬ, ਸਨਵਾਕੀਨ ਅਤੇ ਕਰਮਨ ਵਲੋਂ ਸਨਵਾਕੀਨ ਵਿਖੇ 12 ਤੇ 13 ਮਈ ਸਨਵਾਕੀਨ ਵਿਖੇ ਕਰਵਾਈ ਜਾਣ ਵਾਲੀ ਫੈਮਲੀ ਪਿਕਨਿਕ ਅਤੇ ਕਬੱਡੀ ਟੂਰਨਾਮੈਂਟ ਲਈ ਸਾਰੀਆਂ ਤਿਆਰੀਆਂ ਮੁਕੰਮਲ ਹੋ ਚੁਕੀਆਂ ਹਨ। ਦੋਨੋ ਦਿਨ ਪ੍ਰੋਗਰਾਮ ਸਵੇਰੇ ਠੀਕ 10:00 ਵਜੇ ਸ਼ੁਰੂ ਹੋਣਗੇ।



ਗੁਰੂ ਨਾਨਕ ਸਪੋਰਟਸ ਕਲੱਬ ਦੇ ਸਮੂੰਹ ਮੈਬਰਾਂ ਕਰਮਨ ਵਿਖੇ ਹੋਈ ਇਕ ਵਿਸ਼ੇਸ਼ ਮੀਟਿੰਗ ਦੌਰਾਨ ਹਰ ਸਾਲ ਦੀ ਤਰ੍ਹਾਂ ਹੋਣ ਵਾਲੇ ਨੌਂਵੇ ਵਿਸਾਖੀ ਟੂਰਨਾਮੈਂਟ ਦੀਆਂ ਤਿਆਰੀਆਂ ਅਤੇ ਪ੍ਰਬੰਧਾਂ 'ਤੇ ਗੱਲਬਾਤ ਹੋਈ। ਇਹ ਟੂਰਨਾਮੈਂਟ ਹਰ ਸਾਲ ਦੀ ਤਰ੍ਹਾਂ ਸਨਵਾਕੀਨ ਸ਼ਹਿਰ ਦੇ ਸਕੂਲ ਦੀਆਂ ਗਰਾਊਡਾ ਵਿੱਚ ਹੋਵੇਗਾ ਜੋ ਕਿ ਗੁਰਦੁਆਰਾ ਗੁਰੂ ਨਾਨਕ ਸਿੱਖ ਟੈਂਪਲ ਦੇ ਬਿਲਕੁਲ ਨਜ਼ਦੀਕ ਹੈ ਅਤੇ 'ਪੰਜਾਬ ਸਟਰੀਟ' ਤੋਂ ਇਕ ਪਾਸੇ 'ਤੇ ਹੈ। ਪ੍ਰਬੰਧਕਾਂ ਦੇ ਦੱਸਣ ਅਨੁਸਾਰ 12 ਮਈ ਸ਼ਨਿਚਰਵਾਰ ਨੂੰ ਬੱਚਿਆਂ ਦੀ ਬਾਸਕਟ ਬਾਲ, ਵਾਲੀਬਾਲ, ਸ਼ਾਕਰ, ਕੁਸ਼ਤੀਆਂ, ਭਾਰ ਚੁੱਕਣ ਸਮੇਤ ਹੋਰ ਬਹੁਤ ਸਾਰੀਆਂ ਭਾਰਤੀ ਪ੍ਰਾਪਰਾਗਤ ਖੇਡਾਂ ਹੋਣਗੀਆਂ। ਇਸੇ ਦਿਨ ਪੰਜਾਬੀ ਫੈਮਲੀ ਪਿਕਨਿਕ ਵੀ ਹੋਵੇਗੀ ਜਿਸ ਦੌਰਾਨ ਬੱਚਿਆ ਅਤੇ ਔਰਤਾਂ ਲਈ ਬਹੁਤ ਸਾਰੀਆਂ ਖੇਡਾ, ਵਧੀਆਂ ਪੁਸ਼ਾਕ ਮੁਕਾਬਲਾ, ਲੋਕ ਬੋਲੀਆਂ-ਗੀਤ ਮੁਕਾਬਲਾ ਅਤੇ ਗਿੱਧਾ-ਭੰਗੜਾ ਵੀ ਹਮੇਸਾ ਵਾਂਗ ਦੇਖਣ ਯੋਗ ਹੋਣਗੇ। ਇਲਾਕੇ ਦੇ ਸਕੂਲਾਂ ਵਿੱਚ 4.0 ਗਰੇਡ ਜਾਂ ਵਧੀਕ ਵਾਲੇ ਬੱਚਿਆ ਨੂੰ ਨਕਦ ਇਨਾਮ ਅਤੇ ਟ੍ਰਾਫੀ ਨਾਲ ਸਨਮਾਨਿਤ ਕੀਤਾ ਜਾਵੇਗਾ।

ਪ੍ਰੋਗਰਾਮ ਦੇ ਦੂਸਰੇ ਦਿਨ 13 ਮਈ ਐਤਵਾਰ ਨੂੰ ਪ੍ਰਮੁੱਖ ਤੌਰ 'ਤੇ ਬਾਕੀ ਖੇਡਾਂ ਤੋਂ ਇਲਾਵਾ ਉਪਨ ਕਬੱਡੀ ਅਤੇ ਅੰਡਰ 21 ਸਾਲ ਦੀ ਉਮਰ ਦੇ ਖਿਡਾਰੀਆਂ ਦੀ ਕਬੱਡੀ ਹੋਵੇਗੀ। ਇਨ੍ਹਾਂ ਮੈਚਾਂ ਵਿੱਚ ਹਿੱਸਾ ਲੈਣ ਲਈ ਅੰਤਰ-ਰਾਸ਼ਟਰੀ ਪੱਧਰ ਦੇ ਖਿਡਾਰੀ ਪਹੁੰਚ ਰਹੇ ਹਨ। ਜੇਤੂ ਟੀਮਾਂ ਨੂੰ ਦਿਲਕਸ਼ ਇਨਾਮ ਦਿੱਤੇ ਜਾਣਗੇ। ਔਰਤਾਂ ਅਤੇ ਬੱਚਿਆਂ ਦੇ ਬੈਠਣ ਲਈ ਵਿਸ਼ੇਸ਼ ਪ੍ਰਬੰਧ ਹੋਣਗੇ। ਗੱਡੀਆਂ ਲਈ ਮੁਫਤ ਪਾਰਕਿੰਗ ਅਤੇ ਸੁਰੱਖਿਆ ਦੇ ਪ੍ਰਬੰਧ ਮਜ਼ਬੂਤ ਹੋਣਗੇ। ਦੋਨੋ ਦਿਨ ਗੁਰੂ ਦਾ ਲੰਗਰ ਅਤੁੱਟ ਵਰਤੇਗਾ। ਪ੍ਰਬੰਧਕਾਂ ਵੱਲੋਂ ਸਮੂੰਹ ਪੰਜਾਬੀ ਭਾਈਚਾਰੇ ਨੂੰ ਦੋਨੋ ਦਿਨ ਹਾਜ਼ਰੀਆਂ ਭਰਨ, ਸਮੇਂ ਸਿਰ ਪਹੁੰਚਣ ਅਤੇ ਖੇਡਾਂ ਵਿੱਚ ਹਿੱਸਾ ਲੈਣ ਦੀ ਅਪੀਲ ਕੀਤੀ ਗਈ ਹੈ। ਵਧੇਰੇ ਜਾਣਕਾਰੀ ਲਈ ਮੋਹਨ ਸਿੰਘ ਬਧੇਸ਼ਾ ਨਾਲ ਫੋਨ (559) 248-6694 'ਤੇ ਸੰਪਰਕ ਕੀਤਾ ਜਾ ਸਕਦਾ ਹੈ।

DIAMOND TRANSPORTATION

DIAMOND Transportation Logistics, Inc.

Dry Van ਤੇ Reefer ਦੇ ਕੰਮ ਲਈ
Owner Operators ਦੀ ਲੋੜ

Good Pay

Dedicated Routs

Weekly Payment
ਇਕ ਹਫ਼ਤੇ 'ਚ ਪੇਮੈਂਟ ਲਵੋ



ਅੱਜ ਹੀ ਕਾਲ ਕਰੋ :

ਗੁਲਵਿੰਦਰ ਸਿੰਘ ਗਾਖ਼ਲ
209.487.3699

ਹਰਨੇਕ ਸਿੰਘ ਅਟਵਾਲ
209.351.5965

2850 Loomis Rd, Stockton, CA 95205

# ਪੰਜਾਬ ਸਰਕਾਰ ਤੇ ਥਾਣੇਦਾਰ ਦੀ ਲੜਾਈ ਚੋਣ ਕਮਿਸ਼ਨ ਦੇ ਦਰਬਾਰ ਪੁੱਜੀ

**ਥਾਣੇਦਾਰ ਬਾਜਵਾ ਦੇ ਤਬਾਦਲੇ ਦੀ ਸਿਫ਼ਾਰਸ਼**

**ਜਲੰਧਰ/ਬਿਊਰ ਨਿਊਜ਼ :** ਪੰਜਾਬ ਸਰਕਾਰ ਤੇ ਕਾਂਗਰਸ ਪਾਰਟੀ ਨਾਲ ਖਹਿਬੜਿਆਂ ਥਾਣਾ ਮਹਿਤਪੁਰ ਦਾ ਥਾਣੇਦਾਰ ਪਰਮਿੰਦਰ ਸਿੰਘ ਬਾਜਵਾ ਵਿਭਾਗੀ ਕਾਰਵਾਈ ਦੇ ਸ਼ਿਕੰਜੇ ਵਿਚ ਫਸਦਾ ਦਿਖਾਈ ਦੇ ਰਿਹਾ ਹੈ।



ਜਲੰਧਰ ਦੇ ਡਿਪਟੀ ਕਮਿਸ਼ਨਰ ਵਰਿੰਦਰ ਸ਼ਰਮਾ ਨੇ ਥਾਣੇਦਾਰ ਬਾਜਵਾ ਨੂੰ ਬਦਲਣ ਲਈ ਚੋਣ ਕਮਿਸ਼ਨ ਨੂੰ ਪੱਤਰ ਲਿਖਿਆ ਹੈ। ਇਸ ਪੱਤਰ ਨਾਲ ਪੁਲੀਸ ਵੱਲੋਂ ਥਾਣੇਦਾਰ ਬਾਜਵਾ ਬਾਰੇ ਤਿਆਰ ਕੀਤੀ ਦੋ ਸਫ਼ਿਆਂ ਦੀ ਰਿਪੋਰਟ ਵੀ ਭੇਜੀ ਗਈ ਹੈ ਜਿਸ ਵਿਚ ਦਰਸਾਇਆ ਗਿਆ ਹੈ ਕਿ ਥਾਣੇਦਾਰ ਪਰਮਿੰਦਰ ਸਿੰਘ ਬਾਜਵਾ ਡਿਊਟੀ ਕਰਨ ਦੇ ਯੋਗ ਨਹੀਂ ਹੈ। ਜ਼ਿਲ੍ਹੇ ਦੇ ਮੁੱਖ ਚੋਣ ਅਫਸਰ (ਡੀਸੀ) ਨੇ ਥਾਣੇਦਾਰ ਖਿਲਾਫ਼ ਐਸ.ਐਸ.ਪੀ. ਦਿਹਾਤੀ ਜਲੰਧਰ, ਆਈਜੀ ਜਲੰਧਰ ਰੇਂਜ ਅਤੇ ਜਲੰਧਰ ਸੈਂਟਰਲ ਦੇ ਏ.ਸੀ.ਪੀ. ਵੱਲੋਂ ਤਿਆਰ ਰਿਪੋਰਟ ਦੇ ਆਧਾਰ 'ਤੇ ਪੰਜਾਬ ਦੇ ਚੋਣ ਕਮਿਸ਼ਨਰ ਨੂੰ ਥਾਣੇਦਾਰ ਖਿਲਾਫ਼ ਪੱਤਰ ਲਿਖਿਆ ਹੈ। ਇਸ ਪੱਤਰ ਨਾਲ ਦੋ ਸਫ਼ਿਆਂ ਦੀ ਰਿਪੋਰਟ ਵੀ ਭੇਜੀ ਗਈ ਹੈ। ਐਸ.ਐਸ.ਪੀ. ਦਫ਼ਤਰ ਵੱਲੋਂ ਲਿਖਿਆ ਗਿਆ ਹੈ ਕਿ ਥਾਣੇਦਾਰ ਬਾਜਵਾ ਨੇ 7 ਮਈ ਨੂੰ ਡਿਊਟੀ 'ਤੇ ਹਾਜ਼ਰ ਹੋਣਾ ਸੀ ਜਦਕਿ ਉਹ ਜਲੰਧਰ ਦੇ ਇਕ ਹੋਟਲ 'ਚ ਪ੍ਰੈਸ ਕਾਨਫਰੰਸ ਕਰਦਾ ਰਿਹਾ ਹੈ।

ਜ਼ਿਕਰਯੋਗ ਹੈ ਕਿ ਬਾਜਵਾ ਨੇ ਬੀਤੇ ਦਿਨ ਦੋਸ਼ ਲਾਇਆ ਸੀ ਕਿ ਉਸ ਨੂੰ ਪੰਜ ਦਿਨ ਦੀ ਜਬਰੀ ਛੁੱਟੀ ਦਿੱਤੀ ਗਈ ਸੀ। ਰਿਪੋਰਟ 'ਚ ਲਿਖਿਆ ਹੈ ਕਿ ਥਾਣੇਦਾਰ ਹੋਟਲ 'ਚ ਪੱਤਰਕਾਰਾਂ ਅੱਗੇ ਆਪਣੇ ਦੋ ਨਿੱਜੀ ਰਿਵਾਲਵਰ ਲਹਿਰਾਉਂਦਾ ਰਿਹਾ ਹੈ। ਇਸ ਤੋਂ ਇਲਾਵਾ ਉਸ ਨੇ ਕਈ ਉੱਚ ਅਹੁਦਿਆਂ 'ਤੇ ਬੈਠੇ ਲੋਕਾਂ 'ਤੇ ਨਿੱਜੀ ਟਿੱਪਣੀਆਂ ਕੀਤੀਆਂ ਅਤੇ ਕਈ ਤਰ੍ਹਾਂ ਦੇ ਝੂਠੇ ਦੋਸ਼ ਲਾਏ ਹਨ। ਇਸ ਰਿਪੋਰਟ 'ਚ ਇਕ ਟੀਵੀ ਚੈਨਲ ਦੇ ਪੱਤਰਕਾਰ ਨੂੰ ਧਮਕੀਆਂ ਦੇਣ ਦਾ ਜ਼ਿਕਰ ਵੀ ਕੀਤਾ ਗਿਆ ਹੈ। ਰਿਪੋਰਟ ਲਿਖਿਆ ਹੈ ਕਿ ਚੰਡੀਗੜ੍ਹ ਦੇ ਰਿਪੋਰਟਰ ਨਪਿੰਦਰ ਸਿੰਘ ਬਰਾੜ ਨੂੰ ਬਾਜਵਾ ਨੇ ਫੋਨ 'ਤੇ ਧਮਕਾਇਆ ਜਿਸ ਵੱਲੋਂ ਆਪਣੇ ਚੈਨਲ 'ਤੇ ਉਸ ਦੇ ਹੋਟਲ ਵਿੱਚ ਹੋਣ ਦੀ ਵੀਡੀਓ ਦਿਖਾਈ ਜਾ ਰਹੀ ਸੀ। ਇਸ ਸਬੰਧੀ ਜਦ ਜ਼ਿਲ੍ਹੇ ਦੇ ਮੁੱਖ ਚੋਣ ਅਫ਼ਸਰ (ਡੀ.ਸੀ.) ਨਾਲ ਸੰਪਰਕ ਕੀਤਾ ਗਿਆ ਤਾਂ ਉਨ੍ਹਾਂ ਪੁਸ਼ਟੀ ਕੀਤੀ ਕਿ ਪੁਲੀਸ ਵੱਲੋਂ ਤਿਆਰ ਕੀਤੀ ਸ਼ਿਕਾਇਤ ਅੱਗੇ ਭੇਜ ਦਿੱਤੀ ਹੈ। ਉਧਰ ਮਹਿਤਪੁਰ ਦੇ ਐਸਐਚਓ ਦਾ ਫੋਨ ਅਣਅਧਿਕਾਰਿਤ ਢੰਗ ਨਾਲ ਟੈਪ ਕਰਨ ਦੇ ਦੋਸ਼ਾਂ ਨੂੰ ਰੱਦ ਕਰਦਿਆਂ ਪੰਜਾਬ ਸਰਕਾਰ ਦੇ ਬੁਲਾਰੇ ਨੇ ਦੋਸ਼ ਲਾਇਆ ਹੈ ਕਿ ਸ਼ਾਹਕੋਟ ਜ਼ਿਮਨੀ ਚੋਣ ਤੋਂ ਪਹਿਲਾਂ ਕੈਪਟਨ ਅਮਰਿੰਦਰ ਸਿੰਘ ਸਰਕਾਰ ਵਿਰੁੱਧ ਵੱਡੀ ਸਿਆਸੀ ਸਾਜ਼ਿਸ਼ ਹੋਈ ਹੈ। ਐਸਐਚਓ ਬਾਜਵਾ ਵਲੋਂ ਮੀਡੀਆ ਨੂੰ ਦਿਤੇ ਬਿਆਨਾਂ ਤੇ ਉਨ੍ਹਾਂ ਦੀਆਂ ਵਾਇਰਲ ਹੋਈਆਂ ਵੀਡਿਓਜ਼ ਨੇ ਪੁਲੀਸ ਅਤੇ ਸਮੁੱਚੇ ਪ੍ਰਬੰਧ ਦਾ ਮਜ਼ਾਕ ਉਡਾਇਆ ਹੈ। ਨਿਰਪੱਖ ਚੋਣਾਂ ਲਈ ਮਹਿਤਪੁਰ ਦੇ ਐਸਐਚਓ ਨੂੰ ਤੁਰੰਤ ਬਦਲਣ ਦੀ ਪੰਜਾਬ ਸਰਕਾਰ ਦੀ ਬੇਨਤੀ 'ਤੇ ਚੋਣ ਕਮਿਸ਼ਨ ਨੂੰ

**ਬਾਕੀ ਸਫ਼ਾ 29 'ਤੇ**

# ਦਿਆਲ ਸਿੰਘ ਕਾਲਜ ਦੇ ਮਾਮਲੇ 'ਚ ਦਖ਼ਲ ਨਹੀਂ ਦੇ ਸਕਦੀ ਸਰਕਾਰ : ਸਿਨਹਾ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਦਿਆਲ ਸਿੰਘ (ਈਵਨਿੰਗ) ਕਾਲਜ ਦਾ ਨਾਮ ਵੰਦੇਮਾਤਰਮ ਦਿਆਲ ਸਿੰਘ ਕਾਲਜ ਰੱਖੇ ਜਾਣ ਤੋਂ ਪੈਦਾ ਹੋਏ ਵਿਵਾਦ ਦੌਰਾਨ ਸੰਸਥਾ ਦੇ ਚੇਅਰਮੈਨ ਅਮਿਤਾਭ ਸਿਨਹਾ ਨੇ ਕਿਹਾ ਕਿ ਦਿੱਲੀ ਯੂਨੀਵਰਸਿਟੀ ਖ਼ੁਦਮੁਖਤਿਆਰ ਸੰਸਥਾ ਹੈ ਅਤੇ ਸਰਕਾਰ ਉਸ ਦੇ ਪ੍ਰਸ਼ਾਸਕੀ ਮਾਮਲਿਆਂ ਚ ਦਖ਼ਲ ਨਹੀਂ ਦੇ ਸਕਦੀ। ਉਨ੍ਹਾਂ ਸਿੱਧੇ ਤੌਰ 'ਤੇ ਮਨੁੱਖੀ ਵਸੀਲਾ ਵਿਕਾਸ ਮੰਤਰੀ ਪ੍ਰਕਾਸ਼ ਜਾਵੜੇਕਰ ਨਾਲ ਆਢਾ ਲੈ ਲਿਆ ਹੈ ਅਤੇ ਉਨ੍ਹਾਂ ਨੂੰ ਕਾਨੂੰਨੀ ਕਾਰਵਾਈ ਕਰਨ ਲਈ ਵੰਗਾਰਿਆ ਹੈ। ਸ੍ਰੀ ਜਾਵੜੇਕਰ ਨੇ ਕਿਹਾ ਸੀ ਕਿ ਸਰਕਾਰ ਦਿਆਲ ਸਿੰਘ ਕਾਲਜ ਦਾ ਨਾਮ ਬਦਲੇ ਜਾਣ ਦੀ ਇਜਾਜ਼ਤ ਨਹੀਂ ਦੇਵੇਗੀ ਅਤੇ ਮੰਤਰਾਲੇ ਦੀ ਸਹਿਮਤੀ ਤੋਂ ਬਿਨਾਂ ਕਾਲਜ ਦਾ ਨਾਮ ਬਦਲੇ ਜਾਣ ਕਰਕੇ ਉਹ ਪ੍ਰਬੰਧਕ ਕਮੇਟੀ ਖ਼ਿਲਾਫ਼ ਕਾਰਵਾਈ ਕਰਨਗੇ।ਇਕ ਪ੍ਰੈੱਸ ਕਾਨਫਰੰਸ ਦੌਰਾਨ ਸਿਨਹਾ ਨੇ ਕਿਹਾ, "ਐਚਆਰਡੀ ਮੰਤਰੀ ਨੂੰ ਕੋਈ ਬਿਆਨ ਦੇਣ ਤੋਂ ਪਹਿਲਾਂ ਮੇਰੇ ਨਾਲ ਗੱਲ ਕਰਨੀ ਚਾਹੀਦੀ ਸੀ।" ਸਿਨਹਾ ਨੇ ਕਿਹਾ ਕਿ ਜਦੋਂ ਪਹਿਲੀ ਵਾਰ ਉਸ ਨੇ ਜਾਵੜੇਕਰ ਨਾਲ ਮੁਲਾਕਾਤ ਕੀਤੀ ਸੀ ਤਾਂ ਜ਼ੋਰ ਦਿੱਤਾ ਸੀ ਕਿ ਮਾਮਲਾ ਵਾਈਸ ਚਾਂਸਲਰ ਅਤੇ ਗਵਰਨਿੰਗ ਬਾਡੀ ਵੱਲੋਂ ਨਜਿੱਠਿਆ ਜਾਣਾ ਚਾਹੀਦਾ ਹੈ ਅਤੇ ਉਨ੍ਹਾਂ (ਜਾਵੜੇਕਰ) ਨੇ ਇਸ ਚ ਦਿਲਚਸਪੀ ਦਿਖਾਈ ਸੀ। ਉਸ ਨੇ ਕਿਹਾ, "ਅਸੀਂ ਵਿਚਕਾਰਲਾ ਰਾਹ ਲੱਭਦਿਆਂ ਕਾਲਜ ਦਾ ਨਾਮ ਵੰਦੇਮਾਤਰਮ ਦਿਆਲ ਸਿੰਘ ਕਾਲਜ ਰੱਖ ਦਿੱਤਾ। ਮੈਂ ਨਹੀਂ ਜਾਣਦਾ ਕਿ ਉਹ (ਜਾਵੜੇਕਰ) ਕਿਸੇ ਦਬਾਅ ਹੇਠ ਹਨ ਜਾਂ ਜ਼ੋਰ ਦਿਖਾਉਣ ਦੀ ਰਣਨੀਤੀ ਹੈ।"ਚੇਅਰਮੈਨ ਨੇ ਜ਼ੋਰ ਦੇ ਕੇ ਕਿਹਾ ਕਿ ਕਾਲਜ ਦਾ ਨਾਮ ਬਦਲ ਕੇ ਪ੍ਰਸ਼ਾਸਨ ਨੇ ਕੁਝ ਵੀ ਗਲਤ ਜਾਂ ਕਾਨੂੰਨ ਦੇ ਦਾਇਰੇ ਤੋਂ ਬਾਹਰ ਕੁਝ ਵੀ ਨਹੀਂ ਕੀਤਾ ਹੈ। ਉਸ ਨੇ ਕਿਹਾ ਕਿ ਜੋ ਕੁਝ ਲੋੜੀਂਦਾ ਸੀ, ਉਹ ਕੀਤਾ ਗਿਆ ਹੈ। ਵਿਦਿਆਰਥੀਆਂ ਨੇ ਸਾਲਾਨਾ ਸਮਾਗਮ ਚ ਨਵੇਂ ਨਾਮ ਵਾਲਾ ਬੈਨਰ ਲਗਾਇਆ ਸੀ। ਉਂਜ ਦਿੱਲੀ ਯੂਨੀਵਰਸਿਟੀ ਨੇ ਅਜੇ ਅੰਤਮ ਫ਼ੈਸਲਾ ਲੈਣਾ ਹੈ ਪਰ ਗਵਰਨਿੰਗ ਬਾਡੀ ਪ੍ਰਸ਼ਾਸਕੀ ਫਰਜ਼ਾਂ ਨੂੰ ਦੇਖਣ ਦੇ ਪੂਰੀ ਤਰ੍ਹਾਂ ਨਾਲ ਸਮਰੱਥ ਹੈ। ਜੇਕਰ ਐਚਆਰਡੀ ਮੰਤਰੀ ਇਸ ਲਈ ਕਾਨੂੰਨੀ ਕਾਰਵਾਈ ਕਰਨ ਦਾ ਵਿਚਾਰ ਰੱਖਦੇ ਹਨ ਤਾਂ ਅਜਿਹੇ ਕਦਮ ਦਾ ਸਵਾਗਤ ਹੈ।

# ਬਾਬਾ ਬੇਦੀ ਵਾਲੇ ਸੰਤ ਸਮਾਜ ਨੇ ਬਾਬਾ ਧੁੰਮਾ ਨਾਲੋਂ ਨਾਤਾ ਤੋੜਿਆ

## ਭਾਈ ਰਣਜੀਤ ਸਿੰਘ ਦੀ ਅਗਵਾਈ 'ਚ ਸੰਤ ਸਮਾਜ ਤੇ ਪੰਥਕ ਜਥੇਬੰਦੀਆਂ ਚਲਾਉਣਗੀਆਂ ਸਿੱਖ ਲਹਿਰ



**ਚੰਡੀਗੜ੍ਹ/ਬਿਊਰੋ ਨਿਊਜ਼:** ਬਾਬਾ ਸਰਬਜੋਤ ਸਿੰਘ ਬੇਦੀ ਸਾਬਕਾ ਪ੍ਰਧਾਨ ਸੰਤ ਸਮਾਜ ਸਰਪ੍ਰਸਤ ਪੰਥਕ ਅਕਾਲੀ ਲਹਿਰ, ਬਾਬਾ ਸੇਵਾ ਸਿੰਘ ਰਾਮਪੁਰ ਖੇੜਾ, ਬਾਬਾ ਹਰੀ ਸਿੰਘ ਰੰਧਾਵੇ ਵਾਲੇ, ਬਾਬਾ ਲਖਵੀਰ ਸਿੰਘ ਰਤਵਾੜੇ ਵਾਲੇ, ਗਿਆਨੀ ਰਾਮ ਸਿੰਘ ਮੁਖੀ ਦਮਦਮੀ ਟਕਸਾਲ ਸੰਗਰਾਵਾਂ ਸਮੇਤ ਸਿੱਖ ਪੰਥ ਦੀਆਂ ਨਾਮਵਰ ਸਖਸੀਅਤਾਂ ਜਿਹੜੇ ਵੱਡੇ ਪੱਧਰ 'ਤੇ ਗੁਰਮਤਿ ਪ੍ਰਚਾਰਕ ਸੰਤ ਸਮਾਜ ਨੂੰ ਚਲਾਉਂਦੇ ਆ ਰਹੇ ਸਨ ਨੇ ਮੁੜ ਇਕ ਵਾਰ ਫੇਰ ਅਹਿਮ ਫੈਸਲਾ ਲੈਂਦੇ ਹੋਏ ਮੌਜੂਦਾ ਪੰਥਕ ਹਾਲਾਤ ਦੇ ਮੱਦੇਨਜਰ ਸੰਪ੍ਰਦਾਈ ਸਿੱਖ ਨੌਜਵਾਨ ਪ੍ਰਚਾਰਕਾਂ ਦਾ ਗੁਰਮਤਿ ਪ੍ਰਚਾਰਕ ਦਲ ਬਣਾਉਣ ਦਾ ਅਹਿਮ ਫੈਸਲਾ ਲੈਂਦੇ ਹੋਏ ਧਰਮ ਪ੍ਰਚਾਰ ਦੇ ਨਾਲ ਨਾਲ ਲੋਕ ਭਲਾਈ ਕਾਰਜਾਂ ਨੂੰ ਪ੍ਰਚੰਡ ਕਰਨ ਦਾ ਫੈਸਲਾ ਕੀਤਾ ਹੈ। ਜਿਹੜੇ 30 ਸੰਕਲਪ ਪਹਿਲਾਂ ਸੰਤ ਸਮਾਜ ਦੁਆਰਾ ਲੁਧਿਆਣਾ ਵਿੱਚ ਕੀਤੇ ਸਨ ਨੂੰ ਮੁੜ ਨਵੇ ਤਰੀਕੇ ਨਾਲ ਆਰੰਭ ਕਰਨ ਲਈ ਫੈਸਲਾ ਕੀਤਾ ਹੈ ਉਹਨਾਂ ਆਪਣੀ ਦੇਖ ਰੇਖ ਹੇਠ ਨਵੀ ਬਣਾਈ ਜਾਣ ਵਾਲੀ ਸੰਸਥਾਂ ਇਸ ਸਬੰਧੀ ਸਾਰੀ ਜ਼ਿੰਮੇਵਾਰੀ ਸਿੱਖ ਪ੍ਰਚਾਰਕ ਭਾਈ ਗੁਰਪ੍ਰੀਤ ਸਿੰਘ ਰੰਧਾਵੇ ਵਾਲੇ, ਭਾਈ ਸੁਖਵਿੰਦਰ ਸਿੰਘ ਰਤਵਾੜੇ ਵਾਲੇ, ਬਾਬਾ ਮਹਿੰਦਰ ਸਿੰਘ ਭੜੀ ਵਾਲੇ ਬਾਬਾ ਸੁਖਵੰਤ ਸਿੰਘ ਨਿਰਮਲ ਸੰਪਰਦਾ ਭਾਈ ਉਮਰਾਉ ਸਿੰਘ ਨੂੰ ਸੌਂਪੀ ਗਈ ਹੈ। ਉਹਨਾਂ ਨੂੰ ਸਾਰੇ ਅਧਿਕਾਰ ਦਿੱਤੇ ਗਏ ਹਨ ਕਿ ਉਹ ਜਲਦ ਸੰਸਥਾ ਦਾ ਗਠਨ ਕਰਕੇ ਲਾਮਬੰਦ ਹੋਕੇ ਗੁਰਮਤਿ ਪ੍ਰਚਾਰ ਪ੍ਰਚਾਰ ਦੀ ਲਹਿਰ ਨੂੰ ਆਰੰਭ ਕਰਨ ਤੇ ਨਾਲ ਨਾਲ ਆਧੁਨਿਕ ਤਰੀਕੇ ਨਾਲ ਬੱਚਿਆਂ ਵਿੱਚ ਸਿੱਖੀ ਸਿਧਾਂਤਾਂ ਨਾਲ ਜੋੜਨ ਲਈ ਸਕੂਲਾਂ ਕਾਲਜਾਂ ਰਾਹੀਂ ਪਹੁੰਚ ਬਣਾਉਣ ਤਾਂ ਜੋ ਸਿੱਖ ਨੌਜਵਾਨਾਂ ਨੂੰ ਗੁਰਮਤਿ ਲਹਿਰ ਨਾਲ ਜੋੜਿਆ ਜਾ ਸਕੇ। ਸੰਤ ਸਮਾਜ ਭਾਈ ਰਣਜੀਤ ਸਿੰਘ ਦੀ ਅਗਵਾਈ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਲਈ ਲਾਮਬੰਦ ਹੋ ਰਿਹਾ ਹੈ ਤੇ ਇਨ੍ਹਾਂ ਸੰਤਾਂ ਨੇ ਬਾਬਾ ਹਰਨਾਮ ਸਿੰਘ ਧੁੰਮਾ, ਜਿਹੜੇ ਅਕਾਲੀ ਦਲ (ਬਦਾਲ) ਨਾਲ ਜੁੜੇ ਹੋਏ ਹਨ ਤੋਂ ਅਲੱਗ ਹੋਣ ਦਾ ਫੈਸਲਾ ਕਰ ਲਿਆ ਹੈ। ਬਾਬਾ ਬੇਦੀ ਦਾ ਕਹਿਣਾ ਹੈ ਕਿ ਇਸ ਮੁਹਾਜ ਵਿਚ ਸਮੁੱਚੀਆਂ ਪੰਥਕ ਜਥੇਬੰਦੀਆਂ ਨਿਹੰਗ ਸਿੰਘ ਜਥੇਬੰਦੀਆਂ ਤੇ ਸਭ ਸੰਤ ਸੰਪਰਦਾਵਾਂ ਨੂੰ ਨਾਲ ਜੋੜਿਆ ਜਾਵੇਗਾ ਤੇ ਪੰਥਕ ਹਿੱਤਾਂ ਦੇ ਲਈ ਮੁਹਿੰਮ ਤੇਜ਼ ਕੀਤੀ ਜਾਵੇਗੀ ਤੇ ਪੰਥ ਉੱਪਰ ਭਗਵੇਂ ਹਮਲੇ ਬਰਦਾਸ਼ਤ ਨਹੀਂ ਕੀਤੇ ਜਾਣਗੇ। ਇਸ ਸੰਗਠਨ ਨਾਲ ਕੁਝ ਪ੍ਰੈਸ ਨਾਲ ਜੁੜੇ ਹੋਏ ਵਿਦਵਾਨਾਂ, ਇਤਿਹਾਸਕਾਰਾਂ ਨੂੰ ਜੋੜਿਆ ਜਾਵੇਗਾ।




# ਪੰਜਾਬ ਸਰਕਾਰ ਕੋਲ ਗੁਰੂ ਨਾਨਕ ਸਾਹਿਬ ਦੀ ਜਨਮ ਸ਼ਤਾਬਦੀ ਮਨਾਉਣ ਲਈ ਮੁੱਕੇ ਫ਼ੰਡ

**ਸੁਲਤਾਨਪੁਰ ਲੋਧੀ/ਬਿਊਰੋ ਨਿਊਜ਼ :** ਹੁਣ ਤੱਕ ਸਿੱਖਾਂ ਪਹਿਲੇ ਸਿੱਖ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਜਨਮ ਦਿਹਾੜੇ ਦੇ ਜਸ਼ਨ ਸੰਬੰਧੀ ਪੰਜਾਬ ਸਰਕਾਰ ਦੇ ਨਾਲ-ਨਾਲ ਕੇਂਦਰ ਸਰਕਾਰ ਸੁਲਤਾਨਪੁਰ ਲੋਧੀ ਕਸਬੇ ਦੇ ਬੁਨਿਆਦੀ ਢਾਂਚੇ ਲਈ ਇਕ ਪੈਸਾ ਜਾਰੀ ਨਹੀਂ ਕਰ ਸਕੀ। ਪਾਕਿਸਤਾਨ ਵਿਚ ਨਨਕਾਣਾ ਸਾਹਿਬ ਨਾਲ ਪਹਿਲੇ ਗੁਰੂ ਦੇ ਜੀਵਨ ਦਾ ਸੰਬੰਧ ਸਭ ਤੋਂ ਜਿਆਦਾ ਹੈ। ਜੂਨ 2017 ਵਿਚ ਪੰਜਾਬ ਵਿਧਾਨ ਸਭਾ ਦੇ ਸੈਸ਼ਨ ਵਿਚ ਵਿਧਾਇਕ ਨਵਤੇਜ ਸਿੰਘ ਚੀਮਾ ਵੱਲੋਂ ਪੁੱਛੇ ਗਏ ਇਕ ਸਵਾਲ ਦੇ ਜਵਾਬ ਵਿਚ ਮੁੱਖ ਮੰਤਰੀ ਨੇ ਜਨਮ ਦਿਹਾੜੇ ਦੇ ਜਸ਼ਨ ਦੇ ਮੱਦੇਨਜ਼ਰ ਸ਼ਹਿਰ ਨੂੰ ਨਵਾਂ ਰੂਪ ਦੇਣ ਦਾ ਭਰੋਸਾ ਦਿੱਤਾ ਗਿਆ ਸੀ।

ਇਸ ਤੋਂ ਪਹਿਲਾਂ ਸੰਨ 1969 ਵਿਚ, ਗੁਰੂ ਨਾਨਕ ਦੇਵ ਜੀ ਦੇ 500ਵੇਂ ਜਨਮ ਦਿਹਾੜੇ ਦਾ ਜਸ਼ਨ ਮਨਾਉਣ ਲਈ ਕੈਪਟਨ ਅਮਰਿੰਦਰ ਸਿੰਘ ਦੇ ਦਾਦਾ ਜੀ ਨੂੰ ਮੌਕਾ ਮਿਲਿਆ ਸੀ। ਇਸ ਲਈ, ਸੱਤਾ ਵਿਚ ਆਉਣ ਤੋਂ ਤੁਰੰਤ ਬਾਅਦ ਅਤੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਵੱਡੇ ਪੱਧਰ ਤੇ ਇਸ ਸਮਾਗਮ ਨੂੰ ਮਨਾਉਣ ਦੀ ਘੋਸ਼ਣਾ ਕੀਤੀ ਸੀ ਅਤੇ ਇਸ ਤੋਂ ਬਿਨਾਂ ਬਿਹਾਰ ਸਰਕਾਰ ਨੇ 10ਵੇਂ ਗੁਰੂ ਗੋਬਿੰਦ ਸਿੰਘ ਜੀ ਦੇ ਜਨਮ ਉਤਸਵ ਨੂੰ ਮਨਾਉਣ ਦਾ ਵੀ ਐਲਾਨ ਕੀਤਾ ਸੀ।

ਸਰਕਾਰ ਨੇ ਗੁਰੂ ਨਾਨਕ ਦੇਵ ਜੀ ਦੇ ਜਨਮ ਦਿਹਾੜੇ ਦੇ ਤਿਉਹਾਰ ਲਈ ਮੌਜੂਦਾ ਬਜਟ ਵਿਚ 100 ਕਰੋੜ ਰੁਪਏ ਰੱਖੇ ਹੋਏ ਹਨ। ਪਰ ਅਜੇ ਤੱਕ, ਕੋਈ ਵੀ ਫੰਡ ਜਾਰੀ ਨਹੀਂ ਕੀਤਾ ਗਿਆ ਹੈ। ਇਹ ਮੰਨਿਆ ਜਾ ਰਿਹਾ ਹੈ ਕਿ ਦੇਸ਼ ਭਰ ਵਿਚੋਂ ਅਤੇ ਵਿਦੇਸ਼ਾਂ ਵਿਚੋਂ ਲੱਖਾਂ ਲੋਕ ਇੱਥੇ ਆਉਣ ਵਾਲੇ ਸਾਲ ਦੇ ਸਮਾਰੋਹ ਲਈ ਆਉਣਗੇ। ਕਸਬੇ, ਰਿੰਗ ਰੋਡ, ਚਾਰ ਲੇਨ ਸੜਕਾਂ, ਪਾਣੀ ਦੀ ਸਪਲਾਈ ਅਤੇ ਸੀਵਰੇਜ ਪ੍ਰਣਾਲੀ, ਟੈਂਟ ਸਿਟੀ, ਬੱਸ ਸਟੈਂਡ, ਰੇਲਵੇ ਸਟੇਸ਼ਨ ਦਾ ਰਿਵਾਇਰਮੈਂਟ, ਬਾਈਪਾਸ, ਮਾਝੇ ਅਤੇ ਦੋਆਬਾ ਦੇ ਵਿਚਕਾਰ ਪੁੱਲ ਅਤੇ ਹੋਰ ਵਿਕਾਸ ਕਾਰਜਾਂ ਦਾ ਨਵੀਨੀਕਰਨ ਸਿਰਫ ਛੇ ਮਹੀਨੇ ਵਿਚ ਹੀ ਕੀਤਾ ਜਾਣਾ ਹੈ।

ਮੁੱਖ ਮੰਤਰੀ ਦਫਤਰ ਦੇ ਸੂਤਰਾਂ ਅਨੁਸਾਰ ਵਿਕਾਸ ਅਤੇ ਸ਼ਤਾਬਦੀ ਪ੍ਰੋਗਰਾਮ ਲਈ ਪੰਜਾਬ ਸਰਕਾਰ ਵੱਲੋਂ 315 ਕਰੋੜ ਰੁਪਏ ਦੀ ਤਜਵੀਜ਼ ਕੇਂਦਰ ਸਰਕਾਰ ਨੂੰ ਭੇਜੀ ਗਈ ਹੈ। ਪਰ ਕੇਂਦਰ ਤੋਂ ਕੋਈ ਜਵਾਬ ਨਹੀਂ ਮਿਲਿਆ।

ਪ੍ਰਾਪਤ ਜਾਣਕਾਰੀ ਅਨੁਸਾਰ ਮੁੱਖ ਮੰਤਰੀ ਇਸ ਸਬੰਧ ਵਿਚ ਪ੍ਰਧਾਨ ਮੰਤਰੀ ਨਾਲ ਮਿਲਣ ਦੀ ਯੋਜਨਾ ਬਣਾ ਰਹੇ ਹਨ। ਇੱਥੋਂ ਤੱਕ ਕਿ ਸੁਲਤਾਨਪੁਰ ਲੋਧੀ ਦੇ ਵਸਨੀਕਾਂ ਨੇ ਵੀ ਜਸ਼ਨਾਂ ਦੇ ਮੱਦੇਨਜ਼ਰ ਘਰੇਲੂ ਹਵਾਈ ਅੱਡੇ ਲਈ ਜ਼ਮੀਨ ਮੁਫ਼ਤ ਵਿਚ ਦਾਨ ਕਰਨ ਦੀ ਪੇਸ਼ਕਸ਼ ਕੀਤੀ ਹੈ।

ਸੁਲਤਾਨਪੁਰ ਲੋਧੀ ਵਿਚ, ਗੁਰੂ ਨਾਨਕ ਦੇਵ ਜੀ ਨੇ 14 ਸਾਲ ਤੋਂ ਵੱਧ ਸਮਾਂ ਬਿਤਾਇਆ ਅਤੇ ਸੰਨ 1497 ਵਿਚ ਗੁਰੂ ਸਾਹਿਬ ਪਵਿੱਤਰ ਬੇਈ (ਕਾਲੀ ਬੇਈਨ) ਵਿਚ ਅਲੋਪ ਹੋ ਗਏ ਸਨ ਜਿਸ ਤੋਂ ਬਾਅਦ ਉਹਨਾਂ ਨੇ ਨਾਅਰਾ ਦਿੱਤਾ ਕਿ "ਨਾ ਕੋਈ ਹਿੰਦੂ , ਨਾ ਕੋਈ ਮੁਸਲਮਾਨ" ਜਿਸ ਨਾਲ ਇਕ ਨਵੇਂ ਧਰਮ ਦਾ ਜਨਮ ਹੋਇਆ, ਜੋ ਕਿ ਸਿੱਖ ਧਰਮ ਦੇ ਨਾਲ ਪ੍ਰਚੱਲਿਤ ਹੋਇਆ।

---

*ਸਫ਼ਾ ਇਕ ਦੀ ਬਾਕੀ*

## ਪੰਜਾਬ ਦੀ ਕੈਪਟਨ ਸਰਕਾਰ ਹੋ ਚੁੱਕੀ ਹੈ ਠੁੱਸ

ਉਮੀਦਵਾਰ ਐਲਾਨੇ ਜਾਣ ਤੋਂ ਪਹਿਲਾਂ ਹੀ ਉਸ ਉੱਪਰ ਨਾਜਾਇਜ਼ ਮਾਈਨਿੰਗ ਦੇ ਦੋਸ਼ ਵੱਖ ਵੱਖ ਰੂਪਾਂ ਵਿੱਚ ਉੱਭਰਨੇ ਸ਼ੁਰੂ ਹੋ ਗਏ ਸਨ। ਚਾਰ ਦਿਨ ਉਸ ਦੇ ਖ਼ਿਲਾਫ਼ ਕਾਂਗਰਸ ਟਿਕਟ ਦੇ ਹੋਰਨਾਂ ਦਾਅਵੇਦਾਰਾਂ ਦੀ ਸ਼ਹਿ 'ਤੇ ਪ੍ਰੈੱਸ ਕਾਨਫ਼ਰੰਸਾਂ ਚੱਲਦੀਆਂ ਰਹੀਆਂ। ਅਜਿਹੇ ਨਾਂਹ-ਪੱਖੀ ਪ੍ਰਚਾਰ ਦੇ ਬਾਵਜੂਦ ਪਾਰਟੀ ਨੇ ਜਦੋਂ ਉਸ ਦੀ ਟਿਕਟ ਪੱਕੀ ਕਰ ਦਿੱਤੀ ਤਾਂ ਨਾਜਾਇਜ਼ ਮਾਈਨਿੰਗ ਦਾ ਪਰਚਾ ਦਰਜ ਹੋ ਗਿਆ। ਹੁਣ ਪਾਰਟੀ ਇਸ ਬਦਨਾਮੀ ਤੋਂ ਪਿੱਛਾ ਛੁਡਾਉਣ ਦੇ ਜਿੰਨੇ ਮਰਜ਼ੀ ਯਤਨ ਕਰ ਲਵੇ, ਉਸ ਨੂੰ ਜੋ ਨੁਕਸਾਨ ਹੋਣਾ ਸੀ, ਉਹ ਤਾਂ ਹੋ ਹੀ ਚੁੱਕਾ ਹੈ। ਪਾਰਟੀ ਕੋਲ ਦੋ ਬਦਲ ਬਚੇ ਹਨ: ਬਦਨਾਮੀ ਦੀ ਪਰਵਾਹ ਕੀਤੇ ਬਿਨਾਂ ਲਾਡੀ ਨੂੰ ਜਿਤਾਉਣ ਲਈ ਜਾਂ ਤਾਂ ਉਹ ਹਰ ਜਾਇਜ਼-ਨਾਜਾਇਜ਼ ਹਰਬਾ ਵਰਤੇ; ਅਤੇ ਜਾਂ ਫਿਰ ਉਮੀਦਵਾਰ ਬਦਲ ਦੇਵੇ। ਦੋਵਾਂ ਸੂਰਤਾਂ ਵਿੱਚ ਬਦਨਾਮੀ ਉਸ ਦਾ ਪਿੱਛਾ ਨਹੀਂ ਛੱਡਣ ਵਾਲੀ। ਇਹ ਵਿਰੋਧਾਭਾਸ ਵੀ ਕਿਸੇ ਤੋਂ ਵੀ ਛੁਪਿਆ ਨਹੀਂ ਹੋਇਆ ਕਿ ਇੱਕ ਪਾਸੇ ਤਾਂ ਮੁੱਖ ਮੰਤਰੀ ਕੈਪਟਨ ਨੇ ਰੇਤੇ-ਬਜਰੀ ਦੇ ਨਾਜਾਇਜ਼ ਕਾਰੋਬਾਰ ਦੇ ਖ਼ਿਲਾਫ਼ ਮੁਹਿੰਮ ਵਿੱਢੀ ਹੋਈ ਹੈ, ਦੂਜੇ ਪਾਸੇ ਉਨ੍ਹਾਂ ਨੇ ਪਾਰਟੀ ਟਿਕਟ ਅਜਿਹੇ ਆਗੂ ਨੂੰ ਦਿਵਾਈ ਹੈ ਜੋ ਇਸ ਨਾਜਾਇਜ਼ ਕਾਰੋਬਾਰ ਦਾ ਚਿਹਰਾ-ਮੋਹਰਾ ਮੰਨਿਆ ਜਾਂਦਾ ਹੈ। ਕਾਂਗਰਸ ਪੰਜਾਬ ਵਿੱਚੋਂ ਭ੍ਰਿਸ਼ਟਾਚਾਰ ਮਿਟਾਉਣ ਦਾ ਵਾਅਦਾ ਕਰਕੇ ਵਿਧਾਨ ਸਭਾ ਚੋਣਾਂ ਜਿੱਤੀ ਸੀ। ਪਰ ਸੱਤਾ ਵਿੱਚ ਆਉਂਦਿਆਂ ਹੀ ਇਸ ਦੇ ਵਿਧਾਇਕਾਂ ਨੇ ਰਾਜ ਦੀਆਂ ਨਦੀਆਂ ਦਾ ਰੇਤਾ ਅਤੇ ਸ਼ਾਮਲਾਤੀ ਤੇ ਹੋਰ ਖਾਲੀ ਥਾਵਾਂ ਦੀ ਮਿੱਟੀ ਪੁੱਟ ਪੁੱਟ ਕੇ ਜਿਸ ਬੇਕਿਰਕੀ ਨਾਲ ਵੇਚਣੀ ਸ਼ੁਰੂ ਕੀਤੀ ਅਤੇ ਪੈਸਾ ਬਣਾਉਣ ਦੇ ਹਰ ਸਾਧਨ ਉੱਤੇ ਜਿਵੇਂ ਜਾਇਜ਼-ਨਾਜਾਇਜ਼ ਢੰਗ ਨਾਲ ਕਬਜ਼ਾ ਕੀਤਾ, ਉਸ ਤੋਂ ਲੋਕਾਂ ਦਾ ਇਸ ਪਾਰਟੀ ਬਾਰੇ ਭਰਮ ਬਹੁਤ ਛੇਤੀ ਟੁੱਟ ਗਿਆ। ਹਰਦੇਵ ਸਿੰਘ ਲਾਡੀ ਨੂੰ ਸ਼ਾਹਕੋਟ ਤੋਂ ਪਾਰਟੀ ਟਿਕਟ ਦੇ ਕੇ ਕੈਪਟਨ ਨੇ ਇੱਕ ਨਾਰਾਜ਼ ਧਨ-ਕੁਬੇਰ ਨੂੰ ਤਾਂ ਖ਼ੁਸ਼ ਕਰ ਲਿਆ ਪਰ ਇਹ ਖ਼ੁਸ਼ੀ ਬੜੀ ਥੋੜ੍ਹ-ਚਿਰੀ ਸਾਬਤ ਹੋਈ।

### ਸੁਸਤ ਸਰਕਾਰ

ਸੂਤਰਾਂ ਦੀ ਮੰਨੀਏ ਤਾਂ ਕੈਪਟਨ ਦਾ ਸੂਬੇ ਦੇ ਕੰਮਕਾਜ ਵਿੱਚ ਬਿਲਕੁਲ ਧਿਆਨ ਨਹੀਂ ਹੈ ਅਤੇ ਇਸ ਕਾਰਨ ਪਾਰਟੀ ਦੇ ਅੰਦਰ ਇੱਕ ਬੇਚੈਨੀ ਬਣੀ ਹੋਈ ਹੈ। ਇਹੀ ਨਹੀਂ ਹੁਣ ਤਾਂ ਖਾਲੀ ਪਏ ਸੱਕਤਰੇਤ ਵਿੱਚ ਹੌਲੀ-ਹੌਲੀ ਗੱਲਾਂ ਹੋਣੀਆਂ ਸ਼ੁਰੂ ਹੋ ਗਈਆਂ ਹਨ। ਸਕੱਤਰੇਤ ਦੀ ਦੂਜੀ ਮੰਜ਼ਿਲ 'ਤੇ ਸਖ਼ਤ ਸੁਰੱਖਿਆ ਪ੍ਰਬੰਧਾਂ ਨਾਲ ਘਿਰੇ ਆਪਣੇ ਦਫ਼ਤਰ ਵਿੱਚ ਕੈਪਟਨ ਅਮਰਿੰਦਰ ਸਿੰਘ ਕਿੰਨੀ ਵਾਰ ਆਉਂਦੇ ਹਨ, ਇਹ ਉਂਗਲਾਂ 'ਤੇ ਗਿਣਿਆ ਜਾ ਸਕਦਾ ਹੈ। ਕੈਬਨਿਟ ਦੀਆਂ ਮੀਟਿੰਗਾਂ ਵਿੱਚ ਉਨ੍ਹਾਂ ਦੀ ਕਿੰਨੀ ਹਾਜ਼ਰੀ ਹੁੰਦੀ ਹੈ ਇਹ ਵੀ ਗੱਲ ਕਿਸੇ ਤੋਂ ਲੁਕੀ ਨਹੀਂ ਹੈ। ਕੈਪਟਨ ਅਮਰਿੰਦਰ ਸਿੰਘ ਦੀ ਕੈਬਨਿਟ ਵਿੱਚ ਕੁਝ ਮੰਤਰੀ ਨਿੱਜੀ ਤੌਰ 'ਤੇ ਮੰਨਦੇ ਹਨ ਕਿ ਪਾਰਟੀ ਨੂੰ ਜਿਹੜਾ ਜੋਸ਼ ਤੇ ਲੋਕਾਂ ਦਾ ਸਮਰਥਨ ਵਿਧਾਨ ਸਭਾ ਚੋਣਾਂ ਵਿੱਚ ਮਿਲਿਆ ਸੀ ਉਸ ਨੂੰ ਪਾਰਟੀ ਨੇ ਗੁਆ ਦਿੱਤਾ ਹੈ। ਕਾਂਗਰਸ ਨੂੰ ਵਿਧਾਨ ਸਭਾ ਚੋਣਾਂ ਵਿੱਚ 117 ਵਿਚੋਂ 77 ਸੀਟਾਂ ਮਿਲੀਆਂ ਸਨ ਜੋ ਸੰਨ 1966 ਵਿੱਚ ਹਰਿਆਣਾ ਬਣਨ ਤੋਂ ਬਾਅਦ ਇੱਕ ਰਿਕਾਰਡ ਹੈ। ਜਦੋਂ ਕੈਪਟਨ ਅਮਰਿੰਦਰ ਸਿੰਘ ਪਿਛਲੀ ਵਾਰ ਮੁੱਖ ਮੰਤਰੀ ਬਣੇ ਸੀ ਤਾਂ ਉਨ੍ਹਾਂ ਤੱਕ ਪੁੱਜਣਾ ਬਹੁਤ ਮੁਸ਼ਕਲ ਹੁੰਦਾ ਸੀ ਪਰ ਇਸ ਵਾਰ ਮੁੱਖ ਮੰਤਰੀ ਬਣਨ ਤੋਂ ਬਾਅਦ ਤਾਂ ਉਹ ਗਾਇਬ ਹੀ ਹੋ ਗਏ ਹਨ।

### ਕਿਸਾਨਾਂ ਦੇ ਮਾਮਲੇ 'ਚ ਫੇਲ੍ਹ ਸਰਕਾਰ

ਕਰਜ਼ੇ ਵਿੱਚ ਡੁੱਬੇ ਕਿਸਾਨਾਂ ਦੀ ਕਰਜ਼ ਮੁਆਫ਼ੀ ਦਾ ਐਲਾਨ ਕਰਨ ਵਾਲੀ ਕਾਂਗਰਸ ਸਰਕਾਰ ਪੂਰੇ ਦੇਸ ਵਿਚ ਪਹਿਲੀ ਸਰਕਾਰ ਸੀ ਪਰ ਹੁਣ ਇਸੇ ਮੁੱਦੇ ਨੂੰ ਲੈ ਕੇ ਪੰਜਾਬ ਸਰਕਾਰ ਖੱਜਲ-ਖੁਆਰ ਹੋਈ ਪਈ ਹੈ। ਉੱਥੇ ਹੀ ਦੂਜੇ ਪਾਸੇ ਕੇਂਦਰ ਸਰਕਾਰ ਕਿਸਾਨਾਂ ਨੂੰ ਉਨ੍ਹਾਂ ਦੀ ਲਾਗਤ ਤੋਂ ਉੱਪਰ 50 ਫ਼ੀਸਦ ਮੁਨਾਫ਼ਾ ਦੇਣ ਦੇ ਵਾਅਦੇ ਨੂੰ ਪੂਰਾ ਕਰਨ ਵਿੱਚ ਫੇਲ ਸਾਬਤ ਹੋਈ ਹੈ। ਸ਼ੁਰੂ ਤੋਂ ਹੀ ਕਰਜ਼ ਮੁਆਫ਼ੀ ਨੂੰ ਲੈ ਕੇ ਸਰਕਾਰ ਦੇ ਗੋਲਮਾਲ ਰਵੱਈਆ ਕਾਰਨ ਕਿਸਾਨਾਂ ਨੇ ਸੂਬਾ ਸਰਕਾਰ ਖਿਲਾਫ਼ ਕਈ ਪ੍ਰਦਰਸ਼ਨ ਵੀ ਕੀਤੇ। ਕੈਪਟਨ ਦੇ ਪਿਛਲੇ ਕਾਰਜਕਾਲ ਦੀ ਗੱਲ ਕਰੀਏ ਤਾਂ ਸਾਲ 2002 ਤੋਂ 2007 ਤੱਕ ਅਨਾਜ ਦੀ ਖਰੀਦ ਬੜੇ ਚੰਗੇ ਤਰੀਕੇ ਨਾਲ ਹੁੰਦੀ ਸੀ ਪਰ ਇਸ ਵਾਰ ਅਨਾਜ ਦੇ ਲਿਫਟਿੰਗ ਵਿਚ ਕਾਫ਼ੀ ਦੇਰੀ ਹੋ ਚੁੱਕੀ ਹੈ। ਪੰਜਾਬ ਪੂਰੇ ਦੇਸ ਵਿੱਚ ਸਭ ਤੋਂ ਵੱਧ ਪੈਦਾਵਾਰ ਵਾਲਾ ਸੂਬਾ ਹੈ। ਇਸ ਪੂਰੇ ਮਾਮਲੇ ਨੂੰ ਸਰਕਾਰ ਦੇ ਉੱਚ-ਅਧਿਕਾਰੀਆਂ ਨੇ ਹੀ ਸਾਂਭਿਆ ਅਤੇ ਇਸ ਵਿੱਚ ਨਾ ਲੀਡਰਾਂ ਅਤੇ ਨਾ ਹੀ ਕਿਸਾਨ ਨੇਤਾਵਾਂ ਦੀ ਸ਼ਮੂਲੀਅਤ ਕੀਤੀ ਗਈ। ਇੱਥੋਂ ਤੱਕ ਕਿ ਕੈਬਿਨੇਟ ਮੰਤਰੀਆਂ ਤੋਂ ਵੀ ਸਲਾਹ ਨਹੀਂ ਲਈ ਗਈ। ਕਿਸਾਨਾਂ ਦਾ ਜਿਹੜਾ ਕਰਜ਼ਾ ਮੁਆਫ਼ ਹੋਇਆ ਉਹ ਹਰ ਕੇਸ ਵਿੱਚ ਪੂਰਾ ਦੋ ਲੱਖ ਤੱਕ ਨਹੀਂ ਸੀ ਅਤੇ ਸਿਰਫ਼ ਕਾਪਰੇਟਿਵ ਬੈਂਕਾਂ ਦਾ ਹੀ ਕਰਜ਼ਾ ਇਸ ਵਿੱਚ ਸ਼ਾਮਲ ਸੀ। ਕਰਜ਼ ਮੁਆਫ਼ੀ ਦੇ ਵੱਡੇ ਪ੍ਰੋਗਰਾਮ ਤੋਂ ਪਹਿਲਾਂ ਸਰਕਾਰ ਨੂੰ ਕਿਸਾਨਾਂ ਨੂੰ ਇੱਕਮਤ ਕਰਨਾ ਚਾਹੀਦਾ ਸੀ। ਪਹਿਲੇ ਪ੍ਰੋਗਰਾਮ ਵਿੱਚ ਹੀ ਸਰਕਾਰ ਨੂੰ ਸਮਝ ਆ ਗਿਆ ਕਿ ਕਿਸਾਨਾਂ ਅੰਦਰ ਇਸ ਗੱਲ ਨੂੰ ਲੈ ਕੇ ਕਾਫ਼ੀ ਗੁੱਸਾ ਹੈ।

## ਸਿੱਖ ਇਤਿਹਾਸ ਦੇ ਮਾਮਲੇ 'ਚ ਕੈਪਟਨ ਕੁੜਿਕੀ 'ਚ

12ਵੀਂ ਦੇ ਇਤਿਹਾਸ ਦਾ ਸਿਲੇਬਸ ਪੂਰੀ ਤਰ੍ਹਾਂ ਸਿੱਖ ਇਤਿਹਾਸ 'ਤੇ ਹੀ ਕੇਂਦਰਿਤ ਸੀ। ਸਿੱਖ ਇਤਿਹਾਸ ਨਾਲ ਜੁੜਿਆ ਕੁਝ ਸਿਲੇਬਸ 11ਵੀਂ ਕਲਾਸ ਦੀ ਕਿਤਾਬ ਵਿਚ ਸ਼ਾਮਲ ਕਰ ਦਿੱਤਾ ਗਿਆ ਅਤੇ 12ਵੀਂ ਕਲਾਸ ਵਿੱਚ ਉਸ ਦਾ ਕੁਝ ਹਿੱਸਾ ਹੀ ਰਹਿ ਗਿਆ। ਸਿੱਖਿਆ ਬੋਰਡ ਵੱਲੋਂ 12ਵੀਂ ਕਲਾਸ ਦੀ ਜਿਹੜੀ ਇਤਿਹਾਸ ਦੀ ਕਿਤਾਬ ਬਣਾਈ ਗਈ ਸੀ ਉਸ ਵਿੱਚ ਬਹੁਤ ਗ਼ਲਤੀਆਂ ਹਨ। ਪੰਜਾਬ ਸਕੂਲ ਸਿੱਖਿਆ ਬੋਰਡ ਦੇ ਗਿਆਰਵੀਂ ਤੇ ਬਾਰਵੀਂ ਜਮਾਤ ਦੇ ਸਿਲੇਬਸ ਵਿਚ ਵੱਡੀਆਂ ਤਬਦੀਲੀਆਂ ਨੂੰ ਲੈ ਕੇ ਹੋਈਆਂ ਗਲਤੀਆਂ ਲਈ ਭਾਵੇਂ ਪੰਜਾਬ ਸਰਕਾਰ ਨੇ ਅਧੂਰੀ ਕਿਸਮ ਦੀ ਮੁਆਫੀ ਮੰਗ ਲਈ ਹੈ।

ਪਰ ਦੂਜੇ ਪਾਸੇ ਸਿੱਖਿਆ ਸਕੱਤਰ ਕ੍ਰਿਸ਼ਨ ਕੁਮਾਰ ਦੀ ਅਗਵਾਈ ਵਿੱਚ ਸਾਲ 2010 ਵਿੱਚ ਬੱਚਿਆਂ ਲਈ ਛਪਿਆ ਕੋਸ਼ ਵੀ ਮੁੜ ਸਵਾਲਾਂ ਦੇ ਘੇਰੇ ਵਿੱਚ ਆ ਗਿਆ ਹੈ। ਇਥੇ ਇਹ ਚੇਤੇ ਕਰਾਇਆ ਜਾਂਦਾ ਹੈ ਕਿ ਕ੍ਰਿਸ਼ਨ ਕੁਮਾਰ 'ਗਿਆਨ ਸਰੋਵਰ' ਨਾਂ ਦੇ ਇਸ ਕੋਸ਼ ਦੇ ਮੁੱਖ ਸੰਪਾਦਕ ਸਨ ਤੇ ਨਾਲ ਹੀ ਡਾਇਰੈਕਟਰ ਜਨਰਲ ਸਕੂਲ ਸਿੱਖਿਆ-ਕਮ-ਸਟੇਟ ਪ੍ਰੋਜੈਕਟ ਡਾਇਰੈਕਟਰ ਵੀ ਸਨ। ਦਵਿੰਦਰ ਸਿੰਘ ਬੋਹਾ ਇਸ ਕੋਸ਼ ਦੇ ਸੰਪਾਦਕ ਸਨ ਜਦਕਿ ਕੁਲਦੀਪ ਸਿੰਘ ਦੀਪ ਸਹਿ-ਸੰਪਾਦਕ ਸਨ। ਸੰਪਾਦਕੀ ਮੰਡਲ ਵਿੱਚ ਡਾ ਜਸਬੀਰ ਸਿੰਘ, ਸਤਪਾਲ ਭੀਖੀ, ਗੁਰਨੈਬ ਮਘਾਣੀਆ, ਬਲਜੀਤ ਪਾਲ ਸਿੰਘ, ਅਸ਼ੋਕ ਕੁਮਾਰ ਅਤੇ ਦਰਸ਼ਨ ਸਿੰਘ ਬਰੇਟਾ ਸ਼ਾਮਿਲ ਸਨ।

ਕਰੀਬ 500 ਸਫਿਆਂ ਦੀ 'ਗਿਆਨ ਸਰੋਵਰ' ਪੁਸਤਕ ਵਿੱਚ ਸਿੱਖ ਇਤਿਹਾਸ ਅਤੇ ਸਿੱਖ ਧਰਮ ਬਾਰੇ ਬਹੁਤ ਹੀ ਉਟ-ਪਟਾਂਗ ਜਾਣਕਾਰੀਆਂ ਦਿੱਤੀਆਂ ਗਈਆਂ ਹਨ ਅਤੇ ਇਹ ਸਮਝ ਹੀ ਨਹੀਂ ਆ ਰਿਹਾ ਕਿ ਸੰਪਾਦਕੀ ਮੰਡਲ ਨੇ ਇਹ ਜਾਣਕਾਰੀਆਂ ਕਿੱਥੋਂ ਹਾਸਲ ਕੀਤੀਆਂ ਹਨ? ਮਿਸਾਲ ਦੇ ਤੌਰ 'ਤੇ ਬੇਬੇ ਨਾਨਕੀ ਬਾਰੇ ਜੋ ਜਾਣਕਾਰੀ ਦਿੱਤੀ ਗਈ ਹੈ ਉਸ ਜਾਣਕਾਰੀ ਵਿੱਚ ਇਸ ਹੱਦ ਤੱਕ ਬੱਜਰ ਗਲਤੀ ਕੀਤੀ ਗਈ। ਇਸੇ ਤਰ੍ਹਾਂ 'ਅੰਮ੍ਰਿਤ' ਬਾਰੇ ਜੋ ਜਾਣਕਾਰੀ ਦਿੱਤੀ ਹੈ ਉਹ ਹਿੰਦੂ ਮਿਥਿਹਾਸ ਮੁਤਾਬਕ ਤਾਂ ਕਿਸੇ ਹੱਦ ਤੱਕ ਠੀਕ ਹੈ ਪਰ ਦਸਮੇਸ਼ ਪਿਤਾ ਵੱਲੋਂ ਅਨੰਦਪੁਰ ਸਾਹਿਬ ਵਿੱਚ ਛਕਾਏ ਗਏ ਅੰਮ੍ਰਿਤ ਬਾਰੇ ਅਤੇ ਉਸ ਇਤਿਹਾਸਕ ਘਟਨਾ ਬਾਰੇ ਇੱਕ ਵੀ ਸਤਰ ਨਹੀਂ ਦਿੱਤੀ ਗਈ। ਇਸੇ ਤਰ੍ਹਾਂ ਮਾਤਾ ਗੁਜਰੀ ਜੀ ਬਾਰੇ ਇਹ ਕਿਹਾ ਗਿਆ ਹੈ ਕਿ ਉਨ੍ਹਾਂ ਦੀ ਸਮਾਧ ਗੁਰਦੁਆਰਾ ਜੋਤੀ ਸਰੂਪ ਵਿੱਚ ਮੌਜੂਦ ਹੈ।

ਵਿਸ਼ਵ ਕੋਸ਼ ਨਿਰਮਲ ਤੇ ਸਹੀ ਤੱਥਾਂ ਨਾਲ ਜੁੜੀਆਂ ਜਾਣਕਾਰੀਆਂ ਦਾ ਅਨਮੋਲ ਖ਼ਜ਼ਾਨਾ ਹੁੰਦਾ ਹੈ ਪਰ ਕ੍ਰਿਸ਼ਨ ਕੁਮਾਰ ਵਾਲੇ ਕੋਸ਼ ਵਿੱਚ ਤੱਥ ਵਿਗਾੜੇ ਗਏ ਹਨ ਜਾਂ ਅਲੋਪ ਕਰ ਦਿੱਤੇ ਗਏ ਹਨ। ਕੋਸ਼ ਦੇ ਸੰਪਾਦਕ ਦਵਿੰਦਰ ਸਿੰਘ ਬੋਹਾ ਨੇ ਕੋਸ਼ ਦੀ ਭੂਮਿਕਾ ਲਿਖੀ ਹੈ। ਇਸ ਵਿਦਵਾਨ ਨੇ ਪੀ ਐਚ ਡੀ ਦੀ ਸਭ ਤੋਂ ਉੱਚੀ ਡਿਗਰੀ ਹਾਸਲ ਕੀਤੀ ਹੋਈ ਹੈ ਪਰ ਇਸ ਨੂੰ ਏਨੀ ਵੀ ਜਾਣਕਾਰੀ ਨਹੀਂ ਕਿ ਉਹ ਆਪਣੀ ਭੂਮਿਕਾ ਵਿੱਚ ਗੁਰਬਾਣੀ ਵਿਚੋਂ ਲਈ ਸਤਰ ਵਿਗਾੜ ਕੇ ਪੇਸ਼ ਕਰ ਰਿਹਾ ਹੈ। ਉਸ ਨੇ ਆਪਣੀ ਪੇਸ਼ ਕੀਤੀ ਸਤਰ ਨੂੰ 1430 ਪੰਨਿਆਂ ਉੱਤੇ ਆਧਾਰਿਤ ਗੁਰੂ ਗ੍ਰੰਥ ਸਾਹਿਬ ਨਾਲ ਮੇਲ ਕੇ ਪੜਤਾਲ ਕਰਨ ਦੀ ਵਿਹਲ ਹੀ ਨਹੀਂ ਕੱਢੀ। ਭੂਮਿਕਾ ਵਿੱਚ ਇਸ ਵਿਦਵਾਨ ਨੇ ਗੁਰਬਾਣੀ ਦੀ ਸਤਰ ਨੂੰ ਇਸ ਤਰ੍ਹਾਂ ਪੇਸ਼ ਕੀਤਾ ਹੈ : 'ਮੇਰਾ ਮੁਝ ਮੇਂ ਕਿਛ ਨਹੀਂ, ਜੋ ਕੁਝ ਹੈ ਸੋ ਤੇਰਾ'। ਵਿਦਵਾਨ ਨੇ ਇਹ ਵੀ ਨਹੀਂ ਦੱਸਿਆ ਕਿ ਇਹ ਸਤਰ ਗੁਰੂ ਗ੍ਰੰਥ ਸਾਹਿਬ ਦੇ ਕਿਸ ਪੰਨੇ ਉੱਤੇ ਹੈ ਅਤੇ ਕਿਸ ਦੀ ਹੈ। ਅਸਲੀ ਸਤਰ ਇੰਜ ਹੈ ਅਤੇ ਕਬੀਰ ਜੀ ਦੀ ਹੈ : 'ਕਬੀਰ ਮੇਰਾ ਮੁਝ ਮਹਿ ਕਿਛੁ ਨਹੀ, ਜੋ ਕਿਛੁ ਹੈ ਸੋ ਤੇਰਾ।' ਅਸਲ ਵਿੱਚ ਇਹ ਪਤਾ ਹੀ ਨਹੀਂ ਲੱਗ ਰਿਹਾ ਕਿ ਇਸ ਕੋਸ਼ ਨੂੰ ਤਿਆਰ ਕਰਨ ਵਿੱਚ ਕਿੰਨਾ ਸਮਾਂ ਲੱਗਿਆ ਤੇ ਕਿਸ ਸਰਕਾਰ ਨੇ ਇਹ ਨੀਤੀ ਘੜੀ ਤੇ ਕਿਸ ਅਧਿਕਾਰੀ ਨੇ ਕਿਸ ਅਧਾਰ 'ਤੇ ਸੰਪਾਦਕ ਤੇ ਸੰਪਾਦਕੀ ਮੰਡਲ ਦੇ ਵਿਦਵਾਨਾਂ ਦੀ ਚੋਣ ਕੀਤੀ। ਫਿਰ ਦਵਿੰਦਰ ਸਿੰਘ ਬੜੇ ਭਰੋਸੇ ਨਾਲ ਇਹ ਵੀ ਦਾਅਵਾ ਕਰਦੇ ਹਨ ਕਿ ਇਹ ਕੋਸ਼ ਕੋਈ ਸਾਧਾਰਨ ਪੁਸਤਕ ਨਹੀਂ ਸਗੋਂ 'ਸੰਦਰਭ ਪੁਸਤਕ' ਹੈ। ਇਹ ਸਵਾਲ ਕੀਤਾ ਜਾ ਸਕਦਾ ਹੈ ਕਿ ਕੀ ਬੇਬੇ ਨਾਨਕੀ ਜੀ ਅਤੇ ਹੋਰਨਾਂ ਬਾਰੇ ਜਾਣਕਾਰੀ ਹਾਸਲ ਕਰਨ ਲਈ ਇਹ 'ਸੰਦਰਭ ਪੁਸਤਕ' ਲਾਹੇਵੰਦ ਰਹੇਗੀ? ਇਸੇ ਤਰ੍ਹਾਂ ਕ੍ਰਿਸ਼ਨ ਕੁਮਾਰ ਨੇ ਪੁਸਤਕ ਦੇ ਅਰੰਭ ਵਿੱਚ 'ਦੋ ਸ਼ਬਦ' ਦੇ ਸਿਰਲੇਖ ਹੇਠ ਇਹ ਦਾਅਵਾ ਕੀਤਾ ਹੈ ਕਿ ਇਹ ਕੋਸ਼ ਬੱਚਿਆਂ ਦੀ 'ਮਾਨਸਿਕ ਪੱਧਰ' ਮੁਤਾਬਕ ਤਿਆਰ ਕੀਤਾ ਗਿਆ ਹੈ। ਸਵਾਲ ਪੈਦਾ ਹੁੰਦਾ ਹੈ ਕਿ ਉਹ ਕਿਸ ਤਰ੍ਹਾਂ ਦਾ ਮਾਨਸਿਕ ਪੱਧਰ ਬੱਚਿਆਂ ਅੰਦਰ ਉੱਚਾ ਕਰ ਰਹੇ ਹਨ ਅਤੇ ਕਿਸ 'ਅਕਾਦਮਿਕ ਜਗਤ' ਅੱਗੇ ਪੇਸ਼ ਕਰਨ ਦੀ ਖ਼ੁਸ਼ੀ ਹਾਸਲ ਕਰ ਰਹੇ ਹਨ।

ਜਦੋਂ ਅਖ਼ਬਾਰਾਂ ਵਿੱਚ ਵੱਡਾ ਰੌਲਾ ਪਿਆ ਤਾਂ ਉਸ ਸਮੇਂ ਦੀ ਅਕਾਲੀ ਭਾਜਪਾ ਸਰਕਾਰ ਦੀ ਕੁੰਭਕਰਨੀ ਨੀਂਦ ਖੁੱਲੀ। ਉਸ ਸਮੇਂ ਸ੍ਰੀਮਤੀ ਉਪਿੰਦਰਜੀਤ ਕੌਰ ਸਿੱਖਿਆ ਮੰਤਰੀ ਸਨ ਅਤੇ ਪ੍ਰਕਾਸ਼ ਸਿੰਘ ਬਾਦਲ ਮੁੱਖ ਮੰਤਰੀ ਸਨ। ਸਥਿਤੀ ਪਲ-ਪਲ ਗੰਭੀਰ ਹੁੰਦੀ ਜਾ ਰਹੀ ਸੀ ਅਤੇ ਇਸ ਤੋਂ ਪਹਿਲਾਂ ਕਿ ਮਾਹੌਲ ਖਰਾਬ ਹੋ ਜਾਵੇ, ਬਾਦਲ ਸਰਕਾਰ ਨੂੰ ਕ੍ਰਿਸ਼ਨ ਕੁਮਾਰ ਨੂੰ ਬਚਾਉਣ ਲਈ ਅਕਾਲ ਤਖ਼ਤ ਜਾਣ ਦਾ ਨਵਾਂ ਰਾਹ ਕੱਢਿਆ ਜਿਥੇ ਗਿਆਨੀ ਗੁਰਬਚਨ ਸਿੰਘ ਜਥੇਦਾਰ ਸਨ ਅਤੇ ਅੱਜ ਵੀ ਹਨ। ਸੂਤਰਾਂ ਅਨੁਸਾਰ ਗਿਆਨੀ ਗੁਰਬਚਨ ਸਿੰਘ ਨੂੰ ਵਿਚੋਲਿਆਂ ਨੇ ਸੁਨੇਹਾ ਦਿੱਤਾ ਕਿ ਬੰਦੇ ਆ ਰਹੇ ਹਨ ਤੇ ਉਨ੍ਹਾਂ ਨੂੰ ਮੁਆਫੀ ਦੇ ਦਿੱਤੀ ਜਾਵੇ। ਸੋ ਕ੍ਰਿਸ਼ਨ ਕੁਮਾਰ ਅਤੇ ਉਨਾਂ ਨਾਲ ਚਾਰ ਹੋਰ ਸਾਥੀ ਅਕਾਲ ਤਖ਼ਤ 'ਤੇ ਪੇਸ਼ ਹੋਏ ਅਤੇ ਲਿਖਤੀ ਮੁਆਫੀ ਮੰਗੀ ਅਤੇ ਅੱਗੇ ਤੋਂ ਇਹੋ ਜਿਹੀ ਗਲਤੀ ਨਾ ਕਰਨ ਦਾ ਲਿਖਤੀ ਇਕਰਾਰ ਕੀਤਾ।

ਪਰ ਮੁਆਫੀ ਮੰਗਣ ਦੀ ਘਟਨਾ ਤੋਂ ਪਹਿਲਾਂ ਕ੍ਰਿਸ਼ਨ ਕੁਮਾਰ, ਉਸ ਦੇ ਸਾਥੀਆਂ ਅਤੇ ਸਰਕਾਰ ਵਲੋਂ ਵਿੰਗੇ ਟੇਢੇ ਢੰਗ ਨਾਲ ਅਕਾਲੀ ਦਲ (ਅ) ਦੇ ਸੀਨੀਅਰ ਨੇਤਾ ਗੁਰਸੇਵਕ ਸਿੰਘ ਉਤੇ ਕੇਸ ਵਾਪਸ ਲੈਣ ਦਾ ਤਰ੍ਹਾਂ ਤਰ੍ਹਾਂ ਦਾ ਦਬਾਅ ਪਾਇਆ ਗਿਆ ਪਰ ਉਹ ਆਪਣੇ ਇਰਾਦੇ ਤੇ ਦ੍ਰਿੜ ਰਹੇ ਅਤੇ ਕ੍ਰਿਸ਼ਨ ਕੁਮਾਰ ਵਿਰੁੱਧ ਕਾਰਵਾਈ ਦੀ ਮੰਗ ਕਰਦੇ ਰਹੇ। ਯਾਦ ਰਹੇ ਕਿ ਇਸ ਪੁਸਤਕ ਦਾ ਮਸਲਾ ਉਨ੍ਹਾਂ ਨੇ ਹੀ ਸਭ ਤੋਂ ਪਹਿਲਾਂ ਚੁੱਕਿਆ ਸੀ ਤੇ ਸੰਬੰਧਿਤ ਥਾਣੇ ਵਿਚ ਐਫ ਆਰ ਆਈ ਦਰਜ ਕਰਾਈ ਸੀ। ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਇਸ ਮਾਮਲੇ ਵਿਚ ਫਤਹਿਗੜ੍ਹ ਸਾਹਿਬ ਤੋਂ ਸੰਘਰਸ਼ ਅਰੰਭਿਆ ਸੀ, ਜਿਸ ਕਰਕੇ ਸਰਕਾਰ ਇਸ ਮਾਮਲੇ ਵਿਚ ਹਿੱਲੀ ਸੀ। ਉਧਰ ਉਸ ਵੇਲੇ ਦੀ ਬਾਦਲ ਸਰਕਾਰ ਨੇ ਸਬੰਧਿਤ ਥਾਣੇ ਨੂੰ ਐਫ ਆਈ ਆਰ ਦਰਜ ਨਾ ਕਰਨ ਅਤੇ ਇਸ ਮਾਮਲੇ ਨੂੰ ਲਮਕਾਉਣ ਦਾ ਗੁਪਤ ਹੁਕਮ' ਜਾਰੀ ਕਰ ਦਿੱਤਾ।

ਸੂਤਰਾਂ ਅਨੁਸਾਰ ਗੱਲ ਨੂੰ ਆਈ ਗਈ ਕਰਨ ਵਿੱਚ ਪ੍ਰਕਾਸ਼ ਸਿੰਘ ਬਾਦਲ ਨੂੰ ਪੁਰਾਣੀ ਮੁਹਾਰਤ ਹਾਸਲ ਹੈ ਅਤੇ ਉਹ ਆਪਣੀ ਇਸ ਰਣਨੀਤੀ ਵਿੱਚ ਕਾਮਯਾਬ ਹੁੰਦੇ ਰਹੇ ਹਨ। ਗੁਰਸੇਵਕ ਸਿੰਘ ਨੇ ਇਹ ਦਿਲਚਸਪ ਜਾਣਕਾਰੀ ਵੀ ਦਿੱਤੀ ਕਿ ਰੌਲਾ ਪੈਣ ਉਤੇ ਗਿਆਨ ਸਰੋਵਰ ਦੀਆਂ ਸਾਰੀਆਂ ਕਿਤਾਬਾਂ ਰਾਤੋਂ ਰਾਤ ਸਕੂਲਾਂ ਤੋਂ ਮੰਗਵਾ ਲਈਆਂ ਗਈਆਂ ਤੇ ਕਈ ਪ੍ਰਿੰਸੀਪਲ ਅੱਧੀ ਰਾਤ ਤੱਕ ਕਿਤਾਬਾਂ ਜਮਾਂ ਕਰਵਾਉਂਦੇ ਰਹੇ।

ਗੁਰਸੇਵਕ ਸਿੰਘ ਨੇ ਦੱਸਿਆ ਕਿ ਹਰ ਰੋਜ਼ ਉਨ੍ਹਾਂ ਦੇ ਘਰ ਅੱਗੇ ਦਰਜਨਾਂ ਕਾਰਾਂ ਖਲੋਤੀਆਂ ਰਹਿੰਦੀਆਂ ਸਨ। ਕੋਸ਼ ਤਿਆਰ ਕਰਨ ਵਾਲੇ ਆਪਣੇ ਬੰਦੇ ਭੇਜਦੇ, ਮੁਆਫੀਆਂ ਮੰਗਦੇ, ਨੌਕਰੀ ਖੁਸ ਜਾਣ ਦੇ ਡਰ ਤੋਂ ਕੇਸ ਵਾਪਸ ਲੈਣ ਲਈ ਤਰਲੇ ਕਰਦੇ। ਇਥੋਂ ਤੱਕ ਕਿ ਆਪਣੇ ਬੰਦਿਆਂ ਰਾਹੀਂ ਕ੍ਰਿਸ਼ਨ ਕੁਮਾਰ ਨੇ ਇਹ ਪੇਸ਼ਕਸ ਵੀ ਕੀਤੀ ਕਿ ਤੁਸੀਂ ਦੱਸੋ ਸਰਬ-ਸਿੱਖਿਆ ਅਭਿਆਨ ਵਿੱਚ ਕਿੰਨੇ ਬੰਦੇ ਅਡਜਸਟ ਕਰਵਾਉਣੇ ਹਨ।

ਗੁਰਸੇਵਕ ਸਿੰਘ ਮੁਤਾਬਕ ਸਾਨੂੰ ਕਦੇ ਐਫ ਆਈ ਆਰ ਦੀ ਕਾਪੀ ਨਾ ਦਿੱਤੀ ਗਈ। ਉਨ੍ਹਾਂ ਮੁਤਾਬਕ ਉਨ੍ਹਾਂ ਨੇ ਸੀ ਜੀ ਐਮ ਦੀ ਅਦਾਲਤ ਵਿੱਚ ਵੀ ਅਰਜ਼ੀ ਪਾਈ ਪਰ ਮਾਮਲਾ ਲਮਕ ਗਿਆ ਅਤੇ ਗੱਲ ਆਈ ਗਈ ਹੋ ਗਈ।

ਉਧਰ ਉਪਿੰਦਰਜੀਤ ਕੌਰ ਨੇ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੂੰ ਫੋਨ ਕਰਕੇ ਮੁਆਫੀ ਮੰਗੀ ਅਤੇ ਆਖਿਆ ਕਿ ਸਭ ਕੁਝ ਅਣਜਾਣੇ ਵਿੱਚ ਹੋ ਗਿਆ, ਇਸ ਗੱਲ ਨੂੰ ਹੁਣ ਛੱਡੋ ਅਤੇ ਅੱਗੇ ਕਾਰਵਾਈ ਲਈ ਦਬਾਅ ਨਾ ਪਾਓ।

ਇਸ ਸਾਰੇ ਮਾਮਲੇ 'ਚ ਹੈਰਾਨੀ ਵਾਲਾ ਤੱਥ ਇਹ ਹੈ ਕਿ ਕਿਤਾਬ ਵਿੱਚ ਪ੍ਰਿੰਟਿੰਗ ਪ੍ਰੈਸ ਦਾ ਨਾਂ ਹੀ ਨਹੀਂ ਦਿੱਤਾ ਗਿਆ ਜਦਕਿ ਕੋਸ਼ ਵਿੱਚ ਤੁਹਾਨੂੰ ਮੁਕੰਮਲ ਜਾਣਕਾਰੀ ਦੇਣੀ ਪੈਂਦੀ ਹੈ। ਇਹ ਕਿਉਂ ਨਹੀਂ ਦਿੱਤਾ ਗਿਆ? ਇਹ ਉਸ ਤਰ੍ਹਾਂ ਹੀ ਹੋਇਆ ਜਿਵੇਂ ਸਿੱਖ ਇਤਿਹਾਸ ਬਾਰੇ ਉਸ ਪੁਸਤਕ ਵਿੱਚ ਵੀ ਪ੍ਰਿੰਟਿੰਗ ਪ੍ਰੈਸ ਬਾਰੇ ਜਾਣਕਾਰੀ ਨਹੀਂ ਸੀ ਦਿੱਤੀ ਗਈ, ਜਿਸ ਪੁਸਤਕ ਵਿੱਚ ਗੁਰੂ ਸਾਹਿਬਾਨ ਅਤੇ ਸਿੱਖ ਇਤਿਹਾਸ ਬਾਰੇ ਬੜੀਆਂ ਅਪਮਾਨਜਨਕ ਟਿੱਪਣੀਆਂ ਕੀਤੀਆਂ ਗਈਆਂ ਸਨ। ਇਸਤੋਂ ਵੀ ਹੈਰਾਨੀ ਵਾਲਾ ਤੱਥ ਇਹ ਕਿਤਾਬ ਵੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਹੀ ਜਾਰੀ ਕੀਤੀ ਗਈ ਸੀ ਪਰ ਬਾਅਦ ਵਿੱਚ ਰੌਲਾ ਪੈਣ 'ਤੇ ਪਾਬੰਦੀ ਲਗਾ ਦਿੱਤੀ ਗਈ ਸੀ। ਇਸ ਕਿਤਾਬ ਬਾਰੇ ਵੀ ਇੱਕ ਕੇਸ ਸਿੱਖ ਆਗੂ ਬਲਦੇਵ ਸਿੰਘ ਸਿਰਸਾ ਨੇ ਹਾਈਕੋਰਟ ਵਿੱਚ ਪਾਇਆ ਹੋਇਆ ਹੈ ਪਰ ਉਸ ਬਾਰੇ ਫੈਸਲੇ ਦੀ ਉਡੀਕ ਕੀਤੀ ਜਾ ਰਹੀ ਹੈ। ਉਨ੍ਹਾਂ ਦਿਨਾਂ ਵਿੱਚ ਇਹ ਆਮ ਅਫਵਾਹ ਸੀ ਕਿ ਇਹ ਕਿਤਾਬ ਵੀ ਨਾਗਪੁਰ ਤੋਂ ਜਾਰੀ ਕੀਤੀ ਗਈ ਹੈ ਜਿਥੇ ਆਰ ਐਸ ਐਸ ਦਾ ਹੈਡਕੁਆਟਰ ਹੈ।

ਇੱਕ ਹੋਰ ਗੱਲ ਵੀ ਧਿਆਨ ਦੇਣ ਵਾਲੀ ਹੈ ਕਿ ਭਾਵੇਂ ਅਕਾਲ ਤਖ਼ਤ ਨੇ ਕ੍ਰਿਸ਼ਨ ਕੁਮਾਰ ਨੂੰ ਮੁਆਫ ਕਰ ਦਿੱਤਾ ਸੀ ਪਰ ਕ੍ਰਿਸ਼ਨ ਕੁਮਾਰ ਤੇ ਸੰਪਾਦਕੀ ਮੰਡਲ ਵਿਰੁੱਧ ਕਾਰਵਾਈ ਕਿਉਂ ਨਾ ਕੀਤੀ ਗਈ? ਕੀ ਕਾਰਨ ਸੀ ਕਿ ਉਸੇ ਕ੍ਰਿਸ਼ਨ ਕੁਮਾਰ ਨੂੰ ਉਸ ਅਸਾਮੀ 'ਤੇ ਰਹਿਣ ਦਿੱਤਾ ਗਿਆ ਤੇ ਬਦਲਿਆ ਨਾ ਗਿਆ? ਕੀ ਕਾਰਨ ਹੈ ਕਿ ਕੈਪਟਨ ਅਮਰਿੰਦਰ ਸਿੰਘ ਨੇ ਵੀ ਉਸੇ ਕ੍ਰਿਸ਼ਨ ਕੁਮਾਰ ਦੀ ਚੋਣ ਕੀਤੀ ਅਤੇ ਉਸੇ ਵਿਅਕਤੀ ਦੀ ਅਗਵਾਈ ਵਿੱਚ ਗਿਆਰਵੀਂ ਅਤੇ ਬਾਰਵੀਂ ਦਾ ਸਿਲੇਬਸ ਬਦਲਿਆ ਗਿਆ? ਇਸ ਪਿੱਛੇ ਵੱਡੀ ਸਾਜ਼ਿਸ਼ ਕੰਮ ਕਰਦੀ ਹੋ ਸਕਦੀ ਹੈ। ਪੰਥਕ ਵਿਦਵਾਨਾਂ ਦਾ ਮੰਨਣਾ ਹੈ ਕਿ ਇਸ ਪਿੱਛੇ ਆਰ ਐਸ ਐਸ ਦਾ ਹੱਥ ਹੈ। ਸਿੱਖ ਵਿਦਵਾਨਾਂ ਡਾ. ਗੁਰਦਰਸ਼ਨ ਸਿੰਘ ਢਿੱਲੋਂ ਤੇ ਸ. ਗੁਰਤੇਜ ਸਿੰਘ ਆਈ ਏ ਐਸ ਨੇ ਚੰਡੀਗੜ੍ਹ ਵਿੱਚ ਇੱਕ ਪ੍ਰੈਸ ਕਾਨਫਰੰਸ ਦੌਰਾਨ ਦੋਸ਼ ਲਾਇਆ ਕਿ ਸਿਲੇਬਸ ਬਦਲਣ ਪਿੱਛੇ ਆਰ ਐਸ ਐਸ ਦਾ ਏਜੰਡਾ ਕੰਮ ਕਰ ਰਿਹਾ ਹੈ। ਜੇ ਸਾਰੀ ਸਥਿਤੀ ਨੂੰ ਗੰਭੀਰਤਾ ਅਤੇ ਨਿਰਪੱਖਤਾ ਨਾਲ ਵੇਖਿਆ ਜਾਵੇ ਤਾਂ ਇਹ ਕਹਿਣਾ ਵਾਜਬ ਹੋਏਗਾ ਕਿ ਅਕਾਲੀ ਅਤੇ ਕਾਂਗਰਸੀ ਸਿਲੇਬਸ ਦੇ ਮੁੱਦੇ ਉਤੇ ਕਟਿਹਰੇ ਵਿੱਚ ਖੜੇ ਦਿਖਾਈ ਦਿੰਦੇ ਹਨ। ਮਿਸਾਲ ਦੇ ਤੌਰ 'ਤੇ ਅੱਜ ਸਕੂਲ ਸਿਲੇਬਸ ਵਿੱਚੋਂ ਸਿੱਖ ਇਤਿਹਾਸ ਨੂੰ ਮਨਫੀ ਕਰਨ ਦੇ ਮਾਮਲੇ ਉੱਤੇ ਜੇਕਰ ਅਕਾਲੀ ਦਲ ਸੱਤਾ ਵਿੱਚ ਹੁੰਦਾ ਤਾਂ ਇਸ ਦਾ ਸਟੈਂਡ ਵੀ ਮੌਜੂਦਾ ਸਰਕਾਰ ਤੋਂ ਬਹੁਤਾ ਵੱਖਰਾ ਨਾ ਹੁੰਦਾ। ਇਹ ਪੰਜਾਬ ਦਾ ਦੁਖਾਂਤ ਹੀ ਕਿਹਾ ਜਾ ਸਕਦਾ ਹੈ ਕਿ ਪਿਛਲੇ ਸੱਤ ਦਹਾਕਿਆਂ ਤੋਂ ਇਹ ਦੋਵੇਂ ਪਾਰਟੀਆਂ ਗੰਭੀਰ ਮੁੱਦਿਆਂ ਉਤੇ ਵੀ ਆਪਣੀ ਹੋਛੀ ਤੇ ਸਿੱਖ ਪੰਥ ਵਿਰੋਧੀ ਸਿਆਸਤ ਕਰਦੀਆਂ ਆ ਰਹੀਆਂ ਹਨ, ਜਿਸ ਦਾ ਖਮਿਆਜ਼ਾ ਇਥੋਂ ਦੇ ਲੋਕਾਂ ਨੂੰ ਵਾਰ ਵਾਰ ਭੁਗਤਣਾ ਪੈਂਦਾ ਹੈ।

# ਪੁਲੀਸ ਵਲੋਂ ਜ਼ਬਤ 13 ਵਿਦੇਸ਼ੀ ਹਥਿਆਰਾਂ 'ਚੋਂ 10 ਨੂੰ ਸਿਰਫ਼ 11 ਮਹੀਨੇ 'ਚ ਰਿਲੀਜ਼ ਕਰਨ ਲਈ ਪੁਲੀਸ ਨੇ ਦਿੱਤੀ ਮਨਜ਼ੂਰੀ

- **ਅਮਰੀਕਾ ਤੋਂ ਸਮਗਲ ਹਥਿਆਰ ਲੱਖਾਂ 'ਚ ਵਿਕੇ, ਬਿੱਲ ਕੱਟੇ ਹਜ਼ਾਰਾਂ 'ਚ**
- **ਜਿਸ ਪੁਲੀਸ ਨੇ ਜਾਹਲੀ ਬਿੱਲ ਦੱਸ ਕੇ ਪਕੜਿਆ, ਉਸੇ ਥਾਣੇ ਨੇ ਜਾਰੀ ਕਰ ਦਿੱਤੀ ਐਨਓਸੀ**
- **ਮਾਨਸਾ ਦੇ ਜਿਸ ਕਲਿਆਣ ਗੰਨ ਹਾਊਸ ਦੇ ਬਿੱਲਾਂ 'ਤੇ ਵਿਦੇਸ਼ੀ ਹਥਿਆਰ ਵੇਚੇ ਉਸ ਦਾ ਰਿਕਾਰਡ ਨਹੀਂ ਡੀਸੀ ਆਫਿਸ ਵਿਚ**

**ਜਲੰਧਰ/ਬਿਊਰੋ ਨਿਊਜ਼:** ਪੰਜਾਬ, ਹਰਿਆਣਾ, ਚੰਡੀਗੜ੍ਹ ਤੇ ਦਿੱਲੀ ਵਿਚ ਗੈਂਗਸਟਰਾਂ ਨੂੰ ਵਿਦੇਸ਼ੀ ਹਥਿਆਰ ਸਪਲਾਈ ਕਰਨ ਵਾਲੇ ਸਭ ਤੋਂ ਵੱਡੇ ਰੈਕੇਟ ਦੇ ਕੇਸ ਵਿਚ ਫਰੀਦਕੋਟ ਪੁਲੀਸ ਦੀ ਕਥਿਤ ਮਿਲੀਭੁਗਤ ਨਾਲ ਪਿਛਲੇ 11 ਮਹੀਨਿਆਂ ਵਿਚ 10 ਵਿਦੇਸ਼ੀ ਹਥਿਆਰ ਸਪੁਰਦਦਾਰੀ 'ਤੇ ਛੱਡ ਦਿੱਤੇ ਗਏ। ਜ਼ਬਤ ਹਥਿਆਰ ਅਮਰੀਕਾ ਤੋਂ ਸਮੱਗਲਿੰਗ ਦੇ ਰਾਹੀਂ ਲਿਆਂਦੇ ਗਏ। ਖਾਸ ਗੱਲ ਇਹ ਹੈ ਕਿ ਫਰੀਦਕੋਟ ਸਿਟੀ ਥਾਣਾ ਪੁਲੀਸ ਨੇ ਵੀ 18 ਅਕਤੂਬਰ 2014 ਦੇ ਫਰਜ਼ੀ ਬਿੱਲਾਂ ਦੇ ਰਾਹੀਂ ਸਮੱਗਲਿੰਗ ਕਰਕੇ ਲਿਆਂਦੇ ਹਥਿਆਰਾਂ ਨੂੰ ਵੇਚਣ ਦਾ ਕੇਸ ਦਰਜ ਕੀਤਾ ਤੇ ਉਸ ਨਾਲ ਹੀ ਉਨ੍ਹਾਂ ਬਿੱਲਾਂ ਨੂੰ ਮਾਲਕੀ ਦੇ ਸਬੂਤ ਦੇ ਤੌਰ 'ਤੇ ਪੇਸ਼ ਕਰਕੇ ਬਾਅਦ ਵਿਚ ਨੌਂ ਅਬਜੈਕਸ਼ਨ ਸਰਟੀਫਿਕੇਟ ਜਾਰੀ ਕਰ ਦਿੱਤਾ। ਇਸ ਕਾਰਨ ਕੇਸ ਵਿਚ ਫੜੇ ਗਏ 13 ਵਿਚੋਂ 10 ਹਥਿਆਰ ਸਪੁਰਦਦਾਰੀ 'ਤੇ ਛੁੱਟ ਗਏ। ਇਨ੍ਹਾਂ ਵਿਚੋਂ 7 ਤਾਂ ਚੰਡੀਗੜ੍ਹ ਦੇ ਵਿਸ਼ਾਲ ਗੰਨ ਹਾਊਸ ਨੇ ਲਏ ਹਨ। ਇਕ ਦਿੱਲੀ ਕੋਟਕਪੂਰਾ ਤੇ ਚੰਡੀਗੜ੍ਹ ਦੇ ਵਿਅਕਤੀ ਨੇ ਜਾਰੀ ਕਰਵਾਇਆ ਹੈ। ਇਹੀ ਨਹੀਂ, ਇਨ੍ਹਾਂ ਹਥਿਆਰਾਂ ਦੇ ਮਾਲਕੀ ਸਬੂਤ ਦੇ ਤੌਰ 'ਤੇ ਮਾਨਸਾ ਦੇ ਜਿਸ ਗੰਨ ਹਾਊ ਦੇ ਬਿੱਲ ਕੋਰਟ ਵਿਚ ਪੇਸ਼ ਕੀਤੇ ਗਏ। ਉਨ੍ਹਾਂ ਦੀ ਖਰੀਦ ਫਰੋਖਤ ਸੰਬੰਧੀ ਮਾਨਸਾ ਡੀਸੀ ਦਫ਼ਤਰ ਦੀ ਅਸਲਾ ਸ਼ਾਖਾ ਵਿਚ ਕੋਈ ਵੀ ਰਿਕਾਰਡ ਦਰਜ ਨਹੀਂ। ਕੁਲ ਮਿਲਾ ਕੇ ਪੁਲੀਸ ਨੇ ਜਿਨ੍ਹਾਂ ਫਰਜ਼ੀ ਬਿੱਲਾਂ ਦੇ ਆਧਾਰ 'ਤੇ ਢਾਈ ਕਰੋੜ ਰੁਪਏ ਦੇ ਵਿਦੇਸ਼ੀ ਹਥਿਆਰ ਫੜੇ, ਉਨ੍ਹਾਂ ਬਿੱਲਾਂ ਨੂੰ ਮਾਲਕੀ ਆਧਾਰ ਬਣਾ ਕੇ 2 ਕਰੋੜ ਰੁਪਏ ਦੇ ਤਕਰੀਬਨ ਕੀਮਤ ਵਾਲੇ ਹਥਿਆਰ ਪੁਲੀਸ ਦੀ ਰਿਪੋਰਟ 'ਤੇ ਸਪੁਰਦਦਾਰੀ 'ਤੇ ਛੁੱਟ ਗਏ।



**ਕਿਹੜੇ ਕਿਹੜੇ ਹਥਿਆਰ ਦੇ ਘਪਲੇ ਹੋਏ**

22 ਬੌਰ ਪਿਸਟਲ, ਬਰੇਟਾ ਮੈਡ ਇੰਨ ਜਰਮਨੀ ਅਗਸਤ 2012 ਨੂੰ ਵਿਸ਼ਾਲ ਗੰਨ ਹਾਊਸ ਚੰਡੀਗੜ੍ਹ ਦੇ ਮਾਲਕ ਸਤੀਸ਼ ਕੁਮਾਰ ਨੇ ਮਾਨਸਾ ਦੇ ਕਲਿਆਣ ਗੰਨ ਹਾਊਸ ਦੇ ਮਾਲਕ ਰਣਜੀਤ ਸਿੰਘ ਗੁਰੂ ਤੋਂ 9 ਲੱਖ ਰੁਪਏ ਵਿਚ ਖਰੀਦਿਆ ਤੇ ਬਿੱਲ ਵਿਚ ਰਕਮ 18360 ਰੁਪਏ ਦਿਖਾਈ ਗਈ। ਮਾਨਸਾ ਦੀ ਅਸਲਾ ਬਰਾਂਚ ਵਿਚ ਇਸ ਦਾ ਕੋਈ ਰਿਕਾਰਡ ਦਰਜ ਨਹੀਂ। ਇਸ ਬਿੱਲ ਨੂੰ ਮਾਲਕੀ ਦੇ ਸਬੂਤ ਦੇ ਤੌਰ 'ਤੇ ਫਰੀਦਕੋਟ ਅਦਾਲਤ ਵਿਚ ਪੇਸ਼ ਕਰਕੇ ਸਪੁਰਦਦਾਰੀ ਮੰਗੀ ਗਈ ਹੈ। ਸਿਟੀ ਥਾਣਾ ਪੁਲੀਸ ਨੇ ਤੁਰੰਤ ਇਸ 'ਤੇ ਐਨਓਸੀ ਫਾਈਲ ਕਰ ਦਿੱਤੀ ਤੇ 13 ਨਵੰਬਰ 2017 ਨੂੰ ਇੱਕ ਲੱਖ ਰੁਪਏ ਮੁਚਲਕੇ 'ਤੇ ਇਸ ਨੂੰ ਜਾਰੀ ਕਰ ਦਿੱਤਾ ਗਿਆ।

32 ਬੌਰ ਯੂਐਸਏ ਪਿਸਟਲ 21 ਨਵੰਬਰ 2012 ਨੂੰ ਵਿਸ਼ਾਲ ਗੰਨ ਹਾਊਸ ਦੇ ਮਾਲਕ ਸਤੀਸ਼ ਕੁਮਰ ਨੂੰ ਮਾਨਸਾ ਦੇ ਕਲਿਆਣ ਗੰਨ ਹਾਊਸ ਨੇ ਹੀ 12 ਲੱਖ ਰੁਪਏ ਵਿਚ ਵੇਚਿਆ, ਜਿਸ ਦਾ ਬਿੱਲ ਕਲਿਆਣ ਗੰਨ ਹਾਊਸ, ਵਿਸ਼ਾਲ ਗੰਨ ਹਾਊਸ ਦੇ ਨਾਮ 'ਤੇ 18360 ਰੁਪਏ ਵਿਚ ਕਟਿਆ ਗਿਆ। ਇਸ ਦਾ ਵੀ ਕੋਈ ਰਿਕਾਰਡ ਨਾ ਹੋਣ ਕਾਰਨ ਇਸ ਬਿੱਲ ਨੂੰ ਮਾਲਕੀ ਸਬੂਤ ਦੇ ਤੌਰ 'ਤੇ ਕੋਰਟ ਵਿਚ ਪੇਸ਼ ਕਰਕੇ ਸਪੁਰਦਗੀ ਮੰਗੀ ਗਈ। ਐਨਓਸੀ ਮਿਲਣ 'ਤੇ ਇੱਕ ਲੱਖ ਮੁਚਲਕੇ ਤੇ ਇਹ ਵਿਦੇਸ਼ੀ ਹਥਿਆਰ ਵੀ ਛੱਡ ਦਿੱਤਾ ਗਿਆ।

380 ਬੌਰ ਬਾਲਥਰ ਯੂਐਸਏ ਪਿਸਟਲ ਪੰਬਾ 4296 ਵਿਸ਼ਾਲ ਗੰਨ ਹਾਊਸ ਦੇ ਮਾਲਕ ਸਤੀਸ਼ ਕੁਮਾਰ ਨੇ ਮਾਨਸਾ ਦੇ ਕਲਿਆਣ ਗੰਨ ਹਾਊਸ ਦੇ ਮਾਲਕ ਤੋਂ 11 ਲੱਖ ਰੁਪਏ ਵਿਚ ਖਰੀਦਿਆ, ਪਰ ਬਿੱਲ ਸਿਰਫ 25500 ਰੁਪਏ ਦਾ ਕੱਟਿਆ ਗਿਆ। ਐਨਓਸੀ ਜਾਰੀ ਹੋਣ 'ਤੇ ਇਸ ਨੂੰ ਵੀ ਇਕ ਲੱਖ ਰੁਪਏ ਮੁਚਲਕੇ ਤੇ ਜਾਰੀ ਕਰ ਦਿੱਤਾ ਗਿਆ।

380 ਬੌਰ ਯੂਐਸਏ ਪਿਸਟਲ ਨੰਬਰ 377,17806 ਨੂੰ 22 ਨਵੰਬਰ 2012 ਨੂੰ ਵਿਸ਼ਾਲ ਗੰਨ ਹਾਊਸ ਦੇ ਰਾਹੀਂ ਹਰਸਿਮਰਨ ਸਿੰਘ ਨੂੰ 12 ਲੱਖ ਰੁਪਏ ਵੇਚਿਆ ਗਿਆ ਤੇ ਬਿੱਲ ਸਿਰਫ 18870 ਰੁਪਏ ਦਿਖਾਇਆ ਗਿਆ। ਇਸ ਦਾ ਵੀ ਮਾਨਸਾ ਡੀਸੀ ਦਫਤਰ ਵਿਚ ਕੋਈ ਸੇਲ ਰਿਕਾਰਡ ਦਰਜ ਨਹੀਂ। 5 ਅਪ੍ਰੈਲ 2017 ਫਰੀਦਕੋਟ ਵਿਚ ਸਪੁਰਦਦਾਰੀ ਮੰਗੀ ਤਾਂ ਫਰੀਦਕੋਟ ਪੁਲੀਸ ਨੇ ਸਿਰਫ ਚਾਰ ਦਿਨ ਵਿਚ ਐਨਓਸੀ ਫਾਈਲ ਕਰ ਦਿੱਤੀ। 12 ਅਪ੍ਰੈਲ ਨੂੰ ਇਹ ਪਿਸਤੌਲ 1 ਲੱਖ ਰੁਪਏ ਮੁਚੱਲਕੇ ਤੇ ਛੱਡ ਦਿੱਤਾ ਗਿਆ।

380 ਬੌਰ ਬਾਲਥਰ ਯੂਐਸਏ ਪਿਸਟਲ ਬੀਏਐਸ ਕਲਿਆਣ ਗੰਨ ਹਾਊਸ ਨੇ ਕੋਟਕਪੂਰਾ ਨਿਵਾਸੀ ਰੋਹਿਤ ਛਾਬੜਾ ਨੂੰ ਵੇਚਿਆ। ਇਸ ਦਾ ਕੋਈ ਰਿਕਾਰਡ ਦਰਜ ਨਹੀਂ। 25 ਜੁਲਾਈ 2017 ਨੂੰ ਇਨ੍ਹਾਂ ਬਿੱਲਾਂ ਨੂੰ ਮਾਲਕੀ ਦੇ ਤੌਰ 'ਤੇ ਕੋਰਟ ਵਿਚ ਪੇਸ਼ ਕਰਕੇ ਸਪੁਰਦਦਾਰੀ ਫਾਈਲ ਕੀਤੀ ਗਈ ਤੇ ਐਨਓਸੀ ਜਾਰੀ ਹੋਣ 'ਤੇ ਮੁਚਲਕੇ 'ਤੇ ਜਾਰੀ ਕਰ ਦਿੱਤਾ ਗਿਆ।

380 ਬੌਰ ਸਮਿਥ ਵਿਲਵਨ ਯੂਐਸਏ ਪਿਸਟਲ ਨੰਬਰ 2627 ਬੀਏਐਸ ਦਾ 22 ਬੌਰ ਮੇਡ ਇਨ ਜਰਮਨੀ ਸੇਗਸਿਆਰ ਵਿਸ਼ਾਲ ਗੰਨ ਹਾਊਸ ਤੋਂ ਹੀ ਕਲਿਆਣ ਗੰਨ ਹਾਊਸ ਮਾਨਸਾ ਦੇ ਰਾਹੀਂ 23 ਅਕਤੂਬਰ 2013 ਨੂੰ 22 ਲੱਖ ਰੁਪਏ ਵਿਚ ਵੇਚਿਆ ਗਿਆ, ਪਰ ਬਿੱਲ 'ਤੇ ਕੀਮਤ ਸਿਰਫ਼ 45000 ਦੱਸੀ ਗਈ। ਮਾਨਸਾ ਡੀਸੀ ਦਫਤਰ ਵਿਚ ਖਰੀਦ ਵੇਚ ਦਾ ਰਿਕਾਰਡ ਨਹੀਂ ਹੈ। ਇਸ ਬਿੱਲ ਦੇ ਆਧਾਰ 'ਤੇ ਪੁਲੀਸ ਨੇ ਬਾਅਦ ਵਿਚ ਐਨਓਸੀ ਜਾਰੀ ਕਰ ਦਿੱਤੀ ਤੇ ਮੁਚਲਕਾ ਭਰਵਾ ਕੇ ਜਾਰੀ ਕਰ ਦਿੱਤਾ ਗਿਆ।

380 ਬੌਰ ਬਰੇਟਾ ਯੂਐਸਏ ਪਿਸਟਲ ਗੰਨ ਹਾਊਸ ਨੂੰ ਮਾਨਸਾ ਦੇ ਕਲਿਆਣ ਗੰਨ ਹਾਊਸ ਨੇ 15 ਲੱਖ ਰੁਪਏ ਵਿਚ ਵੇਚਿਆ। ਸਿਰਫ 25500 ਰੁਪਏ ਕੱਟਿਆ ਗਿਆ। ਰਿਕਾਰਡ ਨਾ ਹੋਣ 'ਤੇ ਪੁਲੀਸ ਵਲੋਂ ਐਨਓਸੀ ਮਿਲਣ 'ਤੇ ਵੈਪੇਨ ਵੀ ਕੋਰਟ ਤੋਂ ਰਿਲੀਜ਼ ਹੋ ਗਿਆ।

32 ਬੌਰ ਯੂਐਸਏ ਪੀ ਬਰੇਟਾ ਪਿਸਟਲ ਵੀ ਕਲਿਆਣ ਦੀ ਖਰੀਦ 'ਤੇ ਭੁਪਿੰਦਰ ਸਿੰਘ ਨਿਵਾਸੀ ਚੰਡੀਗੜ੍ਹ ਦੇ ਨਾਮ 'ਤੇ ਭੰਵਰਾ ਗੰਨ ਹਾਊਸ ਸੰਗਰੂਰ ਦੇ ਰਾਹੀਂ 10 ਜੁਲਾਈ 2014 ਨੂੰ ਬਿੱਲ ਕੱਟ ਕੇ 30 ਹਜ਼ਾਰ ਰੁਪਏ ਵਿਚ ਖਰੀਦ ਦਿਖਾਈ ਗਈ। ਰਿਕਾਰਡ ਦਰਜ ਨਾ ਹੋਣ 'ਤੇ ਬਿੱਲ ਨੂੰ ਮਾਲਕੀ ਸਬੂਤ ਨੂੰ ਆਧਾਰ ਬਣਾ ਪੁਲੀਸ ਨੇ ਪਹਿਲਾਂ ਇਸ ਨੂੰ ਫਰਜ਼ੀ ਬਿੱਲ ਦੱਸਿਆ ਤੇ ਬਾਅਦ ਵਿਚ ਐਨਓਸੀ ਜਾਰੀ ਕਰ ਦਿੱਤੀ।

380 ਬੌਰ ਪੇਡਰੋ ਬਰੇਟਾ ਮੇਡ ਇਨ ਇਟਲੀ ਪਿਸਟਲ ਦਿੱਲੀ ਨਿਵਾਸੀ ਅਮਿਤ ਗੋਇਲ ਨੂੰ ਮਾਨਸਾ ਦੇ ਕਲਿਆਣ ਗੰਨ ਹਾਊਸ ਮਾਲਕ ਨੇ 14 ਲੱਖ ਰੁਪਏ ਵਿਚ ਵੇਚਿਆ। ਬਿੱਲ 22500 ਰੁਪਏ ਵਿਚ ਫਿਰੋਜ਼ਪੁਰ ਦੂਨੀ ਚੰਦਰ ਦੇ ਨਾਮ 'ਤੇ ਫਰਜ਼ੀ ਕੱਟਿਆ। ਰਿਕਾਰਡ ਨਾ ਹੋਣ 'ਤੇ ਐਨਓਸੀ ਜਾਰੀ ਹੋਣ 'ਤੇ ਇਹ ਪਿਸਟਲ ਵੀ ਮੁਚਲਕੇ 'ਤੇ ਛੱਡ ਦਿੱਤਾ ਗਿਆ।

**ਆਈਜੀ ਵਲੋਂ ਰੈਕੇਟ ਦਾ ਖੁਲਾਸਾ :** ਸੰਗਰੂਰ ਦੇ ਬਡਬਰ ਨਿਵਾਸੀ ਰਣਜੀਤ ਡੂਪਲ, ਯੂਪੀ ਦੇ ਬਿਰੇਲੀ ਨਿਵਾਸੀ ਰਾਜੇਸ਼ ਕੁਮਾਰ ਗੁਪਤਾ ਨਾਲ ਮਿਲ ਕੇ ਵਿਦੇਸ਼ੀ ਹਥਿਆਰ ਅਮਰੀਕਾ ਤੋਂ ਮੀਆਂਮਾਰ ਦੇ ਰਸਤੇ ਸਪਲਾਈ ਕਰਨ ਦਾ ਇਕ ਰੈਕੇਟ ਚਲਾਉਂਦੇ ਹਨ। ਇਸ ਵਿਚ ਮਾਨਸਾ ਦੇ ਕਲਿਆਣ ਗੰਨ ਹਾਊਸ, ਅਬੋਹਰ ਦੇ ਅਮਰ ਲਾਲ ਗੰਨ ਹਾਊਸ ਦੇ ਰਾਹੀਂ ਫਰਜ਼ੀ ਬਿੱਲਾਂ ਜੋ ਉਨ੍ਹਾਂ ਨੂੰ ਗੰਨ ਹਾਊਸ ਮਾਲਕਾਂ ਦੇ ਰਾਹੀਂ ਅੱਗੇ ਵੇਚ ਦਿੱਤਾ ਜਾਂਦਾ ਹੈ। ਗਿਰੋਹ ਦੇ ਗੈਂਗਸਟਰ ਪਰਮਪਾਲ, ਰਿੰਕਾ, ਰੋਮਾਣਾ, ਅਨੰਦਬੀਰ, ਰੋਮਾ, ਕੁਲਬੀਰ ਨਰੂਲਾ ਵੀ ਜੁੜੇ ਹਨ। ਫਰੀਦਕੋਟ ਸੀਆਈਏ ਇੰਚਾਰਜ ਇੰਸਪੈਕਟਰ ਲਖਬੀਰ ਸਿੰਘ ਨੇ ਥਾਣਾ ਸਿਟੀ ਫਰੀਦਕੋਟ ਵਿਚ ਐਫਆਈਆਰ 29 ਅਕਤੂਬਰ 2016 ਨੂੰ ਦਰਜ ਕੀਤੀ ਹੈ। ਉਸ ਸਮੇਂ ਬਠਿੰਡਾ ਦੇ ਆਈਜੀ ਪਰਮਰਾਜ ਸਿੰਘ ਉਮਰਾਨੰਗਲ ਨੇ ਪ੍ਰੈਸ ਕਾਨਫਰੰਸ ਕਰਕੇ ਇਸ ਵੱਡੇ ਰੈਕੇਟ ਦਾ ਖੁਲਾਸਾ ਕੀਤਾ ਸੀ। ਇਸ ਦੀ ਜਾਂਚ ਦੇ ਲਈ ਐਸਆਈਟੀ ਬਣਾਈ ਸੀ, ਪਰ ਅੱਜ ਤੱਕ ਪੁਲੀਸ ਇਸ ਰੈਕੇਟ ਦੀਆਂ ਜੜ੍ਹਾਂ ਤੱਕ ਨਹੀਂ ਪਹੁੰਚ ਸਕੀ।




ਅੰਮ੍ਰਿਤਸਰ ਟਾਈਮਜ਼ AMRITSAR TIMES

09 ਮਈ 2018 ਤੋਂ 15 ਮਈ 2018

## ਇਤਿਹਾਸ ਉਤੇ ਠੱਪੀ ਜਾ ਰਹੀ 'ਨਾਗਪੁਰੀ ਛਾਪ'

ਪੰਜਾਬ ਸਕੂਲ ਸਿੱਖਿਆ ਬੋਰਡ ਦੀਆਂ ਗਿਆਰਵੀਂ ਤੇ ਬਾਰਵੀਂ ਜਮਾਤ ਦੀਆਂ ਇਤਿਹਾਸ ਨਾਲ ਸਬੰਧਤ ਕਿਤਾਬਾਂ ਉਤੇ ਛਿੜੇ ਵਿਵਾਦ ਨੇ ਭਾਰਤ ਦੇ ਸਿੱਖਿਆ ਤੰਤਰ ਵਿਚ ਅੰਦਰਖਾਤੇ ਅਛੋਪਲੇ ਜਿਹੇ ਹੋਰ ਕੀ- ਕੀ ਵਾਪਰ ਰਿਹਾ ਹੈ, ਉਸ ਦੀਆਂ ਪਰਤਾਂ ਵੀ ਉਧੇੜ ਦਿਤੀਆਂ ਹਨ। ਭਾਵੇਂ ਉਪਰੋਕਤ ਕਿਤਾਬਾਂ ਬਾਰੇ ਛਿੜੇ ਜਾਂ ਛੇੜੇ ਗਏ ਵਿਵਾਦ ਪਿੱਛੇ ਸੱਤਾ ਦੀ ਖੋਹਖਿੱਚ ਵਾਲੀ ਰਾਜਨੀਤੀ ਅਤੇ ਨਿੱਜੀ ਪ੍ਰਕਾਸ਼ਕਾਂ ਦੇ ਹੱਥੋਂ ਕਿਤਾਬਾਂ ਛਾਪਣ ਦੇ ਮੁਨਾਫੇ ਵਾਲੇ ਧੰਦੇ ਦੇ ਨਿਕਲ ਜਾਣ ਨੂੰ ਮੰਨਿਆ ਜਾ ਰਿਹਾ ਹੈ ਪਰ ਇਸ ਮਾਮਲੇ ਦੇ ਸਾਹਮਣੇ ਆਉਣ ਤੋਂ ਬਾਅਦ ਕੇਂਦਰ ਵਿਚਲੀ ਭਗਵਾਂ ਸਰਕਾਰ ਦੁਆਰਾ ਦੇਸ਼ ਦੇ ਸਕੂਲੀ ਸਿਲੇਬਸ ਵਿਚ ਕਿਸ ਹੱਦ ਤਕ ਜਾ ਕੇ ? ਇਤਿਹਾਸ ਦੇ ਤੱਥਾਂ ਨਾਲ ਛੇੜਛਾੜ ਕੀਤੀ ਜਾ ਰਹੀ ਹੈ, ਵੀ ਸਾਹਮਣੇ ਆ ਗਿਆ ਹੈ। ਉਪਰੋਕਤ ਦੋਵੇਂ ਕਿਤਾਬਾਂ ਵਿਚਲੇ ਪਾਠਕਰਮ ਨੂੰ ਤਰਤੀਬ ਦੇਣ ਅਤੇ ਬੱਚਿਆਂ ਦੇ ਬਸਤੇ ਦਾ ਭਾਰ ਘੱਟ ਕਰਨ ਦੇ ਨਾਂ 'ਤੇ ਸਿੱਖਾਂ ਤੇ ਪੰਜਾਬ ਦੇ ਇਤਿਹਾਸ ਨਾਲ ਸਬੰਧਤ ਕਈ ਅਹਿਮ ਅਧਿਆਇ ਗਾਇਬ ਕਰ ਦੇਣ ਬਾਰੇ ਤਾਂ ਖੁਦ ਪੰਜਾਬ ਦੀ ਸਰਕਾਰ ਵੀ ਅੱਧੇ ਜਿਹੇ ਮਨ ਨਾਲ ਮੰਨ ਗਈ ਹੈ ਪਰ ਸਕੂਲੀ ਪਾਠਕਰਮ ਰਾਹੀਂ ਇਕ ਖਾਸ ਵਿਚਾਰਧਾਰਾ ਨੂੰ ਬਾਲਮਨਾਂ ਵਿਚ ਘੁਸੇੜਨ ਅਤੇ ਦੂਜੀਆਂ ਵਿਚਾਰਧਾਰਾਵਾਂ ਨੂੰ ਛੁਟਿਆ ਕੇ ਪੇਸ਼ ਕਰਨ ਦੇ ਮਨਸੂਬੇ ਪੰਥਕ ਵਿਦਵਾਨਾਂ ਦੁਆਰਾ ਇਸ ਮੁੱਦੇ ਪ੍ਰਤੀ ਦਿਖਾਈ ਸੰਜੀਦਗੀ ਨਾਲ ਆਮ ਲੋਕਾਂ ਦੇ ਦ੍ਰਿਸ਼ਟੀਗੋਚਰ ਹੋਏ ਹਨ।

ਸਿੱਖ ਇਤਿਹਾਸਕਾਰਾਂ ਨੇ ਉਕਤ ਕਿਤਾਬ ਬਾਰੇ ਜੋ ਤੱਥ ਪੇਸ਼ ਕੀਤੇ ਹਨ, ਉਹ ਸਾਬਤ ਕਰਦੇ ਹਨ ਕਿ ਤਵਾਰੀਖ ਬਾਰੇ ਇੰਨੀਆਂ ਬੱਜਰ ਕੁਤਾਹੀਆਂ ਕਰਨਾ ਜਾਣਬੁੱਝ ਕੇ ਕੀਤੀ ਗਈ 'ਸ਼ਰਾਰਤ' ਹੀ ਹੈ। ਕਿਤਾਬ ਵਿੱਚ ਖਾਲਸਾ ਰਾਜ ਨੂੰ ਬਹੁਤ ਹੀ ਕੋਹਝੇ ਤਰੀਕੇ ਨਾਲ ਪੇਸ਼ ਕੀਤਾ ਗਿਆ ਹੈ। ਜੋ ਗੱਲਾਂ ਸਿੱਖੀ ਫਲਸਫੇ ਵਿੱਚ ਵਰਜਿਤ ਹਨ, ਉਨ੍ਹਾਂ ਨੂੰ ਵਧੇਰੇ ਉਭਾਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਕਿਤਾਬ ਵਿੱਚ ਮੰਦਰ ਵਿੱਚ ਕੀਰਤਨ ਹੋਣ ਦਾ ਜ਼ਿਕਰ ਅਸਿੱਧੇ ਢੰਗ ਕੀਤਾ ਗਿਆ ਹੈ, ਜਦ ਕਿ ਮੰਦਰ ਵਿੱਚ ਭਜਨ ਹੁੰਦਾ ਹੈ, ਕੀਰਤਨ ਨਹੀਂ।

ਇਸੇ ਤਰ੍ਹਾਂ ਮਹਾਤਮਾ ਬੁੱਧ ਬਾਰੇ ਕਿਹਾ ਗਿਆ ਹੈ ਕਿ ਉਨ੍ਹਾਂ ਨੂੰ ਪ੍ਰਮਾਤਮਾ ਦਾ ਗਿਆਨ ਹੋ ਗਿਆ, ਜਦਕਿ ਬੁੱਧਇਜ਼ਮ ਵਿੱਚ ਕਿਤੇ ਵੀ ਪਰਮਾਤਮਾ ਦਾ ਜ਼ਿਕਰ ਨਹੀਂ। ਸ਼ਹੀਦ ਕਰਤਾਰ ਸਿੰਘ ਸਰਾਭਾ ਬਾਰੇ ਸਭ ਜਾਣਦੇ ਹਨ ਕਿ ਉਹ ਲੁਧਿਆਣਾ ਦੇ ਪਿੰਡ ਸਰਾਭਾ ਦੇ ਜੰਮਪਲ ਸਨ ਪਰ ਕਿਤਾਬ ਵਿਚ ਉਨ੍ਹਾਂ ਦਾ ਜਨਮ ਲੁਧਿਆਣਾ ਦਾ ਲਿਖਿਆ ਗਿਆ ਹੈ।

ਭਾਰਤੀ ਰਾਸ਼ਟਰਵਾਦ ਨੂੰ ਤਿੰਨ ਪਾਠਾਂ ਵਿਚ ਰੱਖਿਆ ਗਿਆ ਹੈ ਜਦੋਂ ਕਿ ਰਾਸ਼ਟਰਵਾਦ ਇਤਿਹਾਸ ਨਾਲੋਂ ਵਧੇਰੇ ਰਾਜਨੀਤੀ ਵਿਗਿਆਨ ਦਾ ਵਿਸ਼ਾ ਹੈ। ਪੰਜਾਬ ਦੇ ਇਤਿਹਾਸ ਦੇ ਮਹੱਤਵ ਨੂੰ ਘਟਾਉਣ ਲਈ ਪੰਜਾਬ ਸਕੂਲ ਸਿਖਿਆ ਬੋਰਡ ਵਲੋਂ 12ਵੀਂ ਜਮਾਤ ਦੇ ਵਿਦਿਆਰਥੀਆਂ ਲਈ ਤਿਆਰ ਕੀਤੀ ਇਤਿਹਾਸ ਦੀ ਕਿਤਾਬ ਬਾਰੇ ਜੀਆਈਐਚਸੀ. ਵਲੋਂ ਤਿਆਰ ਕੀਤੀ ਰਿਵਿਊ ਰਿਪੋਰਟ ਵਿਚ ਇਹ ਤੱਥ ਵੀ ਸਾਹਮਣੇ ਆਇਆ ਹੈ ਕਿ ਇਹ ਪਾਠ ਪੁਸਤਕ ਕਿਸੇ ਵੀ ਪੱਖ ਤੋਂ ਮਿਆਰੀ ਨਹੀਂ ਹੈ। ਇਸ ਪੁਸਤਕ ਵਿਚ ਮਿਥਿਹਾਸ ਨੂੰ ਇਤਿਹਾਸ ਸਿੱਧ ਕਰਨ ਲਈ ਇਤਿਹਾਸਕ ਤੱਥਾਂ ਦੀ ਭੰਨ ਤੋੜ ਕੀਤੀ ਗਈ ਹੈ। ਸੈਕੂਲਰ ਰਾਸ਼ਟਰ ਦੀ ਥਾਂ ਤੇ ਹਿੰਦੂਤਵਵਾਦੀ ਰਾਸ਼ਟਰ ਦੀ ਨੀਂਹ ਮਜਬੂਤ ਕਰਨ ਲਈ ਅਤੇ ਸਿੱਖ ਪਛਾਣ ਦੀ ਮੌਲਕਿਤਾ ਨੂੰ ਖਤਮ ਕਰਨ ਦੀ ਸਾਜ਼ਿਸ਼ ਦੇ ਅਧੀਨ ਇਹ ਪੁਸਤਕ ਤਿਆਰ ਕੀਤੀ ਗਈ ਹੈ। ਪਹਿਲਾਂ 12ਵੀਂ ਦੀ ਕਿਤਾਬ ਤਿਆਰ ਕੀਤੀ ਹੈ, 11ਵੀਂ ਜਮਾਤ ਵਿਚ ਪੰਜਾਬ ਦੇ ਇਤਿਹਾਸ 'ਤੇ ਕੇਵਲ ਇਕ ਭਾਗ ਰੱਖਿਆ ਹੈ।

ਸਿੱਖ ਧਰਮ ਨੂੰ ਹਿੰਦੂ-ਧਾਰਾ ਦੀ 'ਰਾਮ ਭਗਤੀ ਦਾ ਹਿੱਸਾ ਬਣਾਉਣ ਦੀ ਸਾਜਿਸ਼ ਵੀ ਇਸ ਪੁਸਤਕ ਚ ਹੋਈ ਹੈ। ਗੁਰੂ ਨਾਨਕ ਸਾਹਿਬ ਅਤੇ ਗੁਰੂ ਸਾਹਿਬਾਨ ਨੂੰ ਭਗਤੀ ਦੇ ਨਵੇਂ ਰੰਗ ਵਿਚ ਪੇਸ਼ ਕੀਤਾ ਹੈ ਪਰੰਤੂ ਗੁਰੂ ਗੋਬਿੰਦ ਸਿੰਘ ਮਹਾਰਾਜ ਅਤੇ ਉਨ੍ਹਾਂ ਵਲੋਂ ਸਾਜੇ ਖਾਲਸੇ ਦਾ ਜ਼ਿਕਰ ਜਾਣ ਬੁਝ ਕੇ ਨਹੀਂ ਕੀਤਾ ਗਿਆ। ਭਗਤ ਨਾਮਦੇਵ ਜੀ ਦੇ ਗੁਰਦੁਆਰੇ ਨੂੰ ਮੰਦਰ ਲਿਖਿਆ ਹੈ। ਸ਼ਹੀਦ ਕਰਤਾਰ ਸਿੰਘ ਸਰਾਭੇ ਦੇ ਬੁੱਤ ਨੂੰ ਮੂਰਤੀ ਲਿਖਿਆ ਹੈ। ਪੁਰਾਣ ਸਾਹਿਤ ਨੂੰ ਇਤਿਹਾਸ ਬਣਾਉਣ ਦੀ ਗੈਰ-ਇਤਿਹਾਸਕ ਕੋਸ਼ਿਸ਼ ਕੀਤੀ ਗਈ ਹੈ। ਮਹਾਤਮਾ ਬੁੱਧ ਦੇ ਗਿਆਨ ਨੂੰ ਪਰਮਾਤਮਾ ਦਾ ਗਿਆਨ ਲਿਖਿਆ ਹੈ ਜਦੋਂ ਕਿ ਬੁੱਧ ਸਬੰਧੀ ਸਾਹਿਤ ਵਿਚ ਪਰਮਾਤਮਾ ਦੇ ਗਿਆਨ ਦਾ ਕੋਈ ਜ਼ਿਕਰ ਹੀ ਨਹੀਂ ਹੈ।

ਇਸ ਵਿਵਾਦ ਦੀਆਂ ਜੜ੍ਹਾਂ ਨੂੰ ਕੁਰੇਦਣ ਤੋਂ ਬਾਅਦ ਬਹੁਤ ਸਾਰੇ ਉਹ ਸਵਾਲ ਵੀ ਉੱਠ ਖੜ੍ਹੇ ਹੋਏ ਹਨ, ਜੋ ਕੇਵਲ ਪੰਜਾਬ ਜਾਂ ਸਿੱਖਾਂ ਜਾਂ ਫਿਰ ਕਿਸੇ ਇਕ ਜਾਂ ਦੋ ਰਾਜਾਂ ਦੇ ਸਕੂਲੀ ਸਿਲੇਬਸ ਦੇ ਘੜਨ-ਭੰਨਣ ਤਕ ਹੀ ਮਹਿਦੂਦ ਨਹੀਂ ਰਹਿ ਜਾਂਦੇ। ਇਹ ਸਵਾਲ ਸਮੁੱਚੇ ਭਾਰਤ ਦੀ ਸਭਿਆਚਾਰਕ, ਸਮਾਜਕ, ਧਾਰਮਕ ਤੇ ਬਹੁਧਾਰਾਈ ਵੰਨ-ਸੁਵੰਨਤਾ ਉਤੇ ਪੈ ਰਹੇ 'ਨਾਗਪੁਰੀ ਪਰਛਾਵੇਂ' ਦੇ ਚਲਿੱਤਰੀ ਕੋਹਜ ਦੀ ਸਮਰੱਥਾ ਤੇ ਬੌਧਿਕ ਖੇਤਰਾਂ ਵਿਚ ਰਸਾਈ ਦੇ ਵਿਰਾਟ ਪਾਸਾਰ ਵੱਲ ਵੀ ਸੇਧਤ ਹੋ ਰਹੇ ਹਨ। ਇਥੇ ਇਹ ਗੱਲ ਵੀ ਗੌਰ ਕਰਨ ਵਾਲੀ ਹੈ ਕਿ ਜਦੋਂ ਤੋਂ ਕੇਂਦਰ ਵਿਚ ਪਹਿਲੀ ਪੂਰਨ ਬਹੁਮਤ ਵਾਲੀ ਭਾਜਪਾ ਸਰਕਾਰ ਹੋਂਦ ਵਿਚ ਆਈ ਹੈ, ਉਦੋਂ ਤੋਂ ਹੀ ਬਹੁਤ ਸਾਰੀਆਂ ਧਾਰਮਿਕ ਤੁਅੱਸਬ ਦੀਆਂ ਘੁਣਤਰਾਂ ਦੇ ਨਾਲ-ਨਾਲ ਵਿਸ਼ੇਸ਼ ਤੌਰ ਸਾਡੇ ਅਕਾਦਮਿਕ ਖੇਤਰ ਵਿਚ ਇਤਿਹਾਸ ਨੂੰ ਦੁਬਾਰਾ ਲਿਖਣ, ਮਿਥਿਹਾਸ ਨੂੰ ਇਤਿਹਾਸ ਬਣਾ ਕੇ ਪੇਸ਼ ਕਰਨ ਅਤੇ ਕਥਿਤ ਪੁਰਾਣਾਂ, ਸ਼ਾਸਤਰਾਂ-ਸਿਮ੍ਰਤੀਆਂ ਦੇ ਨਾਮ 'ਤੇ ਮਾਨਸਿਕ ਗੁਲਾਮੀ ਦੀਆਂ ਪ੍ਰਤੀਕ ਲਿਖਤਾਂ ਨੂੰ ਸਰਕਾਰੀ ਤੇ ਅਕਾਦਮਿਕ ਮਾਨਤਾ ਦਿਵਾਉਣ ਦੀ ਕਸਰਤ ਹੋ ਰਹੀ ਹੈ। ਇਹ ਇਕ ਬਹੁਤ ਹੀ ਪਿਛਾਂਹ-ਖਿਚੂ ਤੇ ਮਨੁੱਖਤਾ ਮਾਰੂ ਰੁਝਾਨ ਹੈ। ਪੰਜਾਬ ਸਕੂਲ ਸਿੱਖਿਆ ਬੋਰਡ ਦੇ ਇਤਿਹਾਸ ਨਾਲ ਸਬੰਧਤ ਸਿਲੇਬਸ ਨਾਲ ਹੋਈ ਛੇੜਛਾੜ ਤੋਂ ਬਾਅਦ ਇਹ ਸ਼ੱਕ ਪੈਦਾ ਹੋਣਾ ਲਾਜ਼ਮੀ ਹੈ ਕਿ ਪਿਛਲੇ ਸਮੇਂ ਦੌਰਾਨ ਦੂਜੇ ਵਿਸ਼ਿਆਂ, ਜਮਾਤਾਂ ਅਤੇ ਬੋਰਡਾਂ ਵਿਚ ਸਿਲੇਬਸ ਬਦਲਣ ਦੇ ਨਾਮ ਉਤੇ ਵੀ ਕੀ ਅਜਿਹੀ ਹੀ ਖੇਡ ਤਾਂ ਨਹੀਂ ਖੇਡੀ ਜਾ ਚੁੱਕੀ ਹੈ। ਪੰਜਾਬ ਸਕੂਲ ਸਿੱਖਿਆ ਬੋਰਡ ਤੋਂ ਇਲਾਵਾ ਸੀਬੀਐਸਈ ਵਰਗੇ ਕੇਂਦਰੀ ਕੰਟਰੋਲ ਹੇਠਲੇ ਅਦਾਰਿਆਂ ਦਾ ਸਿਲੇਬਸ ਵੀ ਗਹਿਰੀ ਪੁਣਛਾਣ ਦੀ ਮੰਗ ਕਰਦਾ ਹੈ। ਧਿਆਨ ਦੇਣਯੋਗ ਹੈ ਕਿ ਸਾਡੇ ਅੱਜ ਦੇ ਬਹੁਗਿਣਤੀ ਬੱਚੇ ਨਿੱਜੀ ਸਕੂਲਾਂ ਵਿਚ ਪੜ੍ਹਾਈ ਕਰਨ ਨੂੰ ਤਰਜੀਹ ਦਿੰਦੇ ਹਨ। ਬਹੁਤੇ ਨਿੱਜੀ ਸਕੂਲ ਰਾਜ ਬੋਰਡਾਂ ਦੀ ਬਜਾਇ ਸੀਬੀਐਸਈ (ਸੈਂਟਰਲ ਬੋਰਡ ਆਫ ਸਕੂਲ ਐਜੂਕੇਸ਼ਨ) ਨਾਲ ਜੁੜੇ ਹੋਏ ਹਨ।

ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈਂਦਿਆਂ ਸਬੰਧਤ ਸਿਲੇਬਸ ਦੀਆਂ ਕਿਤਾਬਾਂ ਦੀ ਮੁੜ ਜਾਂਚ ਪੜਤਾਲ ਵਾਸਤੇ ਵਿਦਵਾਨਾਂ ਦੀ ਛੇ ਮੈਂਬਰੀ ਕਮੇਟੀ ਕਾਇਮ ਕੀਤੀ ਹੈ। ਜਿਥੋਂ ਤਕ ਸਕੂਲੀ ਕਿਤਾਬਾਂ ਵਿਚ ਭਾਸ਼ਾਈ ਬਬਦ-ਜੋੜਾਂ ਦੀਆਂ ਤਰੁੱਟੀਆਂ ਦਾ ਸਵਾਲ ਹੈ, ਇਹ ਮਾਮਲਾ ਭਾਸ਼ਾ ਮਾਹਰਾਂ ਦੇ ਪੱਧਰ ਉਤੇ ਸੌਖਿਆਂ ਹੀ ਨਜਿੱਠਿਆ ਜਾ ਸਕਦਾ ਹੈ ਪਰ ਇਤਿਹਾਸ ਨਾਲ ਸਬੰਧਤ ਸਿਲੇਬਸ ਨਾਲ ਹੋਈ ਛੇੜਛਾੜ ਬਾਰੇ ਵਧੇਰੇ ਚੌਕਸ ਰਹਿਣ ਦੀ ਜ਼ਰੂਰਤ ਹੈ।

# ਰੂਹਾਨੀ ਘਾਤ ਦੇ ਤੁਲ ਹੈ ਸਿਖੀ ਦਾ ਫਿਲਮੀਕਰਨ

**ਫਿਲਮਾਂ ਤੇ ਨਾਟਕ ਚਾਹੇ ਕਿਸੇ ਵੀ ਰੂਪ ਚ ਹੋਣ, ਸਿਨੇਮਾਕਾਰੀ ਦੀ ਉਪਜ ਹਨ ਜਿਸ ਦਾ ਕਾਰਜ ਅਸਲੀ ਜਾਂ ਨਕਲੀ ਤਸਵੀਰ ਨੂੰ ਫਿਲਮਾਉਣਾ ਹੁੰਦਾ ਹੈ। ਦੂਸਰੇ ਪਖੋਂ ਸਿਨੇਮਾਕਾਰੀ ਕਾਰੋਬਾਰ (ਬਿਜਨਸ) ਦਾ ਵੀ ਇਕ ਸੰਦ ਹੈ, ਜਿਸ ਨਾਲ ਨਿਰਮਾਤਾ, ਨਿਰਦੇਸ਼ਕ ਤੇ ਅਦਾਕਾਰਾਂ ਦੀ ਕਮਾਈ ਜੁੜੀ ਹੋਈ ਹੈ। ਕਮਾਈ ਦੇ ਸੰਦਾਂ ਤੋਂ ਸਿਖੀ ਰੂਹ ਦੇ ਫੈਲਾਅ ਦੀ ਆਸ ਕਰਨੀ ਠੀਕ ਵੀ ਨਹੀਂ। ਇਕ ਗੱਲ ਇਹ ਵੀ ਹੈ ਕਿ ਕੇਵਲ ਫਿਲਮ ਦੇ ਢੁਕਵੇਂ/ਉਤਮ ਸਿਰਲੇਖ ਜਾਂ ਉਸ ਵਿਚ ਉਕਾਈਆਂ ਦਾ ਪੂਰਨ ਖਿਆਲ ਰਖਣ ਦਾ ਮੁਦਾ ਨਹੀਂ, ਮਸਲਾ ਇਹ ਹੈ ਕਿ ਜੋ ਅਪਹੁੰਚ ਜਾਂ ਅਦ੍ਰਿਸ਼ ਸਰੋਕਾਰ ਪਰਦੇ ਦੇ ਕਿਸੇ ਵੀ ਸਾਧਨ ਦਾ ਵਿਸ਼ਾ ਨਹੀਂ ਤੇ ਕੇਵਲ ਰੂਹਾਨੀ ਹੈ, ਉਸ ਨੂੰ ਫਿਲਮਾਇਆ ਨਹੀਂ ਜਾ ਸਕਦਾ। ਪਰਦੇ ਬਾਰੇ ਤਾਂ ਵੈਸੇ ਵੀ ਵਿਦਵਾਨਾਂ ਦਾ ਮਤ ਹੈ ਕਿ ਪਰਦੇ 'ਤੇ ਸਭ ਕੁਝ ਪਰਛਾਵੇਂ ਦਾ ਵਰਤਾਰਾ ਹੁੰਦਾ ਹੈ। ਪਿਆਰ ਦੇ ਇਜ਼ਹਾਰ ਤੋਂ ਲੈ ਕੇ ਲੜਾਈ ਭਿੜਾਈ ਤਕ ਦਾ ਪਰਛਾਵਾਂ ਮਨੁਖ ਦੀਆਂ ਮਨੋ ਭਾਵਨਾਵਾਂ ਨੂੰ ਨਰਮ ਪਾ ਦਿੰਦਾ ਹੈ। ਕਿਉਂਕਿ ਉਹ ਅਸਲ ਨਹੀਂ ਹੁੰਦਾ।**

**ਡਾ. ਗੁਰਤੇਜ ਸਿੰਘ (ਠੀਕਰੀਵਾਲਾ)**

ਸੱਭਿਅਤਾ ਦੇ ਮੁੱਢ ਤੋਂ ਹੀ ਮਨੁਖ ਦੀ ਬਹੁ ਰੰਗੀ ਤ੍ਰਿਪਤੀ ਲਈ ਅਨੇਕਾਂ ਹੀ ਕਿਸਮ ਦੇ ਸਾਧਨ ਪੈਦਾ ਹੁੰਦੇ ਆਏ ਹਨ। ਇਹਨਾਂ ਵਿਚ



ਹੀ ਮਨੋਰੰਜਨ ਦੇ ਸਾਧਨ ਆ ਜਾਂਦੇ ਹਨ। ਇਹਨਾਂ ਨੂੰ ਕਦੇ ਵੀ ਸਥਾਨ ਅਤੇ ਸਮੇਂ ਪਖੋਂ ਸਦੀਵਤਾ ਨਾਲ ਜੋੜ ਕੇ ਨਹੀਂ ਦੇਖਿਆ ਜਾ ਸਕਦਾ ਹੈ। ਅਜਿਹੀ ਤ੍ਰਿਪਤੀ ਅਤੇ ਉਸ ਦੇ ਸੋਮੇ ਵਕਤੀ ਹੁੰਦੇ ਹਨ। ਮਿਸਾਲ ਵਜੋਂ ਮਨੋਰੰਜਨ ਦੇ ਪੁਰਾਤਨ ਕਿਸੇ ਵੀ ਸਾਧਨ ਨੂੰ ਲਿਆ ਜਾ ਸਕਦਾ ਹੈ, ਜਿਨ੍ਹਾਂ ਦੀ ਥਾਂ ਅਜ ਕਿਸੇ ਨੇ ਹੋਰ ਮਲ ਲਈ ਹੈ ਅਤੇ ਅਗਾਂਹ ਨੂੰ ਹੋਰ। ਇਹਨਾਂ ਦੀ ਉਪਜ ਨੇ ਮਨੁਖੀ ਚੇਤਨਾ ਅਤੇ ਸਹਿਜ 'ਚ ਵਿਗਾੜ ਲਿਆਉਣ ਦੀ ਨਾਂਹ ਪਖੀ ਭੂਮਿਕਾ ਵੀ ਅਦਾ ਕੀਤੀ ਹੈ। ਇਸ ਤੋਂ ਅਗਾਂਹ ਧਰਮ ਦਾ ਸਦੀਵੀ ਸਰੋਕਾਰ ਹੈ, ਜੋ ਸਮੇਂ ਤੇ ਸਥਾਨ ਤੋਂ ਮੁਕਤ ਕਾਲ ਤੋਂ ਪਰ੍ਹੇ ਤੇ ਸਰਵ ਵਿਆਪਕਤਾ ਦੀ ਹੈਸੀਅਤ ਰਖਦਾ ਹੈ। ਇਸ ਅਗੰਮ ਤੇ ਅਨੰਤ ਇਕ ਸਤਾ ਤੋਂ ਅਨੇਕਾਂ ਪੰਥ ਹੋਂਦ ਵਿਚ ਆਏ। ਗੁਰੂ ਨਾਨਕ ਜੀ ਵੱਲੋਂ ਵਰੋਸਾਇਆ ਸਿਖ ਪੰਥ ਪਰਮ ਸਤ ਦੀ ਅਗੋਚਰਤਾ ਤੇ ਸਰਵ ਵਿਆਪਕਤਾ ਦਾ ਸੰਦੇਸ਼ਵਾਹਕ ਹੈ। ਗੁਰੂ ਸਾਹਿਬ ਨੇ ਪਾਰਬ੍ਰਹਮ ਪਰਮੇਸ਼ਰ ਤੋਂ ਬਖਸ਼ਿਸ਼ ਨਾਮ ਦਾ ਪਿਆਲਾ ਲੋਕਾਈ ਤਕ ਪਿਲਾਉਣ ਲਈ ਉਦਾਸੀਆਂ ਦੇ ਪਵਿਤਰ ਕਾਰਜਾਂ ਦਾ ਪ੍ਰਵਾਹ ਚਲਾਇਆ ਅਤੇ ਜੋਤਿ ਤੇ ਜੁਗਤਿ' ਦੀ ਏਕਤਾ ਦੇ ਦੈਵੀ ਅਮਲ ਨਾਲ ਦਸ ਜਾਮਿਆਂ ਵਿਚ ਉਸ ਦਾ ਪ੍ਰਚਾਰ-ਪ੍ਰਸਾਰ ਕੀਤਾ। ਇਸ ਤਰ੍ਹਾਂ ਦੀਨ-ਦੁਨੀ, ਹਲਤ-ਪਲਤ, ਲੋਕ-ਪਰਲੋਕ ਦੇ ਸਾਂਝੇ ਉਦੇਸ਼ ਵਾਲਾ ਇਕ ਮਜਬੂਤ ਸੰਸਥਾਗਤ ਸਿਖ ਪੰਥ ਸਥਾਪਿਤ ਕੀਤਾ।

ਕਈ ਤਰੀਕਿਆਂ ਰਾਹੀਂ ਧਰਮ ਦੇ ਪ੍ਰਚਲਣ ਤੇ ਪ੍ਰਸਾਰ ਦੇ ਯਤਨ ਆਰੰਭ ਹੋਏ। ਗੁਰਬਾਣੀ ਦਾ ਪਾਠ, ਕੀਰਤਨ, ਕਥਾ ਅਤੇ ਢਾਡੀ ਵਾਰਾਂ ਸਿਖੀ ਪ੍ਰਚਾਰ ਦੇ ਪ੍ਰਮੁਖ ਸਾਧਨ ਬਣੇ। ਲੇਕਿਨ ਇਹਨਾਂ ਵਖ-ਵਖ ਅਭਿਆਸਾਂ ਵਿਚ ਮੂਲ ਤਤ ਵਸਤੂ ਨਾਮ' ਦੀ ਪ੍ਰਧਾਨਤਾ ਵਾਲੀ ਹੀ ਮੌਜੂਦ ਹੈ। ਬੁਤਪ੍ਰਸਤੀ ਅਤੇ ਵਿਅਕਤੀ ਪੂਜਾ ਨੂੰ ਕੇਵਲ ਕਰਮ ਕਾਂਡ ਕਾਰਨ ਹੀ ਦ ਨਹੀਂ ਕੀਤਾ ਗਿਆ, ਸਗੋਂ ਇਹਨਾਂ ਦੀ ਸੀਮਾ ਤੇ ਕਾਲ ਅਧੀਨ ਹੋਂਦ ਕਾਰਨ ਇਹਨਾਂ ਨਾਲ ਮਾਤਮਾ ਪ੍ਰਾਪਤੀ ਦੀ ਅਸੰਭਵਤਾ ਦਾ ਇਕ ਵਡਾ ਘਾਟਾ ਵੀ ਕਾਰਨ ਬਣਿਆ। ਸਿਖੀ ਵਾਲੇ ਨਾਮ' ਪ੍ਰਧਾਨ ਪੰਥ ਵਿਚ ਸੁਰਤਿ, ਮਤਿ, ਮਨਿ ਤੇ ਬੁਧਿ' ਦੀ ਘਾੜਤ ਹੀ ਆਤਮਿਕ ਵਿਗਾਸ ਲਛਣ ਹੈ ਤੇ ਇਸ ਦਾ ਇਕੋ ਇਕ ਸ੍ਰੋਤ ਨਾਮ' ਹੈ। ਇਕ ਵਿਚਾਰਨਯੋਗ ਨੁਕਤਾ ਇਹ ਹੈ ਕਿ ਸਿਖ ਧਰਮ ਵਿਕਾਸਵਾਦੀ ਨਾ ਹੋ ਕੇ ਵਿਗਾਸੀ ਧਰਮ ਹੈ। ਇਹ ਵਿਗਾਸ ਅਖੀਰ ਕਹੁ ਕਬੀਰ ਗੂੰਗੈ ਗੁੜੁ ਖਾਇਆ ਪੂਛੇ ਤੇ ਕਿਆ ਕਹੀਐ' ਵਾਲੇ ਰਹਸਪੂਰਨ ਸੰਕੇਤ ਦਾ ਧਾਰਨੀ ਹੋ ਜਾਂਦਾ ਹੈ। ਕੋਈ ਵਿਕਾਸਵਾਦੀ ਫਲਸਫਾ ਜਾਂ ਵਿਚਾਰਧਾਰਾ ਦ੍ਰਿਸ਼ ਦਾ ਵਿਸ਼ਾ ਹੋ ਸਕਦਾ ਹੈ, ਪਰ ਨਿਰੋਲ ਸੁਰਤਿ ਤੇ ਆਤਮਾ ਦਾ ਵਿਸ਼ਾ ਸਿਖੀ ਜਿਹੇ ਵਿਗਾਸੀ ਧਰਮ ਦਾ ਪ੍ਰਚਲਣ ਕਿਸੇ ਦ੍ਰਿਸ਼ ਦਾ ਮੁਥਾਜ ਨਹੀਂ। ਸੋ ਪਹਿਲਾਂ ਤੋਂ ਹੀ ਗੁਰੂ ਸਾਹਿਬਾਨ ਅਤੇ ਸਿਖ ਇਤਿਹਾਸ ਦੇ ਨਾਇਕਾਂ 'ਤੇ ਫ਼ਿਲਮਾਂ ਬਣਾਉਣ ਦੀ ਪਿਰਤ ਨਾ ਪੈਣੀ ਸਿਖ ਸਿਧਾਂਤ ਅਨੁਸਾਰ ਹੈ ਨਾ ਕਿ ਇਹ ਨਿਰੋਲ ਸ਼ਰਧਾ-ਭਾਵਨਾ ਦੇ ਵੇਗ ਦੇ ਮੁਹਾਣ ਹਨ। ਚਾਰ ਸਾਹਿਬਜ਼ਾਦੇ' ਫਿਲਮ ਦੇ ਨਫ਼ੇ ਨੁਕਸਾਨ ਦਾ ਅੰਦਾਜ਼ਾ ਭਾਵੇਂ ਪੰਥਕ ਹਲਕਿਆਂ ਵਿਚ ਲਗ ਚੁਕਿਆ ਹੈ, ਪਰ ਗੱਲ ਸਹੇ ਦੀ ਨਹੀਂ ਗੱਲ ਪਹੇ ਦੀ ਹੈ' ਦੇ ਅਖੌਤ ਅਨੁਸਾਰ ਉਸ ਤੋਂ ਪਿਰਤ ਜ਼ਰੂਰ ਪਈ ਹੈ।

ਗੁਰੂ ਕਾਲ ਤੋਂ ਲੈ ਕੇ ਸਿਖੀ ਦੇ ਪ੍ਰਚਾਰ ਕਾਰਜ ਨੂੰ ਗੁਰਸਿਖ ਜੀਅ ਜਾਨੋਂ ਹਰ ਤਰ੍ਹਾਂ ਦੀ ਕੁਰਬਾਨੀ ਨਾਲ ਸਿਰੇ ਚਾੜ੍ਹਦੇ ਆਏ ਹਨ। ਹੁਣ ਦੀ ਪ੍ਰਮੁਖ ਸਮਸਿਆ ਤਕਨੀਕੀ ਮੀਡੀਆ ਦੇ ਅਜੋਕੇ ਯੁਗ ਵਿਚ ਪਰਦੇ ਨੂੰ ਧਰਮ ਪ੍ਰਚਾਰ ਦੇ ਲਾਭ ਹਿਤ ਠਹਿਰਾਉਂਦਿਆਂ ਸਿਖੀ ਦੇ ਫਿਲਮੀਕਰਨ ਦੀ ਹੈ। ਕੁਝ ਕੁ ਦਾ ਵਿਚਾਰ ਹੈ ਕਿ ਸਮੇਂ ਦੇ ਲਿਹਾਜ ਦ੍ਰਿਸ਼ ਕਲਾ ਦੇ ਸਾਧਨ ਫਿਲਮਾਂ, ਨਾਟਕਾਂ ਆਦਿ ਨਾਲ ਬਚਿਆਂ ਤੇ ਨੌਜਵਾਨਾਂ ਵਿਚ ਸਿਖੀ ਪ੍ਰਚਾਰ ਵਧੇਰੇ ਅਸਰਦਾਇਕ ਬਣਾਇਆ ਜਾ ਸਕਦਾ ਹੈ, ਇਸ ਕਰਕੇ ਮੌਜੂਦਾ ਸਮੇਂ ਵਿਚ ਇਹਨਾਂ ਨੂੰ ਇਸ ਕਾਰਜ ਲਈ ਵਰਤ ਲੈਣਾ ਚਾਹੀਦਾ ਹੈ। ਸਿਧਾਂਤਕ ਤੇ ਇਤਿਹਾਸਕ ਨੁਕਤਿਆਂ ਤੋਂ ਇਹ ਵਿਚਾਰ ਤਰਕਹੀਣ ਹੀ ਨਹੀਂ, ਸਗੋਂ ਧਰਮ ਦੀ ਰੂਹ ਲਈ ਅਤਿ ਘਾਤਕ ਸਿਧ ਹੁੰਦਾ ਹੈ। ਇਕ ਉਦਾਹਰਨ ਦੇਣੀ ਉਚਿਤ ਹੋਵੇਗੀ। ਗੁਰਮਤਿ ਅਨੁਸਾਰ ਅਕਾਲ ਪੁਰਖ ਗਿਆਨ ਇੰਦ੍ਰੀਆਂ ਅਤੇ ਕਰਮ ਇੰਦਰੀਆਂ ਦੀ ਪਕੜ ਦਾ ਵਿਸ਼ਾ ਨਹੀਂ। ਨਾਨਕ ਸੇ ਅਖੜੀਆਂ ਬਿਅੰਨ ਜਿਨੀ ਡਿਸੰਦੋ ਮਾ ਪਿਰੀ' ਕਿ ਉਹ ਅਖੀਆਂ ਹੋਰ ਹਨ ਜਿਨ੍ਹਾਂ ਨਾਲ ਪਰਮਾਤਮਾ ਕੰਤ ਦਾ ਦਰਸ਼ਨ ਹੁੰਦਾ ਹੈ। ਇਸ ਗੁਰ ਉਪਦੇਸ਼ ਤੋਂ ਸਿਧ ਹੁੰਦਾ ਹੈ ਕਿ ਇਹ ਕੇਵਲ ਅਨੁਭਵ ਦਾ ਵਿਸ਼ਾ ਹੈ, ਜੋ ਸੁਰਤਿ ਦੇ ਵਿਗਾਸ ਰਾਹੀ ਸੰਭਵ ਹੈ। ਸੋ ਜਿਹੜਾ ਵਸਤੂ ਅਨੁਭਵ (ਰਹਸ) ਦਾ ਹੀ ਵਿਸ਼ਾ ਹੈ ਉਸ ਨੂੰ ਕਿਸੇ ਦ੍ਰਿਸ਼ (ਫਿਲਮ, ਨਾਟਕ) ਰਾਹੀਂ ਕਿਵੇਂ ਪਰਦਰਸ਼ਿਤ ਕਰ ਸਕਦੇ ਹਾਂ ? ਦੂਸਰੇ ਸ਼ਬਦਾਂ ਵਿਚ ਦ੍ਰਿਸ਼ ਦੀ ਇਕ ਸੀਮਾਂ ਵਿਚ ਹੁੰਦੀ ਹੈ। ਅਸੀਮ ਵਿਸ਼ਾ ਇਸ ਦੀ ਪਕੜ ਵਿਚ ਨਹੀਂ ਆ ਸਕਦਾ ਹੈ। ਇਹ ਵਿਸ਼ਾ ਨਾਮ' ਦੇ ਸੁਣਨ, ਮੰਨਣ ਦਾ ਹੈ, ਜਿਸ ਦੀ ਝਲਕ ਸ਼ੁਭ ਅਮਲਾਂ ਸਹਿਤ ਗੁਰਮੁਖਾਂ ਦੇ ਜੀਵਨ ਵਿਚੋਂ ਦ੍ਰਿਸਟੀਗੋਚਰ ਹੁੰਦੀ। ਇਹ ਪ੍ਰਾਪਤੀ ਮਨੁਖ ਦੇ ਸਵੈ ਯਤਨਾਂ ਦਾ ਸਿਟਾ ਨਾ ਹੋ ਕੇ ਗੁਰੂ ਕਿਰਪਾ ਜਾਂ ਬਖਸ਼ਿਸ਼ 'ਤੇ ਹੀ ਨਿਰਭਰ ਹੈ। ਇਹੀ ਕੜੀ ਸਾਡੇ ਇਤਿਹਾਸ ਨਾਲ ਜੁੜਦੀ ਹੈ। ਸਾਡਾ ਇਤਿਹਾਸ ਧਰਮ ਆਸ਼੍ਰਿਤ ਹੈ। ਜਿਸ ਦਾ ਕੇਂਦਰ ਰੂਹਾਨੀਅਤ ਹੈ। ਕੇਵਲ ਤਰੀਕਾਂ ਤੇ ਘਟਨਾਵਾਂ ਦੇ ਤਥਾਂ ਦਾ ਬਿਉਰਾ ਸਾਡਾ ਇਤਿਹਾਸ ਨਹੀਂ। ਪ੍ਰੋ. ਪੂਰਨ ਸਿੰਘ ਜੀ ਦੇ ਸ਼ਬਦਾਂ ਵਿਚ ਸਾਡਾ ਇਤਿਹਾਸ ਧਿਆਨੀ ਹੈ, ਜਿਸ ਦਾ ਅਸੀਂ ਰੋਜ਼ਾਨਾ ਅਰਦਾਸ ਵਿਚ ਧਿਆਨ ਧਰਦੇ ਹਾਂ। ਸਾਡੀ ਅਰਦਾਸ ਜੋ ਸਮੁਚੇ ਪੰਥ ਦੀ ਬੁਧੀ ਦੁਆਰਾ ਤਿਆਰ ਹੋਈ ਹੈ, ਸਾਡੇ ਫਲਸਫੇ ਤੇ ਇਤਿਹਾਸ ਦਾ ਸੰਖੇਪ ਪਰ ਭਾਵਪੂਰਤ ਪਵਿਤਰ ਦਸਤਾਵੇਜ ਹੈ। ਇਹ ਸਾਡੀ ਸਿਮਰਤੀ ਦਾ ਹਿਸਾ ਬਣ ਚੁਕੀ ਹੈ। ਸਾਡੇ ਪਵਿਤਰ ਇਤਿਹਾਸ ਦੇ ਇਸ ਧਿਆਨ ਰੂਪ ਅਰਦਾਸ ਤੋਂ ਉਤਮ ਹੋਰ ਕਿਹੜਾ ਸਾਧਨ ਹੋ ਸਕਦਾ ਹੈ, ਜਿਹੜਾ ਸਾਡੇ ਰੂਹਾਨੀ ਇਤਿਹਾਸ ਨੂੰ ਸਾਡੇ ਅਗੇ ਪ੍ਰਗਟ ਕਰੇ ਤੇ ਪ੍ਰੇਰਨਾ ਦੇਵੇ ? ਤਸਵੀਰਾਂ ਤੇ ਫਿਲਮਾਂ ਤਾਂ ਵੱਡੇ ਤੇ ਸਦੀਵੀ ਸਤਿ ਨੂੰ ਛੋਟੇ ਪਰਦੇ 'ਤੇ ਲਿਆਉਣ ਅਤੇ ਦੈਵੀ ਸ਼ਖ਼ਸੀਅਤਾਂ ਨੂੰ ਮਨੁਖੀ ਪਧਰ 'ਤੇ ਲਿਆਉਣ ਦਾ ਅਤਿ ਨਖਿਧ ਰੁਝਾਨ ਹੈ। ਇਕ ਇਤਿਹਾਸਕ ਘਟਨਾ ਹੈ ਕਿ ਜਦ ਚਿਤਰਕਾਰ ਸੋਭਾ ਸਿੰਘ ਨੇ ਗੁਰੂ ਨਾਨਕ ਜੀ ਦੀ ਕਲਪਿਤ ਤਸਵੀਰ ਬਣਾਈ ਸੀ ਉਸ ਤੋਂ ਪਰਦਾ ਚੁਕਵਾਉਣ ਦੀ ਰਸਮ ਪ੍ਰਸਿਧ ਸਿਖ ਸਾਹਿਤਕਾਰ ਭਾਈ ਵੀਰ ਸਿੰਘ ਜੀ ਤੋਂ ਕਰਵਾਉਣੀ ਚਾਹੀ। ਨਿਸਚਿਤ ਸਮੇਂ ਅਨੁਸਾਰ ਜਦ ਭਾਈ ਸਾਹਿਬ ਨੇ ਤਸਵੀਰ ਤੋਂ ਪਰਦਾ ਉਠਾਇਆ ਤਾਂ ਇਹ ਕਹਿ ਕੇ ਕਿ ਮੇਰਾ ਸਤਿਗੁਰ ਅਜਿਹਾ ਨਹੀਂ ਸੀ, ਇਕ ਦਮ ਮੂੰਹ ਘੁਮਾ ਕੇ ਬਾਹਰ ਨਿਕਲ ਗਏ। ਜੋ ਸੰਕੇਤ ਭਾਈ ਵੀਰ ਸਿੰਘ ਨੇ ਦਿਤਾ ਉਹ ਇਹ ਹੈ ਕਿ ਮਨੁਖ ਦੀ ਅਤਿ ਉਤਮ ਚਿਤਰਕਲਾ ਵੀ ਗੁਰੂ ਸਾਹਿਬਾਨ ਦੀ ਛਵੀ ਨਹੀਂ ਬਣਾ ਸਕਦੀ। ਪ੍ਰੋ. ਪੂਰਨ ਸਿੰਘ ਜੀ ਕਲਗੀਆਂ ਵਾਲੇ ਦੀ ਛਵੀ' ਲੇਖ ਵਿਚ ਵੀ ਗੁਰੂ ਚਿਤਰ ਬਣਾਉਣ ਹਿਤ ਮਨੁਖੀ ਅਪਹੁੰਚ ਦਾ ਜ਼ਿਕਰ ਕਰਦੇ ਹਨ।

ਫਿਲਮਾਂ ਤੇ ਨਾਟਕ ਚਾਹੇ ਕਿਸੇ ਵੀ ਰੂਪ ਚ ਹੋਣ, ਸਿਨੇਮਾਕਾਰੀ ਦੀ ਉਪਜ ਹਨ ਜਿਸ ਦਾ ਕਾਰਜ ਅਸਲੀ ਜਾਂ ਨਕਲੀ ਤਸਵੀਰ ਨੂੰ ਫਿਲਮਾਉਣਾ ਹੁੰਦਾ ਹੈ। ਦੂਸਰੇ ਪਖੋਂ ਸਿਨੇਮਾਕਾਰੀ ਕਾਰੋਬਾਰ (ਬਿਜਨਸ) ਦਾ ਵੀ ਇਕ ਸੰਦ ਹੈ, ਜਿਸ ਨਾਲ ਨਿਰਮਾਤਾ, ਨਿਰਦੇਸ਼ਕ ਤੇ ਅਦਾਕਾਰਾਂ ਦੀ ਕਮਾਈ ਜੁੜੀ ਹੋਈ ਹੈ। ਕਮਾਈ ਦੇ ਸੰਦਾਂ ਤੋਂ ਸਿਖੀ ਰੂਹ ਦੇ ਫੈਲਾਅ ਦੀ ਆਸ ਕਰਨੀ ਠੀਕ ਵੀ ਨਹੀਂ। ਇਕ ਗੱਲ ਇਹ ਵੀ ਹੈ ਕਿ ਕੇਵਲ ਫਿਲਮ ਦੇ ਢੁਕਵੇਂ/ਉਤਮ ਸਿਰਲੇਖ ਜਾਂ ਉਸ ਵਿਚ ਉਕਾਈਆਂ ਦਾ ਪੂਰਨ ਖਿਆਲ ਰਖਣ ਦਾ ਮੁਦਾ ਨਹੀਂ, ਮਸਲਾ ਇਹ ਹੈ ਕਿ ਜੋ ਅਪਹੁੰਚ ਜਾਂ ਅਦ੍ਰਿਸ਼ ਸਰੋਕਾਰ ਪਰਦੇ ਦੇ ਕਿਸੇ ਵੀ ਸਾਧਨ ਦਾ ਵਿਸ਼ਾ ਨਹੀਂ ਤੇ ਕੇਵਲ ਰੂਹਾਨੀ ਹੈ, ਉਸ ਨੂੰ ਫਿਲਮਾਇਆ ਨਹੀਂ ਜਾ ਸਕਦਾ। ਪਰਦੇ ਬਾਰੇ ਤਾਂ ਵੈਸੇ ਵੀ ਵਿਦਵਾਨਾਂ ਦਾ ਮਤ ਹੈ ਕਿ ਪਰਦੇ 'ਤੇ ਸਭ ਕੁਝ ਪਰਛਾਵੇਂ ਦਾ ਵਰਤਾਰਾ ਹੁੰਦਾ ਹੈ। ਪਿਆਰ ਦੇ ਇਜ਼ਹਾਰ ਤੋਂ ਲੈ ਕੇ ਲੜਾਈ ਭਿੜਾਈ ਤਕ ਦਾ ਪਰਛਾਵਾਂ ਮਨੁਖ ਦੀਆਂ ਮਨੋ ਭਾਵਨਾਵਾਂ ਨੂੰ ਨਰਮ ਪਾ ਦਿੰਦਾ ਹੈ। ਕਿਉਂਕਿ ਉਹ ਅਸਲ ਨਹੀਂ ਹੁੰਦਾ। ਇਸ ਦਾ ਦੂਸਰਾ ਨੁਕਸਾਨ ਇਹ ਹੈ ਕਿ ਪਰਦੇ ਉਪਰ ਦੇਖੀ ਜਾਂਦੀ ਅਤਿ ਬੁਰਾਈ ਦਾ ਦ੍ਰਿਸ਼ ਮਨੁਖੀ ਮਨ ਉਪਰ ਇਸ ਨੂੰ ਦੇਖ ਕੇ ਛਡ ਦੇਣ ਜਾਂ ਸਹਿਣ ਕਰਨ ਦਾ ਆਦੀ ਬਣਾਉਂਦਾ ਹੈ। ਇਹ ਸੂਖਮ ਮਾਨਸਿਕ ਨਤੀਜੇ ਹਨ, ਜੋ ਮਨੋਵਿਗਿਆਨਕ ਨੁਕਤੇ ਤੋਂ ਮਨੁਖ ਦੇ ਵਿਵਹਾਰ ਉਪਰ ਵੀ ਅਸਰ ਪਾਉਂਦੇ ਹਨ। ਕਹਿਣ ਦਾ ਭਾਵ ਜੇ ਪਰਦਾ ਆਮ ਹਾਲਤਾਂ ਵਿਚ ਵੀ ਕੇਵਲ ਮਨੋਰੰਜਨ ਦੇ ਸਾਧਨ ਤੋਂ ਵਧ ਕੁਝ ਨਹੀਂ ਤਾਂ ਅਕਾਲ ਰੂਪ ਗੁਰੂ ਸਾਹਿਬਾਨ, ਸਿਖ ਮਹਾਂ ਪੁਰਸ਼ਾਂ ਅਤੇ ਸ਼ਹੀਦਾਂ ਨੂੰ ਪਰਦੇ ਉਪਰ ਦੇਖਣ ਜਾਂ ਦਿਖਾਉਣ ਦਾ ਸਿਲਸਿਲਾ ਤਾਂ ਕਿਸੇ ਤਰ੍ਹਾਂ ਵੀ ਉਚਿਤ ਨਹੀਂ। ਧਰਮ ਫਿਲਾਸਫਰਾਂ ਨੇ ਪਵਿਤਰ ਤੇ ਅਪਵਿਤਰ ਦਾ ਨਿਖੇੜਾ ਧਰਮ ਦਾ ਬੁਨਿਆਦੀ ਤਤ ਮੰਨਿਆਂ ਹੈ। ਜੇ ਇਸ ਨੂੰ ਧਰਮ ਦੇ ਵਿਵਹਾਰ ਵਜੋਂ ਦਖੀਏ ਤਾਂ ਗਲ ਸਮਝ ਆਉਂਦੀ ਹੈ ਕਿ ਪਵਿਤਰ ਦੈਵੀ ਹਸਤੀਆਂ ਨੂੰ ਨਾ ਤਾਂ ਦੁਨਿਆਵੀ ਅਖ ਤੋਂ ਦੇਖਿਆ ਜਾ ਸਕਦਾ ਹੈ ਅਤੇ ਨਾਂ ਹੀ ਦੁਨਿਆਵੀ ਕਿਸੇ ਸਾਧਨ ਨਾਲ ਉਹਨਾਂ ਨੂੰ ਦਰਸਾਇਆ ਜਾ ਸਕਦਾ ਹੈ।

ਸਾਡੇ ਗੁਰ ਇਤਿਹਾਸ ਤੇ ਸਿਖ ਇਤਿਹਾਸ ਦੇ

ਬਾਕੀ ਸਫ਼ਾ 28 'ਤੇ

# ਕਿਤਾਬ ਬਾਰੇ ਅਕਾਦਮਿਕ ਬਹਿਸ ਹੋਵੇ, ਸਿਆਸਤ ਨਹੀਂ

**ਕੁਲਜੀਤ ਬੈਂਸ**

ਪੰਜਾਬ ਸਕੂਲ ਸਿੱਖਿਆ ਸਕੂਲ ਬੋਰਡ ਨੇ 12ਵੀਂ ਜਮਾਤ ਲਈ ਇਤਿਹਾਸ ਦੀ ਨਵੀਂ ਕਿਤਾਬ ਤਿਆਰ ਕੀਤੀ ਹੈ। 11ਵੀਂ ਜਮਾਤ ਬਾਰੇ ਇੱਕ ਹੋਰ ਕਿਤਾਬ ਹੁਣ ਅੰਤਿਮ ਪੜਾਅ



ਉੱਤੇ ਹੈ। ਕਈ ਸਿਆਸੀ ਪਾਰਟੀਆਂ ਅਤੇ ਕੁੱਝ ਸਿੱਖ ਵਿਦਵਾਨ ਸਾਨੂੰ ਇਹ ਜਚਾ ਰਹੇ ਹਨ ਕਿ ਸਮੁੱਚੀ ਸਿੱਖ ਪਛਾਣ ਲਈ ਖ਼ਤਰਾ ਖੜ੍ਹਾ ਹੋ ਗਿਆ ਹੈ, ਕਿਉਂਕਿ ਸਾਜ਼ਿਸ਼ ਇਹ ਘੜੀ ਜਾ ਰਹੀ ਹੈ ਕਿ ਬੱਚੇ ਸਿੱਖ ਇਤਿਹਾਸ ਅਤੇ ਇਸ ਦੀਆਂ ਸ਼ਾਨਦਾਰ ਰਵਾਇਤਾਂ ਬਾਬਤ ਹੀ ਨਾ ਪੜ੍ਹ ਸਕਣ। ਜੇ ਇਹ ਦੋਸ਼ ਸੱਚਮੁੱਚ ਸਹੀ ਹਨ ਤਾਂ ਇਹ ਬੜਾ ਗੰਭੀਰ ਮਸਲਾ ਬਣਦਾ ਹੈ। ਉਂਜ, ਇਨ੍ਹਾਂ ਦੋਸ਼ਾਂ ਦੀ ਪੁਣਛਾਣ ਦੀ ਸਖ਼ਤ ਲੋੜ ਹੈ।

ਸੂਬਾ ਸਰਕਾਰ ਨੇ ਇਸ ਸਬੰਧੀ ਆਪਣੇ ਕੁਝ ਤਰਕ ਦੇਣ ਦਾ ਯਤਨ ਕੀਤਾ ਹੈ। ਇਨ੍ਹਾਂ ਵਿੱਚੋਂ ਬਹੁਤੇ ਦਲੀਲਪੂਰਨ ਵੀ ਜਾਪਦੇ ਹਨ ਹਾਲਾਂਕਿ ਇਨ੍ਹਾਂ ਦਾਅਵਿਆਂ ਦੀਆਂ ਹਕੀਕਤਾਂ ਵੀ ਅਜੇ ਸਾਬਤ ਹੋਣੀਆਂ ਬਾਕੀ ਹਨ। 11ਵੀਂ ਜਮਾਤ ਦੇ ਕਿਤਾਬ ਦੇ ਵੇਰਵੇ ਅਜੇ ਲੋਕਾਂ ਤੱਕ ਪੁੱਜਣੇ ਹਨ। ਨਵੀਆਂ ਕਿਤਾਬਾਂ ਛਾਪਣ ਬਾਰੇ ਸਭ ਤੋਂ ਅਹਿਮ ਦਲੀਲ ਇਹ ਹੈ ਕਿ ਅਜੇ ਤੱਕ ਅਜਿਹੀ ਕੋਈ ਸਮੱਗਰੀ ਹੈ ਨਹੀਂ ਸੀ ਜਿਸ ਤੋਂ ਵਿਦਿਆਰਥੀਆਂ ਦੀ ਉਮਰ, ਉਨ੍ਹਾਂ ਉੱਤੇ ਸਮੁੱਚੇ ਪੜ੍ਹਾਈ ਦੇ ਦਾਬੇ ਅਤੇ ਵਿਸ਼ਾਲ ਅਕਾਦਮਿਕ ਆਸਾਂ ਬਾਰੇ ਕਮੇਟੀ ਕੋਈ ਅੰਦਾਜ਼ਾ ਲਾ ਸਕਦੀ। ਸਿਰਫ਼ ਪ੍ਰਾਈਵੇਟ ਪ੍ਰਕਾਸ਼ਕ ਹੀ ਗ਼ੈਰ-ਮਿਆਰੀ ਕਿਤਾਬਾਂ ਤਿਆਰ ਕਰ ਰਹੇ ਸਨ ਅਤੇ ਉਹ ਕਿਸੇ ਅੱਗੇ ਜਵਾਬਦੇਹ ਵੀ ਨਹੀਂ ਸਨ।

ਕਿਸੇ ਸਕੂਲ ਵੱਲੋਂ ਕੋਈ ਖ਼ਾਸ ਕਿਤਾਬ ਤਜਵੀਜ਼ ਕਰਨਾ, ਸਬੰਧਤ ਸਕੂਲ ਅਤੇ ਪ੍ਰਕਾਸ਼ਕ ਵਿਚਕਾਰ ਸਮਝੌਤੇ ਉੱਤੇ ਹੀ ਨਿਰਭਰ ਕਰਦਾ ਸੀ। ਅਜਿਹੀ ਕੋਈ ਅਥਾਰਿਟੀ ਨਹੀਂ ਸੀ ਜਿਹੜੀ ਇਨ੍ਹਾਂ ਪਾਠ ਪੁਸਤਕਾਂ ਨੂੰ ਮਨਜ਼ੂਰੀ ਦੇ ਸਕਦੀ। ਦਰਅਸਲ, ਕਿਤਾਬ ਖ਼ਿਲਾਫ਼ ਮੌਜੂਦਾ ਰੌਲਾ-ਰੱਪਾ ਪ੍ਰਕਾਸ਼ਕ ਦੇ ਨਫ਼ੇ ਦੀ ਆਲ੍ਹਾ ਮਿਸਾਲ ਹੈ। ਇਹ ਕਿਤਾਬ ਕਿਉਂਕਿ ਸਕੂਲ ਬੋਰਡ ਨੇ ਤਿਆਰ ਕੀਤੀ ਹੈ, ਇਹ ਪੁਣਛਾਣ ਦੇ ਘੇਰੇ ਵਿੱਚ ਆ ਗਈ ਹੈ, ਤੇ ਅਸੀਂ ਸਭ ਜਾਣਦੇ ਹਾਂ ਕਿ ਖਿਚਾਈ ਕਿਸ ਦੀ ਹੋਣੀ ਹੈ। ਅਸੀਂ ਇਹ ਤੱਥ ਵੀ ਦਰਕਿਨਾਰ ਨਹੀਂ ਕਰ ਸਕਦੇ ਕਿ ਮੌਜੂਦਾ ਰੌਲੇ-ਰੱਪੇ ਪਿੱਛੇ ਕਾਰੋਬਾਰੀ ਹਿਤ ਕੰਮ ਕਰਦੇ ਹੋ ਸਕਦੇ ਹਨ।




ਅਸੀਂ ਜਾਣਦੇ ਹਾਂ ਕਿ 10ਵੀ ਤੋਂ 12ਵੀਂ ਜਮਾਤ ਤੱਕ ਸਿੱਖ ਅਤੇ ਪੰਜਾਬ ਦੇ ਇਤਿਹਾਸ ਬਾਰੇ 10 ਤੋਂ ਵਧੇਰੇ ਅਧਿਆਇ ਹਨ। ਕੋਈ ਆਲੋਚਕ ਇਸ ਨਤੀਜੇ ਉੱਤੇ ਕਿਵੇਂ ਪੁੱਜਿਆ ਕਿ ਸਿੱਖ ਇਤਿਹਾਸ ਬਾਰੇ 10 ਨਹੀਂ, 23 ਜਾਂ 30 ਅਧਿਆਇ ਤਸੱਲੀਬਖ਼ਸ਼ ਹੋਣਗੇ? ਜਿੱਥੋਂ ਤੱਕ 12ਵੀਂ ਜਮਾਤ ਨੂੰ ਪੜ੍ਹਾਏ ਜਾਣ ਦਾ ਸਬੰਧ ਹੈ, ਤੱਥ ਇਹ ਹੈ ਕਿ ਵਿਦਿਆਰਥੀਆਂ ਨੂੰ ਸਰਬ-ਭਾਰਤੀ ਸਿਲੇਬਸ ਤਹਿਤ ਵੱਖ ਵੱਖ ਪ੍ਰਵੇਸ਼ ਜਾਂ ਚੋਣ ਇਮਤਿਹਾਨ ਦੇਣੇ ਪੈਂਦੇ ਹਨ। ਇਹ ਇਕੱਲੇ ਇਤਿਹਾਸ ਦਾ ਨਹੀਂ, ਸਾਰੇ ਵਿਸ਼ਿਆਂ ਦਾ ਮਸਲਾ ਹੈ। ਸਾਰੇ ਵਿਸ਼ਿਆਂ ਦੇ ਪ੍ਰਸੰਗ ਵਿੱਚ, ਕਿਸੇ ਖਾਸ ਵਿਸ਼ੇ ਦੇ ਵਿਦਿਆਰਥੀ ਉੱਤੇ ਪੈ ਰਹੇ ਭਾਰ ਬਾਰੇ ਵੀ ਵਿਚਾਰ ਕਰਨਾ ਹੋਵੇਗਾ।

ਜਿਹੜੀ ਗੱਲ 'ਤੇ ਕੋਈ ਕਿੰਤੂ-ਪ੍ਰੰਤੂ ਨਹੀਂ ਹੋਣਾ ਚਾਹੀਦਾ, ਉਹ ਇਹ ਹੈ ਕਿ ਕਿਤਾਬਾਂ ਦਾ ਮਿਆਰ ਸ਼ੱਕ ਦੀ ਮਾਰ ਤੋਂ ਉੱਪਰ ਹੋਣਾ ਚਾਹੀਦਾ ਹੈ। ਤੇ ਇਹੀ ਸਰਕਾਰ ਦੀ ਜ਼ਿੰਮੇਵਾਰੀ ਹੈ। 12ਵੀਂ ਜਮਾਤ ਦੀ ਕਿਤਾਬ ਵਿੱਚ ਕੁੱਝ ਗ਼ਲਤੀਆਂ ਅਤੇ ਤਰੁੱਟੀਆਂ ਸਾਹਮਣੇ ਆਈਆਂ ਹਨ। ਸਰਕਾਰ ਨੇ ਸੰਵੇਦਨਸ਼ੀਲ ਢੰਗ ਨਾਲ ਇਨ੍ਹਾਂ ਨੂੰ ਸਵੀਕਾਰ ਵੀ ਕੀਤਾ ਹੈ। ਪਹਿਲੇ ਅਡੀਸ਼ਨਾਂ ਵਿੱਚ ਅਜਿਹੀਆਂ ਗ਼ਲਤੀਆਂ ਆਮ ਹੁੰਦੀਆਂ ਹਨ। ਅਗਲੇ ਅਡੀਸ਼ਨਾਂ ਵਿੱਚ ਇਹ ਦੂਰ ਹੋ ਸਕਦੀਆਂ ਹਨ। ਉਂਜ, ਮਸਲੇ ਦੀ ਸੰਵੇਦਨਸ਼ੀਲਤਾ ਦੇ ਮੱਦੇਨਜ਼ਰ, ਸਰਕਾਰ ਕਿਤਾਬ ਬਾਰੇ ਨਜ਼ਰਸਾਨੀ ਲਈ ਮਾਹਿਰਾਂ ਦੀ ਵੱਖਰੀ ਕਮੇਟੀ ਕਾਇਮ ਕਰ ਸਕਦੀ ਹੈ। ਜੇ ਅੰਤਿਕਾ ਛਾਪਣ ਵਰਗੇ ਕਿਸੇ ਫੌਰੀ ਹੱਲ ਨਾਲ ਵੀ ਨਹੀਂ ਸਰਦਾ, ਤਾਂ ਇਹ ਪ੍ਰਾਜੈਕਟ ਅਗਲੇ ਸਾਲ ਤੱਕ ਰੋਕਿਆ ਜਾ ਸਕਦਾ ਹੈ। 11ਵੀਂ ਜਮਾਤ ਦੀ ਕਿਤਾਬ ਅਜੇ ਛਪਣੀ ਹੈ, ਇਸ ਲਈ ਇਹ ਯਕੀਨੀ ਬਣਾਇਆ ਜਾਵੇ ਕਿ ਕਿਤਾਬ ਛਾਪੇ ਜਾਣ ਤੋਂ ਪਹਿਲਾਂ ਇਸ ਉੱਤੇ ਗੰਭੀਰਤਾ ਨਾਲ ਨਜ਼ਰਸਾਨੀ ਕੀਤੀ ਜਾਵੇ।

ਵਿਰੋਧੀ ਧਿਰ ਜਿਸ ਵਿੱਚ ਸ਼੍ਰੋਮਣੀ ਅਕਾਲੀ ਦਲ, ਭਾਰਤੀ ਜਨਤਾ ਪਾਰਟੀ ਤੇ ਆਮ ਆਦਮੀ ਪਾਰਟੀ ਸ਼ਾਮਲ ਹਨ, ਜਾਣਬੁੱਝ ਕੇ ਲੋਕਾਂ ਨੂੰ ਗੁੰਮਰਾਹ ਕਰ ਰਹੀ ਹੈ। ਇਨ੍ਹਾਂ ਵੱਲੋਂ ਵਾਰ ਵਾਰ ਇਹੀ ਕਿਹਾ ਜਾ ਰਿਹਾ ਹੈ ਕਿ 12ਵੀਂ ਜਮਾਤ ਵਿੱਚੋਂ ਸਿੱਖ ਇਤਿਹਾਸ ਹਟਾ ਦਿੱਤਾ ਗਿਆ ਹੈ; ਇਹ ਤੱਥ ਦਰਕਿਨਾਰ ਕੀਤਾ ਜਾ ਰਿਹਾ ਹੈ ਕਿ ਇਸ ਵਿਚੋਂ ਬਹੁਤਾ ਹਿੱਸਾ 11ਵੀਂ ਜਮਾਤ ਵਾਲੀ ਕਿਤਾਬ ਵਿੱਚ ਸ਼ਾਮਲ ਕਰ ਲਿਆ ਗਿਆ ਹੈ। ਇਹ ਲੋਕ ਸਰਕਾਰ ਵੱਲੋਂ 'ਗ਼ਲਤੀਆਂ' ਮੰਨਣ ਨੂੰ ਅਧਿਆਇ 'ਰੱਦ' ਕਰਨ ਨਾਲ ਜੋੜ ਕੇ ਗ਼ਲਤ ਅਰਥਾਂ ਵਿੱਚ ਵੀ ਲੈ ਰਹੇ ਹਨ। ਇਸ ਸਾਰੇ ਰੌਲੇ-ਰੱਪੇ ਨਾਲ ਇਨ੍ਹਾਂ ਪਾਰਟੀਆਂ ਦਾ ਹੱਥ ਕੁਝ ਉੱਪਰ ਹੋ ਸਕਦਾ ਹੈ ਪਰ ਉਹ ਖ਼ਤਰਨਾਕ ਖੇਡ ਖੇਡ ਰਹੀਆਂ ਹਨ।

'ਸਾਜ਼ਿਸ਼' ਘੜਨ ਦੇ ਦੋਸ਼ ਭਰਮ ਪੈਦਾ ਕਰਨ ਵਾਲੇ ਹਨ। ਵਿਰੋਧੀ ਧਿਰ ਨੂੰ ਸਪਸ਼ਟ ਕਰਨਾ ਚਾਹੀਦਾ ਹੈ ਕਿ ਕੌਣ, ਕਿਸ ਨਾਲ ਸਾਜ਼ਿਸ਼ ਕਰ ਰਿਹਾ ਹੈ। ਜੇ ਆਰਐੱਸਐੱਸ (ਕੈਪਟਨ ਅਮਰਿੰਦਰ ਸਿੰਘ ਨਾਲ) ਸਾਜ਼ਿਸ਼ ਰਚ ਰਹੀ ਹੈ ਜਿਵੇਂ ਕੁਝ ਜਣੇ ਆਖ ਰਹੇ ਹਨ, ਫਿਰ ਇਸ ਪ੍ਰਸੰਗ ਵਿੱਚ ਅਕਾਲੀ ਦਲ ਦੇ ਮੋਢੇ ਨਾਲ ਮੋਢਾ ਜੋੜ ਕੇ ਚੱਲ ਰਹੀ ਭਾਰਤੀ ਜਨਤਾ ਪਾਰਟੀ ਰਾਜਪਾਲ ਦੇ ਦਰਾਂ ਉੱਤੇ ਕੀ ਕਰ ਰਹੀ ਸੀ? ਇਹ ਸਭ ਅਕਾਦਮਿਕ ਬਹਿਸ ਤੋਂ ਪਾਰ ਦੀਆਂ ਗੱਲਾਂਬਾਤਾਂ ਹਨ; ਇਹ ਨਿਰੀ ਸਿਆਸਤ ਹੈ। ਤੱਥ ਇਹ ਹਨ ਕਿ ਸਾਰੀਆਂ ਪਾਠ ਪੁਸਤਕਾਂ ਵਿੱਚ ਸੁਧਾਈ ਦੀ ਲੋੜ ਹੈ। ਇਹ ਸੁਧਾਈ ਬਹੁਤ ਮਿਆਰੀ ਅਤੇ ਮਾਹਿਰਾਨਾ ਹੋਣੀ ਚਾਹੀਦੀ ਹੈ। ਜੇ ਸਰਕਾਰ ਨੇ ਚਲਾਵਾਂ ਕੰਮ ਕੀਤਾ ਹੈ, ਇਸ ਨੂੰ ਇਹ ਗੱਲ ਮੰਨ ਲੈਣੀ ਚਾਹੀਦੀ ਹੈ ਅਤੇ ਸੁਧਾਈ ਲਈ ਅਗਲਾ ਕਦਮ ਉਠਾਉਣਾ ਚਾਹੀਦਾ ਹੈ।

# ਦਸਤਾਰ ਦਾ ਮਸਲਾ, ਸਿੱਖ ਅਤੇ ਸਿੱਖ ਸੰਸਥਾਵਾਂ

**ਬਲਕਾਰ ਸਿੰਘ (ਪ੍ਰੋ.)**
ਫੋਨ ਸੰਪਰਕ: 93163-01328

ਸਿੱਖ ਸੰਵੇਦਨਾ ਨਾਲ ਜੁੜਿਆ ਹੋਇਆ ਕੋਈ ਮਸਲਾ ਜਦੋਂ ਵੀ ਪੈਦਾ ਹੁੰਦਾ ਹੈ, ਸਿੱਖ ਭਾਈਚਾਰੇ ਨੂੰ ਹੱਥਾਂ ਪੈਰਾਂ ਦੀ ਪੈ ਜਾਂਦੀ ਹੈ। ਨਤੀਜੇ ਵਜੋਂ ਦਰਪੇਸ਼ ਮਸਲਾ ਸੁਲਝਣ ਦੀ ਥਾਂ ਉਲਝਦਾ ਜਾਂਦਾ ਹੈ। ਫਿਲਮ ਦਾ ਮਸਲਾ ਅਜੇ ਹੱਲ ਨਹੀਂ ਹੋਇਆ ਸੀ ਕਿ ਦਸਤਾਰ ਦਾ ਮਸਲਾ ਸਾਹਮਣੇ ਆ ਗਿਆ। ਸਵਾਲ ਇੰਨਾ ਕੁ ਸੀ ਕਿ ਸੁਰੱਖਿਆ ਅਤੇ ਆਸਥਾ ਵਿੱਚੋਂ ਪਹਿਲ ਕਿਸ ਨੂੰ ਦੇਣੀ ਹੈ? ਸਿੱਖਾਂ ਨੇ ਆਸਥਾ ਤੋਂ ਕੁਰਬਾਨ ਹੋ ਜਾਣ ਦਾ ਇਤਿਹਾਸ ਸਿਰਜਿਆ ਹੈ। ਇਸ ਬਾਰੇ ਬਾਬਾ ਬੰਦਾ ਸਿੰਘ ਬਹਾਦਰ ਅਤੇ ਭਾਈ ਤਾਰੂ ਸਿੰਘ ਨੂੰ ਲੈ ਕੇ ਨੋਬੇਲ ਇਨਾਮਯਾਫ਼ਤਾ ਮਹਾਤਮਾ ਟੈਗੋਰ ਨੇ ਵੀ ਗਵਾਹੀ ਭਰੀ ਹੋਈ ਹੈ। ਜਿਸ ਭਾਵਨਾ ਨੂੰ ਉਹ ਨਮੋ ਕਰ ਰਿਹਾ ਹੈ, ਉਹ ਦਸਤਾਰ ਨਾਲ ਸਿੱਧੇ ਤੌਰ 'ਤੇ ਜੁੜੀ ਹੋਈ ਹੈ। ਦੁਨੀਆਂ ਭਰ ਵਿੱਚ ਸਿੱਖਾਂ ਦੀ ਦਸਤਾਰ ਨਾਲ ਜੁੜੀਆਂ ਹੋਈਆਂ ਟਿੱਪਣੀਆਂ ਵੀ ਦਸਤਾਰ ਨੂੰ ਸਿੱਖ ਪਛਾਣ ਦਾ ਅਨਿੱਖੜ ਅੰਗ ਦੱਸਦੀਆਂ ਹਨ। ਇਸ ਨਾਲ ਇਹ ਤੱਥ ਸਥਾਪਤ ਹੋ ਜਾਂਦਾ ਹੈ ਕਿ ਦਸਤਾਰ ਦੇ ਮਸਲੇ 'ਤੇ ਇਕ ਤੋਂ ਵੱਧ ਵਾਰ ਫੈਸਲੇ ਹੋ ਚੁੱਕੇ ਹਨ ਕਿ ਪੱਗ ਆਪਣੇ ਆਪ ਵਿੱਚ ਸਿਰ ਦੀ ਸੁਰੱਖਿਆ ਕਰਨ ਦੀ ਸ਼ਾਹਦ ਰਹੀ ਹੈ। ਇਸ ਬਾਰੇ ਲੋੜੀਂਦੇ ਵਿਸਥਾਰ ਵਾਸਤੇ ਡਾ. ਆਸਾ ਸਿੰਘ ਘੁੰਮਣ ਦੀ ਪੁਸਤਕ 'ਦਾਸਤਾਨ-ਇ-ਦਸਤਾਰ' ਦੇਖੀ ਜਾ ਸਕਦੀ ਹੈ। ਡਾ. ਘੁੰਮਣ ਮੁਤਾਬਿਕ ਇਹ ਸੂਚਨਾ ਸੁਪਰੀਮ ਕੋਰਟ ਤੱਕ ਪਹੁੰਚਾ ਦਿੱਤੀ ਗਈ ਹੈ।

ਮਸਲਾ ਮੂਲ ਰੂਪ ਵਿੱਚ ਸਾਈਕਲਿੰਗ ਸੰਸਥਾ ਦਾ ਸੀ ਕਿਉਂਕਿ ਪ੍ਰਬੰਧਕਾਂ ਨੇ ਪੱਗ ਦੀ ਥਾਂ ਹੈਲਮਟ ਪਾਉਣ ਦੀ ਜ਼ਿਦ ਕੀਤੀ ਸੀ। ਇਸ ਸੰਸਥਾ ਦਾ ਪ੍ਰਧਾਨ ਪਰਮਿੰਦਰ ਸਿੰਘ ਢੀਂਡਸਾ ਹੈ। ਉਸ ਨਾਲ ਕਿਸੇ ਨੇ ਗੱਲ ਨਹੀਂ ਕੀਤੀ। ਸਿੱਖਾਂ ਦੀਆਂ ਕਾਰਜਸ਼ੀਲ ਸੰਸਥਾਵਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਚੀਫ ਖਾਲਸਾ ਦੀਵਾਨ ਨਾਲ ਕਿਸੇ ਨੇ ਕੋਈ ਗੱਲ ਨਹੀਂ ਕੀਤੀ। ਇਕ ਸਿੱਖ ਨੂੰ ਇਕ ਪ੍ਰਬੰਧਕ ਨੇ ਬਣੇ ਨਿਯਮਾਂ ਤਹਿਤ ਪੱਗ ਨਾਲ ਸਾਈਕਲਿੰਗ ਵਿੱਚ ਹਿੱਸਾ ਲੈਣ ਤੋਂ ਮਨ੍ਹਾਂ ਕਰ ਦਿੱਤਾ। ਇਸ ਖ਼ਿਲਾਫ਼ ਸਬੰਧਤ ਬੰਦੇ ਨੇ ਸੁਪਰੀਮ ਕੋਰਟ ਵਿੱਚ ਮੁਕੱਦਮਾ ਕਰ ਦਿੱਤਾ। ਇਸ ਮੁਕੱਦਮੇ ਦੀ ਪੈਰਵਾਈ ਵਿਦੇਸ਼ ਦੀ ਇਕ ਸਿੱਖ ਸੰਸਥਾ ਅਸਿੱਧੇ ਰੂਪ ਵਿੱਚ ਕਰ ਰਹੀ ਹੈ। ਮੁਕੱਦਮੇ ਦੀ ਸੁਣਵਾਈ ਕਰਦਿਆਂ ਸੁਪਰੀਮ ਕੋਰਟ ਨੇ ਕੁੱਝ ਸਵਾਲ ਕੀਤੇ ਹਨ, ਜਿਸ ਨੂੰ ਲੈ ਕੇ ਸੋਸ਼ਲ ਮੀਡੀਆ ਵਿੱਚ ਭਾਵੁਕ ਟਿੱਪਣੀਆਂ ਹੋਣ ਲੱਗ ਪਈਆਂ ਹਨ। ਮੀਡੀਆ ਚੈਨਲਾਂ 'ਤੇ ਇਸ ਮਸਲੇ ਬਾਰੇ ਹੋਈ ਚਰਚਾ ਵਿੱਚ ਜੋ ਕੁਝ ਸਾਹਮਣੇ ਆਇਆ ਹੈ, ਉਸ ਨਾਲ ਮਾਮਲਾ ਸੁਲਝਣ ਵਾਲੇ ਰਾਹ ਪੈਣ ਦਾ ਨਾਮ ਨਹੀਂ ਲੈ ਰਿਹਾ। ਜਿਵੇਂ ਮੀਡੀਆ ਚੈਨਲਾਂ ਦੁਆਰਾ ਇਹ ਮਸਲਾ ਆਮ ਆਦਮੀ ਤੱਕ ਪਹੁੰਚ ਰਿਹਾ ਹੈ, ਉਸ ਬਾਰੇ ਸੋਚ ਸਮਝ ਕੇ ਫੈਸਲਾ ਕਰਨ ਵਾਸਤੇ ਕੋਈ ਵੀ ਸਿੱਖ ਸੰਸਥਾ ਗੰਭੀਰ ਨਜ਼ਰ ਨਹੀਂ ਆ ਰਹੀ। ਸਿੱਖ ਸੰਸਥਾਵਾਂ ਨੂੰ ਕੌਣ ਸਮਝਾਏ ਕਿ ਜੇ ਉਹ ਆਪ ਇਸ ਬਾਰੇ ਰਾਏ ਨਹੀਂ ਬਣਾਉਣਗੇ ਤਾਂ ਸਵਾਲਾਂ ਦੇ ਜੰਗਲ ਵਿੱਚ ਫਸਦੇ ਜਾਣਗੇ। ਜੋ ਆਪਣਾ ਏਜੰਡਾ ਆਪ ਨਹੀਂ ਬਣਾ ਸਕਦੇ, ਉਨ੍ਹਾਂ ਕਿਸੇ ਹੋਰ ਦੇ ਇੱਛਤ ਏਜੰਡੇ ਮੁਤਾਬਿਕ ਕੰਮ ਕਰਨ ਦੀ ਮਜਬੂਰੀ ਹੰਢਾਉਣੀ ਪੈਂਦੀ ਹੈ। ਇਸ ਸਥਿਤੀ ਵਿੱਚ ਇਕ ਵਾਰ ਇਸ ਮਸਲੇ ਦੀ ਸਿਆਸਤ ਸ਼ੁਰੂ ਹੋ ਗਈ ਤਾਂ ਇਸ ਮਸਲੇ ਦਾ ਧਾਰਮਿਕ ਭਾਵਨਾ ਵਿੱਚ ਨਿਕਲਿਆ ਹੋਇਆ ਹੱਲ ਵੀ ਕਿਸੇ ਕੰਮ ਨਹੀਂ ਆਏਗਾ। ਇਹ ਧਿਆਨ ਵਿੱਚ ਰਹਿਣਾ ਚਾਹੀਦਾ ਹੈ ਕਿ ਇਸ ਮਸਲੇ 'ਤੇ ਸਿਆਸਤ ਸ਼ੁਰੂ ਕਰ ਲੈਣ ਦੀਆਂ ਸੰਭਾਵਨਾਵਾਂ ਲਗਾਤਾਰ ਅੰਗੜਾਈਆਂ ਲੈ ਰਹੀਆਂ ਹਨ।

> **ਪਗੜੀ ਦਾ ਮਸਲਾ ਸਿੱਖਾਂ ਦੇ ਮਸਲੇ ਦੇ ਨਾਲ ਨਾਲ ਕੌਮਾਂਤਰੀ ਮਸਲਾ ਬਣ ਗਿਆ ਕਿਉਂਕਿ ਸਿੱਖ, ਆਲਮੀ ਭਾਈਚਾਰਾ ਹੋ ਗਏ ਹਨ। ਇਸ ਸੰਜੀਦਾ ਸਥਿਤੀ ਵਿੱਚ ਬੇਲੋੜੀਆਂ ਟਿਪਣੀਆਂ ਕਰਨ ਵਾਲਿਆਂ ਨੂੰ ਬੇਨਤੀ ਹੈ ਕਿ ਫੈਸਲੇ ਤੋਂ ਪਹਿਲਾਂ ਦੱਸਣ ਵੇਲੇ ਦੱਸਣ ਦਾ ਬਿਬੇਕ ਅਤੇ ਪੁੱਛਣ ਵੇਲੇ ਪੁੱਛਣ ਦਾ ਬਿਬੇਕ ਨਹੀਂ ਵਰਤਾਂਗੇ ਤਾਂ ਇਹ ਪ੍ਰਭਾਵ ਦੇ ਰਹੇ ਹੋਵਾਂਗੇ ਕਿ ਮਸਲੇ ਬਾਰੇ ਸਾਡੇ ਕੋਲ ਕਹਿਣ ਵਾਸਤੇ ਕੁਝ ਨਹੀਂ ਹੈ।**

ਸੁਪਰੀਮ ਕੋਰਟ ਦੇ ਸਵਾਲਾਂ ਦਾ ਜਵਾਬ ਤਿਆਰ ਕਰਨ ਦੀ ਥਾਂ ਪਗੜੀ ਬਾਰੇ ਭਾਸ਼ਣਬਾਜ਼ੀ ਸ਼ੁਰੂ ਹੋ ਗਈ। ਸਿੱਖਾਂ ਨੂੰ ਸਿਰ ਜੋੜ ਕੇ ਪਗੜੀ ਬਾਰੇ ਸਾਂਝੀ ਸਮਝ ਨਾਲ ਜੁੜਿਆ ਹੋਇਆ ਸੰਖੇਪ ਜਵਾਬ ਤਿਆਰ ਕਰਨਾ ਚਾਹੀਦਾ ਹੈ। ਇਹ ਇਸ ਕਰ ਕੇ ਲੋੜੀਂਦਾ ਹੈ ਕਿਉਂਕਿ ਦੇਸ਼ ਦਾ ਵਿਧਾਨ ਸਿੱਖ ਧਰਮ ਨੂੰ ਧਿਆਨ ਵਿੱਚ ਰੱਖ ਕੇ ਨਹੀਂ ਬਣਾਇਆ ਗਿਆ ਸੀ ਪਰ ਅਦਾਲਤ ਨੇ ਧਰਮ ਨਾਲ ਜੁੜੀ ਹੋਈ ਕਾਨੂੰਨੀ ਵਿਵਸਥਾ ਮੁਤਾਬਿਕ ਪ੍ਰਾਪਤ ਤੱਥਾਂ ਦੇ ਆਧਾਰ 'ਤੇ ਫੈਸਲਾ ਕਰਨ ਦੇ ਸੰਕੇਤ ਦੇ ਦਿੱਤੇ ਹਨ। ਇਸ ਇਮਤਿਹਾਨ ਵਿੱਚੋਂ ਸਫ਼ਲ ਹੋ ਕੇ ਨਿਕਲਣ ਦੀ ਜ਼ਿੰਮੇਵਾਰੀ ਜਿੰਨੀ ਜੱਜ ਸਾਹਿਬਾਨ ਦੀ ਹੈ, ਓਨੀ ਹੀ ਸਿੱਖ ਸੰਸਥਾਵਾਂ ਦੀ ਵੀ ਹੈ। ਸਿੱਖਾਂ ਨੂੰ ਇਹ ਦੱਸਣ ਦਾ ਅਵਸਰ ਮਿਲ ਗਿਆ ਹੈ ਕਿ ਪਗੜੀ, ਸਿੱਖਾਂ ਵਾਸਤੇ ਕਿਸੇ ਤਰ੍ਹਾਂ ਵੀ ਪ੍ਰਾਪਤ ਪਗੜੀ ਪ੍ਰਸੰਗ ਦੀ ਨਿਰੰਤਰਤਾ ਵਿੱਚ ਨਹੀਂ ਹੈ ਅਤੇ ਸਿੱਖੀ ਵਿੱਚ ਦਸਤਾਰ ਦੀ ਪਛਾਣ ਆਪਣੇ ਆਪ ਵਿੱਚ ਸੱਜਰੀ ਤੇ ਵਿਲੱਖਣ ਸਿੱਖ ਪਛਾਣ ਦੀ ਵਿਰਾਸਤ ਹੋ ਗਈ ਹੈ। ਪਗੜੀ ਦਾ ਪ੍ਰਾਪਤ ਪ੍ਰਸੰਗ ਬੇਸ਼ੱਕ ਸਿਰ ਢਕਣ ਦਾ ਹੈ ਅਤੇ ਉਹ ਵੀ ਸਭਿਆਚਾਰਕ ਪ੍ਰਸੰਗ ਵਿੱਚ ਆਮ ਬੰਦਿਆਂ ਵਾਸਤੇ ਨਹੀਂ ਸਗੋਂ ਖਾਸ ਬੰਦਿਆਂ ਵਾਸਤੇ ਰਿਹਾ ਹੈ। ਇਸਲਾਮ ਵਿੱਚ ਪਗੜੀ ਦਾ ਪ੍ਰਾਪਤ ਪ੍ਰਸੰਗ ਧਾਰਮਿਕ ਸ਼੍ਰੇਣੀ ਤੱਕ ਮਹਿਦੂਦ ਰਿਹਾ ਹੈ ਅਤੇ ਹਿੰਦੂਆਂ ਵਿੱਚ ਪਗੜੀ, ਧਾਰਮਿਕ ਪਛਾਣ ਦੀ ਥਾਂ ਸਭਿਆਚਾਰਕ ਸੀਮਾਵਾਂ ਵਿੱਚ ਵੀ ਰਹੀ ਹੈ ਅਤੇ ਉੱਤਮ ਹਿੰਦੂ ਸ਼੍ਰੇਣੀ ਤੱਕ ਸੀਮਿਤ ਵੀ ਰਹੀ ਹੈ। ਇਨ੍ਹਾਂ ਦੋਹਾਂ ਦਾ ਸਿੱਖਾਂ ਦੀ ਦਸਤਾਰ ਪਛਾਣ ਨਾਲ ਸਿੱਧਾ ਕੋਈ ਸਬੰਧ ਨਹੀਂ ਰਿਹਾ। ਸਿੱਖ ਧਰਮ ਵਿੱਚ ਦਸਤਾਰ, ਉਸੇ ਤਰ੍ਹਾਂ ਆਮ ਸਿੱਖ ਦੀ ਸਾਕੇਸ ਸਿੱਖੀ ਦੀ ਪਛਾਣ ਵਜੋਂ ਸਥਾਪਤ ਹੈ, ਜਿਵੇਂ ਗੁਰੂ ਸਾਹਿਬਾਨ ਦੇ ਸਮੇਂ ਤੋਂ ਲੈ ਕੇ ਕਿਸੇ ਵੀ ਸਥਾਪਤ ਸਿੱਖ ਵਾਸਤੇ ਦਸਤਾਰ ਪਛਾਣ ਸੀ ਜਾਂ ਦਸਤਾਰ ਪਛਾਣ ਹੋ ਸਕਦੀ ਹੈ। ਇਸੇ ਕਰ ਕੇ ਪੱਗ ਬੰਨ੍ਹਣ ਦਾ ਸਭਿਆਚਾਰਕ ਪ੍ਰਸੰਗ, ਸਿੱਖੀ ਵਿੱਚ ਦਸਤਾਰ ਸਜਾਉਣ ਦਾ ਧਾਰਮਿਕ ਸਲੀਕਾ ਵੀ ਹੋ ਗਿਆ ਹੈ ਅਤੇ ਦਸਤਾਰ ਸਜਾਉਣ ਦਾ ਅਧਿਆਤਮਿਕ ਪ੍ਰਸੰਗ ਵੀ ਹੋ ਗਿਆ ਹੈ। ਸੋ



ਮਸਲੇ ਨੂੰ ਪਗੜੀ ਦਾ ਮਸਲਾ ਨਹੀਂ, ਦਸਤਾਰ ਦਾ ਮਸਲਾ ਸਮਝਿਆ ਜਾਣਾ ਚਾਹੀਦਾ ਹੈ। ਦਸਤਾਰ, ਸਿੱਖਾਂ ਵਾਸਤੇ ਪ੍ਰਾਪਤ ਇਜ਼ਤ ਦੇ ਬਿੰਬ ਦੀ ਥਾਂ, ਸਾਕੇਸ ਅਧਿਆਤਮਿਕਤਾ ਦੀ ਪ੍ਰਤੀਨਿਧ ਹੋ ਗਈ ਹੈ। ਇਸ ਨਾਲ ਕੇਸ ਵਿਹੂਣੇ ਸਿੱਖਾਂ ਦੀ ਪੱਗ ਦੇ ਮਸਲੇ ਨੂੰ ਸਾਕੇਸ ਦਸਤਾਰ ਨਾਲ ਜੁੜੇ ਹੋਏ ਪ੍ਰਾਪਤ ਮਸਲੇ ਨਾਲੋਂ ਨਿਖੇੜ ਕੇ ਦੇਖਿਆ ਜਾਣਾ ਚਾਹੀਦਾ ਹੈ। ਇਤਿਹਾਸ ਗਵਾਹ ਹੈ ਕਿ ਦਸਤਾਰ ਨੇ ਕਿਸੇ ਵੀ ਸਮਕਾਲ ਦੇ ਕਾਨੂੰਨ ਦਾ ਕਦੇ ਰਾਹ ਨਹੀਂ ਰੋਕਿਆ ਅਤੇ ਜੋ ਕਾਨੂੰਨ ਨਾਲ ਟਕਰਾਉ ਵਿੱਚ ਨਹੀਂ ਆਉਂਦਾ, ਉਸ ਨੂੰ ਕਾਨੂੰਨੀ ਮਸਲਾ ਕਿਵੇਂ ਸਮਝਿਆ ਜਾ ਸਕਦਾ ਹੈ? ਕਾਨੂੰਨ ਦੀਆਂ ਵਧੀਕੀਆਂ ਦੀ ਲੜਾਈ ਸਿੱਖਾਂ ਨੇ ਲਗਾਤਾਰ ਲੜੀ ਹੈ ਅਤੇ ਇਹ ਸਾਬਤ ਕਰਨ ਵਿੱਚ ਸਫਲ ਹੁੰਦੇ ਰਹੇ ਹਨ ਕਿ ਕਾਨੂੰਨ ਵਾਸਤੇ ਹਾਕਮ ਅਤੇ ਮਹਿਕੂਮ ਇਕੋ ਜਿਹੇ ਨਾਗਰਿਕ ਸਮਝੇ ਜਾਣੇ ਚਾਹੀਦੇ ਹਨ। ਇਸ ਮੁਕੱਦਮੇ ਰਾਹੀਂ ਵੀ ਦਸਤਾਰ ਦੇ ਹਵਾਲੇ ਨਾਲ ਦੇਸ਼ ਦੇ ਨਾਗਰਿਕ ਵਾਂਗ ਹੀ ਸਿੱਖਾਂ ਨੂੰ ਨਿਆਂ ਮਿਲਣਾ ਚਾਹੀਦਾ ਹੈ ਅਤੇ ਇਸ ਵਾਸਤੇ ਜੇ ਲੋੜ ਪਵੇ ਤਾਂ ਕਾਨੂੰਨੀ ਵਿਵਸਥਾ ਪੈਦਾ ਵੀ ਕਰਨੀ ਚਾਹੀਦੀ ਹੈ।

ਨਿਆਂਪਾਲਿਕਾ ਪਹਿਲਾਂ ਹੀ ਸਿਆਸਤਦਾਨਾਂ ਦੇ ਭੇੜ ਵਿੱਚ ਆਈ ਹੋਈ ਹੈ। ਇਸ ਹਾਲਤ ਵਿੱਚ ਪਗੜੀ ਦਾ ਮਸਲਾ ਸਿੱਖਾਂ ਦੇ ਮਸਲੇ ਦੇ ਨਾਲ ਨਾਲ ਕੌਮਾਂਤਰੀ ਮਸਲਾ ਬਣ ਗਿਆ ਕਿਉਂਕਿ ਸਿੱਖ, ਆਲਮੀ ਭਾਈਚਾਰਾ ਹੋ ਗਏ ਹਨ। ਇਸ ਸੰਜੀਦਾ ਸਥਿਤੀ ਵਿੱਚ ਬੇਲੋੜੀਆਂ ਟਿਪਣੀਆਂ ਕਰਨ ਵਾਲਿਆਂ ਨੂੰ ਬੇਨਤੀ ਹੈ ਕਿ ਫੈਸਲੇ ਤੋਂ ਪਹਿਲਾਂ ਦੱਸਣ ਵੇਲੇ ਦੱਸਣ ਦਾ ਬਿਬੇਕ ਅਤੇ ਪੁੱਛਣ ਵੇਲੇ ਪੁੱਛਣ ਦਾ ਬਿਬੇਕ ਨਹੀਂ ਵਰਤਾਂਗੇ ਤਾਂ ਇਹ ਪ੍ਰਭਾਵ ਦੇ ਰਹੇ ਹੋਵਾਂਗੇ ਕਿ ਮਸਲੇ ਬਾਰੇ ਸਾਡੇ ਕੋਲ ਕਹਿਣ ਵਾਸਤੇ ਕੁਝ ਨਹੀਂ ਹੈ। ਇਹ ਠੀਕ ਹੈ ਕਿ ਜੱਜਾਂ ਅਤੇ ਵਕੀਲਾਂ ਦੀ ਜ਼ਿੰਮੇਵਾਰੀ ਪਗੜੀ ਨਾਲ ਜੁੜੀ ਹੋਈ ਪ੍ਰਾਪਤ ਜਾਣਕਾਰੀ ਤੱਕ ਪਹੁੰਚਣ, ਸਮਝਣ ਅਤੇ ਵਰਤਣ ਦੀ ਹੈ। ਅਜਿਹਾ ਨਹੀਂ ਹੋਵੇਗਾ ਤਾਂ ਦੇਸ਼ ਦੇ ਰਾਜਨੀਤਕ ਮਾਹੌਲ ਵਿੱਚ ਘੱਟ ਗਿਣਤੀਆਂ ਨੂੰ ਲੈ ਕੇ ਪੈਦਾ ਗਏ ਸ਼ੰਕਿਆਂ ਦੀ ਲਪੇਟ ਵਿੱਚ ਪਗੜੀ ਦਾ ਮਸਲਾ ਵੀ ਆ ਜਾਏਗਾ। ਸਿੱਖਾਂ ਦੇ ਦੇਸ਼ ਲਈ ਯੋਗਦਾਨ ਨੂੰ ਧਿਆਨ ਵਿੱਚ ਰੱਖਾਂਗੇ ਤਾਂ ਸਮਝ ਸਕਾਂਗੇ ਕਿ ਦੇਸ਼ ਦੀ ਆਜ਼ਾਦੀ ਦੀ ਲੜਾਈ ਵਿੱਚ ਸ਼ਹੀਦ ਹੋਣ ਵਾਲਿਆਂ ਵਿੱਚ 90 ਫ਼ੀਸਦ ਯੋਗਦਾਨ ਪਾਉਣ ਵਾਲੇ ਸਿੱਖਾਂ ਵਿੱਚ ਦਸਤਾਰ ਵਾਲੇ ਸਿੱਖ ਹੀ ਸਨ। ਦਸਤਾਰ ਨੇ ਸਿੱਖਾਂ ਨੂੰ ਆਸਥਾ ਵਾਸਤੇ ਸ਼ਹੀਦ ਹੋ ਸਕਣ ਵਾਸਤੇ ਊਰਜਿਤ ਵੀ ਕੀਤਾ ਹੈ ਅਤੇ ਅਹਿਮ ਭੂਮਿਕਾ ਵੀ ਨਿਭਾਈ ਹੈ। ਸਿੱਖਾਂ ਦੀ ਦਸਤਾਰ ਨਾਲ ਜੁੜੇ ਹੋਏ ਸਰੋਕਾਰਾਂ ਤੇ ਵਾਰ ਹੋਣ ਦੇ ਅਵਸਰ ਪੈਦਾ ਨਾ ਹੀ ਕਰਨੇ ਚਾਹੀਦੇ ਹਨ ਅਤੇ ਨਾ ਹੀ ਹੋਣ ਦੇਣੇ ਚਾਹੀਦੇ ਹਨ। ਇਸ ਮਸਲੇ ਨੂੰ ਦੇਸ਼ ਦੇ ਨਾਗਰਿਕਾਂ ਨੂੰ ਰਲ ਮਿਲ ਕੇ ਸੰਭਾਲਣਾ ਚਾਹੀਦਾ ਹੈ। ਇਸ ਵਾਸਤੇ ਸਿੱਖਾਂ ਨੂੰ ਸੁਹਿਰਦਤਾ ਨਾਲ ਸਹਿਯੋਗ ਕਰਨਾ ਚਾਹੀਦਾ ਹੈ ਅਤੇ ਜੱਜਾਂ ਨੂੰ ਫੈਸਲਾ ਕਰਨ ਵੇਲੇ ਧਿਆਨ ਵਿੱਚ ਰੱਖਣਾ ਚਾਹੀਦਾ ਹੈ ਕਿ ਕੇਸਾਂ ਦੀ ਬੇਅਦਬੀ ਕਰਨ ਵਾਲੇ ਦੀ ਪੱਗ ਅਤੇ ਸਾਕੇਸ ਸਿੱਖ ਦੀ ਦਸਤਾਰ ਵਾਸਤੇ ਅੱਡ ਅੱਡ ਫੈਸਲਾ ਲਵਾਂਗੇ ਤਾਂ ਮਸਲੇ ਦੇ ਪੱਕੇ ਹੱਲ ਵੱਲ ਸੌਖਿਆਂ ਵਧ ਸਕਾਂਗੇ।

# SIKH GURDWARA OF LOS ANGELES LANKERSHIM

ਸੇਵਾ ਦੇਸ਼ ਦੀ ਜ਼ਿੰਦੜੀਏ ਬੜੀ ਔਖੀ, ਗੱਲਾਂ ਕਰਨੀਆਂ ਢੇਰ ਸੁਖੱਲੀਆਂ ਨੇ ||
ਜਿਨਾਂ ਦੇਸ਼ ਦੀ ਸੇਵਾ ਵਿੱਚ ਪੈਰ ਪਾਇਆ, ਓਹਨਾਂ ਲੱਖ ਮੁਸੀਬਤਾਂ ਝੱਲੀਆਂ ਨੇ ||



ਕਰਤਾਰ ਸਿੰਘ ਸਰਾਭਾ
(24 ਮਈ 1896-16 ਨਵੰਬਰ 1915)

ਗੁਰੂ ਪਿਆਰੀ ਸਾਧ ਸੰਗਤ ਜੀ ਆਪ ਜੀ ਨੂ
ਨਿਮਰਤਾ ਸਹਿਤ ਬੇਨਤੀ ਕੀਤੀ ਜਾਂਦੀ ਹੈ ਕਿ
ਸ਼ਹੀਦ ਸ.ਕਰਤਾਰ ਸਿੰਘ ਸਰਾਭਾ ਜੀ ਦਾ122 ਵਾ ਜਨਮ
ਦਿਹਾੜਾ ਗੁਰੂਦਵਾਰਾ ਲੈਕਰਸਿਮ ਵਿਖੇ ਮਨਾਇਆ ਜਾ ਰਿਹਾ ਹੈ
MAY 20 , 2018 { SUNDAY }
ਸਮਾ 9 ਵਜੇ ਤੋਂ 2 ਵਜੇ ਤਕ
MAY 18, 19, ਸ਼ੁਕਰਵਾਰ ਸ਼ਨੀਵਾਰ
ਸਮਾ ਸ਼ਾਮ 6 ਤੋਂ 9 ਵਜੇ ਤਕ

**ਆਰੰਭ ਸ੍ਰੀ ਅਖੰਡ ਪਾਠ ਸਾਹਿਬ :**
**18 ਮਈ, 2018 ਦਿਨ ਸ਼ੁੱਕਰਵਾਰ 10:00 ਵਜੇ ਸਵੇਰੇ**
**ਭੋਗ ਸ੍ਰੀ ਅਖੰਡ ਪਾਠ ਸਾਹਿਬ :**
**20 ਮਈ, 2018 ਦਿਨ ਐਤਵਾਰ 10:00 ਵਜੇ ਸਵੇਰੇ**



Bhai Mehal Singh ji {Chandigarh wale}

ਹੋਰ ਜਾਣਕਾਰੀ ਲਈ ਫ਼ੋਨ ਕਰੋ :
Jatinder Singh Grewal 818-632-0701 Baldev Singh Grewal 818-456-6338

CHHOLE BHATURE SEVA BY:
SIKH WELFARE ORGANIZATION

Shaheed Kartar Singh Memorial Society INC.

AT
SIKH GURDWARA OF LOS ANGELES
7640 LANKERSHIM BLVD,
NORTH HOLLYWOOD, CA 91605
818-765-9399 818-423-8000

ਸਹਿਯੋਗੀ ਸੱਜਣ :
Ravi Grewal
Manjit S Pandher
Gurdas S Kehal
Ranjit Singh
Dharminder S. Grerwal
Dr.Jaswant S Dhillon
Pardeep Singh
Baldev S. Grewal
Baljinder S. Grewal
Darshan S Bhinder
Jasminder S. Grewal
Ajit Singh Thind
Daljit Singh
Jagtar S.Samra
Jatinder S. Grewal
Gurcharan S. Bains
Iqbal S. Samra
Milkha S.Sidhu
Jagdish S.Rai

# SINGH TRANSPORT INC



ਔਕਲੈਂਡ ਪੋਰਟ, ਲਾਸ ਏਂਜਲਸ ਪੋਰਟ ਅਤੇ ਲੋਂਗ ਬੀਚ ਪੋਰਟ 'ਤੇ ਕੰਮ ਕਰਨ ਲਈ ਏ ਕਲਾਸ ਡਰਾਈਵਰਾਂ ਅਤੇ ਓਨਰ ਆਪ੍ਰੇਟਰਾਂ ਦੀ ਲੋੜ ਹੈ।

STUDENT DRIVER WELCOM
ਅਸੀਂ ਲਾਇਸੰਸ ਲੈਣ ਲਈ ਤੁਹਾਡੇ ਸਕੂਲ ਦਾ ਖਰਚਾ ਵੀ ਦਿੰਦੇ ਹਾਂ।

ਫਰਿਜ਼ਨੋ ਵੈਲੀ ਏਰੀਏ ਵਿਚੋਂ ਡਰਾਈਵਰਾਂ ਦੀ ਸਖ਼ਤ ਲੋੜ

- ਡ੍ਰਾਈ ਵੈਨ ਡਰਾਈਵਰਾਂ ਦੀ ਲੋੜ
- ਵਰਕ ਪਰਮਿਟ ਹੋਲਡਰ ਨਵੇਂ ਡਰਾਈਵਰਾਂ ਦਾ ਸਵਾਗਤ
- ਨਵੇਂ ਲਾਇਸੰਸ ਡਰਾਈਵਰਾਂ ਦਾ ਸਵਾਗਤ
- ਟ੍ਰੇਨਿੰਗ ਉਪਲਬੱਧ
- Double Endorsement ਵਾਲੇ ਡਰਾਈਵਰਾਂ ਦੀ ਲੋੜ ਹੈ।
- LA ਤੋਂ Bay Area-Sacramento-LA ਵਾਸਤੇ Hook Drop ਲੋਡ ਚੁੱਕੋ।
- ਅਸੀਂ ਡਰਾਈਵਰਾਂ ਨੂੰ 55 Cent ਤੱਕ per mile ਦਿੰਦੇ ਹਾਂ।
- ਸੋਮਵਾਰ ਤੋਂ ਸ਼ੁੱਕਰਵਾਰ ਪੰਜ ਦਿਨ ਕੰਮ ਕਰ ਕੇ ਮਹੀਨੇ ਦਾ ਡਾਲਰ $6000 ਕਮਾਓ।
- ਕੰਮ ਕਰਨ ਲਈ ਵਧੀਆ ਅਤੇ ਆਰਾਮਦਾਇਕ ਮਾਹੌਲ।
- ਅਸੀਂ ਪੋਰਟ 'ਤੇ ਸਭ ਤੋਂ ਜ਼ਿਆਦਾ ਪੈਸੇ ਦਿੰਦੇ ਹਾਂ।
- ਅਸੀਂ ਬੋਨਸ ਵੀ ਦਿੰਦੇ ਹਾਂ।
- ਰੋਜ਼ਾਨਾ ਸ਼ਾਮ ਨੂੰ ਘਰ ਜਾਓ।

ਟਰੱਕ ਰਿਪੇਅਰ ਮਕੈਨਿਕ ਦੀ ਲੋੜ

**ਸੰਪਰਕ:**
**ਸਤਨਾਮ ਸਿੰਘ ਖਹਿਰਾ (510) 543-3778, ਜਗਤਾਰ ਸਿੰਘ (510) 918-2439, (510) 943-9578**

# ਅਮਰੀਕਾ ਵਿਚ ਇੰਡੀਅਨ ਗਰੋਸਰੀ ਦੇ ਨੰਬਰ ਵਨ 1




# ਹੋਲਸੇਲਰ





ਅਸੀਂ ਇੰਡੀਅਨ ਰੈਸਟੋਰੈਂਟਸ, ਹੋਟਲ ਅਤੇ ਕੇਟਰਿੰਗ ਨੂੰ ਇੰਡੀਅਨ ਗਰੋਸਰੀ, ਬਰਤਨ, ਦਾਲਾਂ, ਰਾਈਸ, ਸਪਾਈਸਿਜ਼ ਅਤੇ ਔਰਗੈਨਿਕ ਫੂਡ ਸਪਲਾਈ ਕਰਦੇ ਹਾਂ

**Kulwant Singh**
# Punjab Trading Inc
4710 B ST NW #103 Auburn, WA 98001
**Phone:206-778-1823**
**shahbrands@gmail.com**

# Valley Real Estate Center



Better Deal will be given from New Builders to Book New home in Mountain House, Tracy, Manteca and lathrop

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

For agriculture and almond Farm,office building, Farm House and for Truck Yard in Tracy, Manteca, Lathrop and Stockton

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

## Listing



Address: 27293 S Hillview St, Tracy, CA 95304-8154

Listing Price: $929,900,

Area: 1.0100Acres (43996 Lot SqFt Apprx)



Address: 20199 Wicklund Rd, Tracy, CA 95391

Listing Price $1,250,000,

Area: 10.5000 Acres (457380 Lot SqFt Apprx)



Ranjit S Mangat
(Lic: 01922089)

ਨਵੀਂ ਜਾਂ ਪੁਰਾਣੀ ਜਾਇਦਾਦ ਖਰੀਦਣ ਜਾਂ ਵੇਚਣ ਲਈ ਕਾਲ ਕਰੋ

## Ranjit S Mangat

**Valley Real Estate Center (Office Lic.: 01392267)**
**68 E 11th Street Ste 109, Tracy, CA 95376**
**Office: 209-956-1000 Cell : 408-355-5700**
**gbsingh84@gmail.com**




PER GALLON ON DIESEL






## FUEL CARD

Our Over The Road (OTR) Fuel Card replaces cash and credit cards for fuel and maintenance - with low transaction fees - at over 6,600 truck stops across the country. We offer line of credit - $10,000 to $100,000.

## FACTORING

Fleet One introduces aggressive factoring program for Trans-Alliance members. We can beat any price to get your piece of business.

**ਪੰਜਾਬੀ ਵਿਚ ਜਾਣਕਾਰੀ ਲਈ 1.855.641.6955**

888.795.7035
sales@trans-alliance.com
www.trans-alliance.com

PETRO Stopping Centers®

TA TravelCenters of America

Love's Travel Stops & Country Stores



ਕੈਪਟਨ ਅਮਰਿੰਦਰ ਸਿੰਘ (ਮੁੱਖ ਮੰਤਰੀ ਪੰਜਾਬ)





ਰਾਹੁਲ ਗਾਂਧੀ (ਪ੍ਰਧਾਨ ਕਾਂਗਰਸ)

# ਮੁਬਾਰਕਾਂ

ਇਮਾਨਦਾਰ, ਅਗਾਂਹਵਧੂ ਸੋਚ ਦੇ ਧਾਰਨੀ ਅਤੇ
ਪੰਜਾਬ ਦਾ ਭਲਾ ਚਾਹੁੰਣ ਵਾਲੇ

## ਸ. ਸੁਖਜਿੰਦਰ ਸਿੰਘ ਰੰਧਾਵਾ

ਨੂੰ ਸਾਹਿਕਾਰਤਾ ਅਤੇ ਜੇਲ੍ਹ ਮੰਤਰੀ, ਪੰਜਾਬ ਬਣਨ
'ਤੇ ਅਮਰੀਕਾ ਵਸਦੇ ਸਮੁੱਚੇ ਐਨ.ਆਰ.ਆਈ.
ਪੰਜਾਬੀ ਭਾਈਚਾਰੇ ਵਲੋਂ

## ਲੱਖ ਲੱਖ ਵਧਾਈਆਂ




ਮੰਤਰੀ ਸ. ਸੁਖਜਿੰਦਰ ਸਿੰਘ ਰੰਧਾਵਾ



ਸੁਖਜੀਤ ਸਿੰਘ ਲੋਹਗੜ੍ਹ



ਵਲੋਂ :

ਸੁਖਜੀਤ ਸਿੰਘ ਲੋਹਗੜ੍ਹ (ਐਮ.ਐਲ.ਏ. ਧਰਮਕੋਟ, ਮੋਗਾ), ਜਸਵਿੰਦਰ ਸਿੰਘ, ਡਾ. ਜਸਪਾਲ ਸਿੰਘ, ਸਰਬਜੀਤ ਸਿੰਘ ਮਾਨ -909-815-7412,
ਇਕਬਾਲ ਸਮਰਾ- 818-219-3090, ਸਾਹਿਬ ਭੁੱਲਰ- 626-893-2314, ਨਛੱਤਰ ਸਿੰਘ ਭੁੱਲਰ-626-255-8555,
ਬਿੱਲ ਗਿਲ-909-706-0360, ਰਵੀ ਗਰੇਵਾਲ- 310-748-1348, ਰਵੀ ਰਾਜਬੀਰ ਰੰਧਾਵਾ- 323-533-2733,
ਸਰਬਜੀਤ ਗਰੇਵਾਲ- 818-599-9189, ਧਰਮਿੰਦਰ ਰੰਧਾਵਾ- 909-240-7234, ਗੁਰਸ਼ਰਨ ਨੱਤ- 818-472-1014,
ਨਰਿੰਦਰ ਸਿੰਘ ਢਿੱਲੋਂ- 626-664-9814, ਬਰਿੰਦਰ ਢਿੱਲੋਂ- 909-821-6785, ਸਤਬੀਰ ਤੁੰਗ-909-576-5799,
ਆਜ਼ਾਦ ਵਿਰਕ- 650-630-6930, ਕੁਲਜੀਤ ਸਿੰਘ ਨਿੱਜਰ- 714-726-4300, ਪਰਮਜੀਤ ਨਿੱਝਰ- 626-622-5551,
ਉਪਮਿੰਦਰ ਸੰਧੂ- 909-418-7700, ਪਾਲ ਘੋਤਰਾ-909-569-9545, ਮਨਜੀਤ ਪੰਧੇਰ-818-398-9262

Graphics : Saini +91 9781931791


jus punjabi HD
WISHES ALL OUR VIEWERS
HAPPY
Mother's Day
WISH YOUR MOM A HAPPY MOTHER'S DAY
ON JUS PUNJABI TV
SEND US A PICTURE OF YOUR MOM
& WATCH IT AIR ON TV
CONTACT US AT
+1-718-752-9290 EXT. 210
+1-718-784-0900
INFO@JUSBROADCASTING.COM


subscribe now
JUS Pack
has it all!
jus punjabi
JUS one
JUS 24X7
9X TASHAN
4 channels for only $14.99 on dish | sling
Call 1-888-246-6242 to Subscribe
and get a worth $100
Promotion code: JUS
*only for new customers limited time
for advertisement & more information call: +1-718-752-9290
www.jusbroadcasting.com

Serving Around the World Community Since 1994
We Specialize to Asia, Europe, Middle East, Africa, Australia & etc.

Special fares to :
SFO TO DEL
LAX TO DEL




Special fares to
Amritsar & Delhi

ਦੋ ਜਾਂ
ਦੋ ਤੋਂ ਵੱਧ
ਟਿਕਟਾਂ ਖਰੀਦਣ
'ਤੇ ਇਕ ਭਾਰ ਤੋਲਣ
ਵਾਲੀ ਮਸ਼ੀਨ ਮੁਫ਼ਤ
ਦਿੱਤੀ ਜਾਵੇਗੀ।

Cst No. : 2054876-40
Book on line 24/7 : www.skywaytkt.com
Or Call (818) 762-9236
15549 Devonshire St., Ste. 206 Mission Hills, CA 91345

ਜ਼ਿੰਦਗੀ ਨੂੰ ਸੁਹਾਵਣੀ ਬਣਾਓ
'ਦ ਕੰਪਨੀ ਯੂ ਕੀਪ'
ਦੇ ਨਾਲ !

NEW YORK LIFE
www.newyorklife.com

1845 ਤੋਂ ਅਸੀਂ ਲੋਕਾਂ ਨੂੰ ਉਨ੍ਹਾਂ ਦੇ ਔਖੇ ਸਮਿਆਂ 'ਚ ਮਨ ਦੀ ਸ਼ਾਂਤੀ ਲਿਆਉਣ ਦੇ ਸਮਰੱਥ ਰਹੇ ਹਾਂ। ਅਸੀਂ ਏਸ਼ੀਆ-ਭਾਰਤੀ ਕੌਮ ਦੀ ਸੇਵਾ ਕਰਦੇ ਮਾਣ ਮਹਿਸੂਸ ਕਰਦੇ ਹਾਂ ਅਤੇ ਜ਼ਿੰਦਗੀ ਦੇ ਹਰ ਪਹਿਲੂ 'ਤੇ ਤੁਹਾਡਾ ਸਾਥ ਨਿਭਾਉਣ ਦਾ ਵਾਅਦਾ ਕਰਦੇ ਹਾਂ।



Open Enrollment for Healthcare Starts November 1, 2017 to January 31, 2018.



COVERED CALIFORNIA

ਸਿਮਰਨ ਕੌਰ ਅਟਵਾਲ
ਏਜੰਟ
ਲਾਇੰਸੰਸ # OE17073

ਨਿਊ ਯਾਰਕ ਇੰਸ਼ੋਰੈਂਸ ਕੰਪਨੀ
3255 ਵੈਸਟ ਮਾਰਚ ਲੇਨ, # 300 ਸਟਾਕਟਨ, ਕੈਲੀਫੋਰਨੀਆ 95219
ਫੋਨ : 209-955-2418, 209-993-7978
skatwal@ft.newyorklife.com

ਆਪਣੇ ਪਰਿਵਾਰ ਦੀ ਸੁਰੱਖਿਆ ਯਕੀਨੀ ਬਣਾਉਣ ਲਈ
ਹੁਣੇ ਆਪਣੇ ਸਥਾਨਕ ਏਜੰਟ ਨਾਲ ਸੰਪਰਕ ਕਰੋ !!



Raja™ SWEETS & CATERING®
AUTHORIZED CATERER FOR MAJOR 5-STAR HOTELS

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Follow us on:
Toll Free 1-866-FOR-RAJA
www.rajasweets.com
msbains@rajasweets.com

Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets

Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111

Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345

Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com

Items Serving:
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

Catering Services:
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

Additional Services:
- Warmers
- Chaffing Dishes
- China & Silverware
- Linen Rental
- Waiters & Bartenders




ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜ਼ਾਮ ਹੈ।

PARADISE BALLROOMS
4100 Peralta Blvd. Fremont, CA 94536
(510) 900-6319
info@paradiseballrooms.com www.paradiseballrooms.com

SERVICES INCLUDE
- CATERING
- SILVERWARE
- CHINAWARE
- DECORATED HALL
- LINEN
- SEVERAL BAR OPTIONS
- SECURITY
- WAIT STAFF
- FULL SETUP INCLUDING TABLE CLOTH, NAPKINS, CHAIRS ETC.

ਪੰਥਕ ਮਸਲਾ

# ਜਥੇਦਾਰ ਅਕਾਲ ਤਖ਼ਤ ਸਾਹਿਬ ਦੀ ਨਿਯੁਕਤੀ ਸਬੰਧੀ ਅਹਿਮ ਨੁਕਤੇ

**ਭਾਈ ਹਰਿਸਿਮਰਨ ਸਿੰਘ**

ਬਿਨਾਂ ਸ਼ੱਕ ਅਕਾਲ ਤਖ਼ਤ ਸਾਹਿਬ ਦੀ ਅਗਵਾਈ ਹੇਠ ਤਖ਼ਤ ਜਥੇਬੰਦੀ ਦਾ ਆਪਣਾ ਇਤਿਹਾਸਕ ਉਭਾਰ, ਸੰਸਾਰੀ-ਰੂਹਾਨੀ ਧਾਰਮਿਕ ਮਾਮਲਿਆਂ ਦੀ ਸਰਵਉੱਚਤਾ ਤਾਂ ਸਥਾਪਿਤ ਹੋ ਚੁੱਕੀ ਹੈ ਪਰ ਜਥੇਦਾਰ ਸਾਹਿਬਾਨ ਦੀ ਪਦਵੀ ਦਾ ਸਤਿਕਾਰ ਤੇ ਭੂਮਿਕਾ ਵੀ ਮਹੱਤਵਪੂਰਨ ਹੈ। ਅਕਾਲੀ ਦਲ ਜਾਂ ਸ਼੍ਰੋਮਣੀ ਕਮੇਟੀ ਜਿਵੇਂ ਜਥੇਦਾਰ ਸਾਹਿਬਾਨ ਉੱਤੇ ਬਾਹਰੀ ਤੇ ਅੰਦਰੂਨੀ ਦਬਾਅ ਪਾ ਕੇ ਉਨ੍ਹਾਂ ਤੋਂ ਬੀਤੇ ਸਮੇਂ ਵਿੱਚ ਜੋ ਫ਼ੈਸਲੇ ਕਰਵਾਉਂਦੇ ਰਹੇ ਹਨ, ਵਰਤਮਾਨ ਹਾਲਾਤ ਵਿੱਚ ਪੰਥ ਨੇ ਅਸਾਧਾਰਨ ਤਰੀਕੇ ਨਾਲ ਆਪਣਾ ਜਲੌਅ ਪ੍ਰਗਟ ਕਰਕੇ ਇਹ ਦਰਸਾ ਦਿੱਤਾ ਹੈ ਕਿ ਭਵਿੱਖ ਵਿੱਚ ਜਥੇਦਾਰ ਸਾਹਿਬਾਨ ਪੰਥਕ ਭਾਵਨਾਵਾਂ ਨੂੰ ਨਜ਼ਰ-ਅੰਦਾਜ਼ ਕਰਕੇ ਕੋਈ ਫ਼ੈਸਲੇ ਨਹੀਂ ਲੈ ਸਕਣਗੇ ਪਰ ਜਿਵੇਂ ਇਸ ਰੋਸ ਨੇ ਜਥੇਦਾਰ ਸਾਹਿਬਾਨ ਨੂੰ ਆਪਣੇ ਗੁੱਸੇ ਦਾ ਨਿਸ਼ਾਨਾ ਬਣਾਇਆ ਹੈ, ਉਸ ਦੇ ਸਾਹਮਣੇ ਜਥੇਦਾਰ ਸਾਹਿਬ ਦੀ ਪਦਵੀ ਦਾ ਸਤਿਕਾਰ ਬਹਾਲ ਕਰਨਾ ਜ਼ਰੂਰੀ ਹੋ ਗਿਆ ਹੈ।

ਪੰਜ ਪਿਆਰਿਆਂ ਵੱਲੋਂ ਸ਼੍ਰੋਮਣੀ ਕਮੇਟੀ ਨੂੰ ਜਥੇਦਾਰ ਸਾਹਿਬਾਨ ਨੂੰ ਹਟਾਉਣ ਲਈ ਦਿੱਤੇ ਗਏ ਆਦੇਸ਼ ਬਾਰੇ ਸ਼੍ਰੋਮਣੀ ਕਮੇਟੀ ਕੀ ਫ਼ੈਸਲਾ ਲਵੇਗੀ ਇਹ ਫ਼ੈਸਲਾ ਆਪਣੀ ਥਾਂ ਮਹੱਤਵਪੂਰਨ ਹੋਵੇਗਾ।

ਹੁਣ ਸਿੱਖ ਪੰਥ ਦੇ ਹਾਲਾਤ, ਚੇਤਨਾ ਅਤੇ ਪੰਥਕ ਜਜ਼ਬੇ ਬਦਲਦੇ ਹਾਲਾਤ ਵਿੱਚ ਅਕਾਲ ਤਖ਼ਤ ਸਾਹਿਬ ਤੋਂ ਨਵੀਂ ਦਿਸ਼ਾ ਪ੍ਰਾਪਤ ਕਰਨਾ ਚਾਹੁੰਦੇ ਹਨ ਤਾਂ ਇਨ੍ਹਾਂ ਪਦਵੀਆਂ ਉੱਤੇ ਸੁਯੋਗ ਅਤੇ ਸਾਰੀਆਂ ਵਿਸ਼ਵ ਸਥਿਤੀਆਂ ਨੂੰ ਸਮਝਣ ਵਾਲੇ ਜਥੇਦਾਰ ਸਾਹਿਬਾਨ ਦੀ ਯੋਗਤਾ ਅਤੇ ਉਨ੍ਹਾਂ ਨੂੰ ਨਿਯੁਕਤ ਕਰਨ ਦੀ ਪੰਥ ਪ੍ਰਵਾਨਿਤ ਵਿਧੀ ਅਪਣਾਉਣੀ ਜ਼ਰੂਰੀ ਹੋ ਗਈ ਹੈ। ਹੁਣ ਜਦੋਂ ਨਵੇਂ ਜਥੇਦਾਰ ਸਾਹਿਬਾਨ ਦੀ ਨਿਯੁਕਤੀ ਕਰਨ ਦਾ ਵਿਚਾਰ ਪੰਥਕ ਮਨਾਂ ਉੱਤੇ ਭਾਰੂ ਹੁੰਦਾ ਜਾ ਰਿਹਾ ਹੈ ਤਾਂ ਕੀ ਉੱਪਰੋਂ ਨਿਯੁਕਤ ਕੀਤੇ ਜਾਣ ਵਾਲੇ ਜਥੇਦਾਰ ਸਾਹਿਬਾਨ ਨੂੰ ਪੰਥ ਸਵੀਕਾਰ ਕਰ ਲਏਗਾ, ਇਹ ਇੱਕ ਵੱਡਾ ਪ੍ਰਸ਼ਨ ਹੈ।

ਇਸ ਲਈ ਜਦੋਂ ਤਕ ਨਵੇਂ ਜਥੇਦਾਰ ਸਾਹਿਬਾਨ ਨਿਯੁਕਤ ਕਰਨ ਲਈ ਸ਼੍ਰੋਮਣੀ ਕਮੇਟੀ ਅਤੇ ਅਕਾਲੀ ਦਲ ਸਾਰੀਆਂ ਪੰਥਕ ਧਿਰਾਂ ਤੇ ਪਤਵੰਤੇ ਵਿਦਵਾਨਾਂ ਨੂੰ ਸ਼ਾਮਿਲ ਕਰਕੇ ਕੋਈ ਸਰਵ ਪ੍ਰਵਾਣਿਤ ਜਥੇਦਾਰ ਨਿਯੁਕਤ ਨਹੀਂ ਕਰਦੇ, ਉਦੋਂ ਤਕ ਨਵੇਂ ਜਥੇਦਾਰ ਸਾਹਿਬਾਨ ਨੂੰ ਵੀ ਇਨ੍ਹਾਂ ਪਦਵੀਆਂ ਦੀਆਂ ਜ਼ਿੰਮੇਵਾਰੀਆਂ ਨਿਭਾਉਣ ਵਿੱਚ ਕਠਿਨਾਈ ਆ ਸਕਦੀ ਹੈ। ਅਜਿਹੇ ਹਾਲਾਤ ਵਿੱਚ ਜਥੇਦਾਰ ਦੀ ਯੋਗਤਾ, ਨਿਯੁਕਤੀ ਵਿਧੀ ਤੇ ਕਾਰਜ ਏਜੰਡਾ ਮਹੱਤਵਪੂਰਨ ਬਣ ਗਏ ਹਨ। ਇਹ ਇੱਕ ਅਜਿਹਾ ਪਹਿਲੂ ਹੈ ਜਿਸ ਨੂੰ ~~ਸਥਾਪਿਤ ਅਕਾਲੀ ਦਲ ਤੇ~~ ਹੋਰ ਜਥੇਬੰਦੀਆਂ ਨੂੰ ਮਿਲ ਕੇ ਨਜਿੱਠਣਾ ਹੋਵੇਗਾ। ਨਵੇਂ ਹਾਲਾਤ ਵਿੱਚ ਜਥੇਦਾਰ ਸਾਹਿਬ ਦੀ ਨਿਯੁਕਤੀ ਧਾਰਮਿਕ ਤੇ ਗ੍ਰੰਥੀ ਜਮਾਤ ਤੋਂ ਬਾਹਰ ਸਿੱਖ ਪੰਥ ਦੇ ਮਾਹਿਰ ਵਿਦਵਾਨਾਂ ਅਤੇ ਸਾਰੀ ਸਥਿਤੀ ਨੂੰ ਸਮਝਣ ਵਾਲੇ ਪੰਥਕ ਵਰਗ ਵਿੱਚੋਂ ਕੀਤੀ ਜਾਣੀ ਯੋਗ ਹੋਵੇਗੀ।

ਜਥੇਦਾਰ ਸਾਹਿਬ ਅਜਿਹੇ ਹੋਣ ਜੋ ਕੁਲ ਮਨੁੱਖਤਾ, ਸਿੱਖ ਧਰਮ, ਪੰਥ ਅਤੇ ਅਕਾਲ ਤਖ਼ਤ ਸਾਹਿਬ ਦੀ ਮਾਣ ਮਰਿਆਦਾਵਾਂ ਨੂੰ ਸਮਰਪਿਤ ਅਜਿਹੇ ਖ਼ਾਲਸਾ ਹੋਣ ਜਿਨ੍ਹਾਂ ਨੂੰ ਸਿੱਖ ਸਿਧਾਂਤਾਂ, ਅਕਾਲ ਤਖ਼ਤ ਸਾਹਿਬ ਦੇ ਸਿਧਾਂਤ, ਸੰਸਥਾ ਅਤੇ ਖ਼ਾਲਸਾ ਪੰਥ ਦੇ ਆਦਰਸ਼ਾਂ ਦਾ ਗਿਆਨ ਹੋਵੇ। ਉਨ੍ਹਾਂ ਦੀ ਸਿੱਖ ਪੰਥ ਅਤੇ ਇਸ ਦੇ ਸਮੁੱਚੇ ਸਰੋਕਾਰਾਂ ਪ੍ਰਤੀ ਵਚਨਬੱਧਤਾ, ਇਮਾਨਦਾਰੀ, ਕੁਰਬਾਨੀ, ਸਪੱਸ਼ਟਤਾ ਅਤੇ ਦਿੱਬ-ਦ੍ਰਿਸ਼ਟੀ ਉੱਤਮ ਦਰਜੇ ਦੀ ਹੋਵੇ। ਉਨ੍ਹਾਂ ਨੂੰ ਸਿੱਖ ਸਮੱਸਿਆਵਾਂ ਦੀ ਸਮਝ ਹੋਵੇ ਅਤੇ ਇਨ੍ਹਾਂ ਨੂੰ ਹੱਲ ਕਰਨ ਦੀ ਸਮਰੱਥਾ ਦੇ ਨਾਲ ਨਾਲ ਇਤਿਹਾਸ ਦਾ ਡੂੰਘਾ ਗਿਆਨ ਅਤੇ ਨੀਝ ਹੋਵੇ। ਉਹ ਪੰਥ ਦੇ ਉੱਜਵਲ ਭਵਿੱਖ ਦੀ ਘਾੜਤ ਘੜਨ ਦੀ ਸਮਰੱਥਾ ਅਤੇ ਯੋਗਤਾ ਰੱਖਦੇ ਹੋਣ। ਉਨ੍ਹਾਂ ਨੂੰ ਵਿਸ਼ਵ-ਏਸ਼ੀਆ ਦੇ ਭੂਗੋਲਿਕ-ਰਾਜਨੀਤਿਕ ਦ੍ਰਿਸ਼ਾਂ, ਮਸਲਿਆਂ, ਸਮੀਕਰਨਾਂ, ਰੁਝਾਨਾਂ ਅਤੇ ਪਰਿਸਥਿਤੀਆਂ ਆਦਿ ਦੀ ਸਮਝ ਹੋਵੇ ਅਤੇ ਉਨ੍ਹਾਂ ਨੇ ਸਿੱਖੀ ਅਤੇ ਸਿੱਖ ਪੰਥ ਲਈ ਵਿਸ਼ੇਸ਼ ਪ੍ਰਾਪਤੀਆਂ ਕੀਤੀਆਂ ਹੋਣ। ਜਥੇਦਾਰ ਸਾਹਿਬ ਦੀ ਨਿਯੁਕਤੀ ਸਮੇਂ ਉਮਰ ਘੱਟੋ-ਘੱਟ 50 ਸਾਲ ਹੋਵੇ। ਉਨ੍ਹਾਂ ਦੀ ਨਿਯੁਕਤੀ 5 ਸਾਲ ਲਈ ਹੋਵੇ ਪਰ ਇਹ 15 ਸਾਲ ਤਕ ਵਧਾਈ ਜਾ ਸਕਦੀ ਹੈ। ਹਰ ਪੰਜ ਸਾਲ ਬਾਅਦ ਉਨ੍ਹਾਂ ਦੇ ਕਾਰਜਾਂ ਅਤੇ ਹੋਰ ਪ੍ਰਾਪਤੀਆਂ ਆਦਿ ਦੀ ਪੰਥ ਖ਼ਾਲਸਾ ਸਮੀਖਿਆ ਕਰੇ।

ਜਥੇਦਾਰ ਦੀ ਨਿਯੁਕਤੀ ਦੀ ਲੋੜ ਉਤਪੰਨ ਹੋਣ ਉੱਤੇ ਸ਼੍ਰੋਮਣੀ ਕਮੇਟੀ, ਅੰਮ੍ਰਿਤਸਰ ਦੀ ਪਹਿਲਕਦਮੀ ਉੱਤੇ ਇਸ ਦੇ ਪ੍ਰਧਾਨ ਤੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ, ਪਟਨਾ ਸਾਹਿਬ ਤੇ ਹਜ਼ੂਰ ਸਾਹਿਬ ਗੁਰਦੁਆਰਿਆਂ ਦੇ ਪ੍ਰਬੰਧਕੀ ਬੋਰਡ ਸਮੇਤ ਸਿੱਖ ਪੰਥ ਦੀਆਂ ਵਿਸ਼ਵ ਵਿੱਚ ਫੈਲੀਆਂ ਹੋਰ ਨਾਮਵਰ ਪ੍ਰਤੀਨਿਧ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਦੇ ਸੁਝਵਾਨ ਪ੍ਰਤੀਨਿਧਾਂ, ਅਕਾਲ ਤਖ਼ਤ ਸਾਹਿਬ ਨੂੰ ਸਮਰਪਿਤ ਧਾਰਮਿਕ ਜਥੇਬੰਦੀਆਂ, ਅਕਾਲ ਤਖ਼ਤ ਸਾਹਿਬ ਨੂੰ ਸਮਰਪਿਤ ਸੰਤ ਸੰਸਥਾਵਾਂ, ਮਹੱਤਵਪੂਰਨ ਪੰਥਕ ਵਿਦਵਾਨਾਂ ਅਤੇ ਦੇਸ਼-ਵਿਦੇਸ਼ ਵਿੱਚ ਸਿੱਖ ਪੰਥ ਦੀਆਂ ਧਾਰਮਿਕ ਅਤੇ ਸਮਾਜਿਕ ਜਥੇਬੰਦੀਆਂ ਦੇ ਯੋਗਤਾਪੂਰਨ ਪ੍ਰਤੀਨਿਧਾਂ ਉੱਤੇ ਆਧਾਰਿਤ ਇੱਕ 31 ਮੈਂਬਰੀ 'ਖ਼ਾਲਸਾ ਸੰਗਤ' ਦਾ ਗਠਨ ਕਰਨ। ਇਹ ਹਾਊਸ ਵਿਚਾਰ-ਵਟਾਂਦਰਾ ਕਰਨ ਉਪਰੰਤ ਤਖ਼ਤਾਂ ਦੇ ਜਥੇਦਾਰਾਂ ਦੀ ਚੋਣ ਕਰਨ ਅਤੇ ਇਸ ਸਬੰਧੀ ਜ਼ਰੂਰੀ ਵਿਸਥਾਰ ਉਲੀਕਣ ਲਈ ਅੱਗੇ ਇੱਕ ਤਿੰਨ ਮੈਂਬਰੀ ਖੋਜ ਕਮੇਟੀ ਦਾ ਗਠਨ ਕਰਕੇ ਉਨ੍ਹਾਂ ਜ਼ਿੰਮੇ ਪੰਥ ਵਿੱਚੋਂ ਜਥੇਦਾਰ ਦੀਆਂ ਯੋਗਤਾਵਾਂ ਅਨੁਸਾਰ ਅਜਿਹੇ ਵਿਅਕਤੀਆਂ ਦੀ ਖੋਜ ਕਰਨ ਦਾ ਜ਼ਿੰਮਾ ਲਗਾਏ ਜੋ ਤਖ਼ਤਾਂ ਦੀ ਸੇਵਾ ਕਰਨ ਦੇ ਲਾਇਕ ਹੋਣ। ਨਿਸ਼ਚਿਤ ਕੀਤੇ ਗਏ ਸਮੇਂ ਉਪਰੰਤ ਇਹ ਖੋਜ ਕਮੇਟੀ ਸਿੱਖ ਭਾਵਨਾਵਾਂ ਅਤੇ ਰਵਾਇਤਾਂ ਅਨੁਸਾਰ ਵਿਅਕਤੀਆਂ ਦੇ ਨਾਵਾਂ ਦੀ ਸੂਚੀ 'ਖ਼ਾਲਸਾ ਸੰਗਤ' ਅੱਗੇ ਪੇਸ਼ ਕਰੇ ਅਤੇ ਇਹ ਹਾਊਸ ਉਚਿਤ ਕਾਰਵਾਈ ਕਰਦਿਆਂ ਜਥੇਦਾਰ ਸਾਹਿਬ ਦੀ ਨਿਯੁਕਤੀ ਕਰੇ।



**ਜਥੇਦਾਰ ਸਾਹਿਬ ਅਜਿਹੇ ਹੋਣ ਜੋ ਕੁਲ ਮਨੁੱਖਤਾ, ਸਿੱਖ ਧਰਮ, ਪੰਥ ਅਤੇ ਅਕਾਲ ਤਖ਼ਤ ਸਾਹਿਬ ਦੀ ਮਾਣ ਮਰਿਆਦਾਵਾਂ ਨੂੰ ਸਮਰਪਿਤ ਅਜਿਹੇ ਖ਼ਾਲਸਾ ਹੋਣ ਜਿਨ੍ਹਾਂ ਨੂੰ ਸਿੱਖ ਸਿਧਾਂਤਾਂ, ਅਕਾਲ ਤਖ਼ਤ ਸਾਹਿਬ ਦੇ ਸਿਧਾਂਤ, ਸੰਸਥਾ ਅਤੇ ਖ਼ਾਲਸਾ ਪੰਥ ਦੇ ਆਦਰਸ਼ਾਂ ਦਾ ਗਿਆਨ ਹੋਵੇ। ਉਨ੍ਹਾਂ ਦੀ ਸਿੱਖ ਪੰਥ ਅਤੇ ਇਸ ਦੇ ਸਮੁੱਚੇ ਸਰੋਕਾਰਾਂ ਪ੍ਰਤੀ ਵਚਨਬੱਧਤਾ, ਇਮਾਨਦਾਰੀ, ਕੁਰਬਾਨੀ, ਸਪੱਸ਼ਟਤਾ ਅਤੇ ਦਿੱਬ-ਦ੍ਰਿਸ਼ਟੀ ਉੱਤਮ ਦਰਜੇ ਦੀ ਹੋਵੇ। ਉਨ੍ਹਾਂ ਨੂੰ ਸਿੱਖ ਸਮੱਸਿਆਵਾਂ ਦੀ ਸਮਝ ਹੋਵੇ ਅਤੇ ਇਨ੍ਹਾਂ ਨੂੰ ਹੱਲ ਕਰਨ ਦੀ ਸਮਰੱਥਾ ਦੇ ਨਾਲ ਨਾਲ ਇਤਿਹਾਸ ਦਾ ਡੂੰਘਾ ਗਿਆਨ ਅਤੇ ਨੀਝ ਹੋਵੇ।**

ਗੁਰੂ ਹਰਿਗੋਬਿੰਦ ਸਾਹਿਬ ਦੁਆਰਾ ਪ੍ਰਗਟ ਕੀਤਾ ਗਿਆ ਅਕਾਲ ਤਖ਼ਤ ਸਾਹਿਬ ਸਿੱਖ ਜ਼ਮੀਰ ਦੀ ਰੱਖਵਾਲੀ ਕਰਨ ਵਾਲੀ ਅਜਿਹੀ ਸੰਸਥਾ ਹੈ, ਜੋ ਸਿੱਖ ਧਰਮ ਵਿੱਚ ਵਿਸ਼ਵਾਸ ਰੱਖਣ ਵਾਲੇ ਹਰ ਸਿੱਖ ਦੀ ਮਾਨਸਿਕਤਾ ਵਿੱਚ ਗੁਰੂ ਸੰਸਥਾ ਦੀ ਪਰੰਪਰਾ ਦਾ ਬਿੰਬ ਵੀ ਹੈ। ਅਕਾਲ ਤਖ਼ਤ ਸਾਹਿਬ ਵਿੱਚ ਗੁਰੂ ਸਾਹਿਬਾਨ ਦੀ ਸ਼ਖ਼ਸੀਅਤ ਦਾ ਜਜ਼ਬਾ ਵਿਚਰਦਾ ਹੈ। ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗੁਰੂ ਖ਼ਾਲਸਾ ਪੰਥ ਦੇ 'ਗੁਰੂ ਜਜ਼ਬੇ' ਦੀ ਪ੍ਰਤੀਨਿਧਤਾ ਵੀ ਕਰਦੇ ਹਨ। ਉਹ ਸਰਬੱਤ ਦੇ ਭਲੇ, ਖ਼ਾਲਸਾ ਜੀ ਕੇ ਬੋਲ ਬਾਲਿਆਂ ਤੇ ਕੁਲ ਮਾਨਵ ਜਾਤੀ ਦੇ ਮੁੱਖ ਸਰੋਕਾਰਾਂ ਦੀ ਪੂਰਤੀ ਲਈ ਤੇ ਵਿਸ਼ਵ ਵਸ਼ਿਸ਼ਟਤਾ ਦੇ ਸਹਿਯੋਗ ਨਾਲ ਕਾਰਜ ਕਰਨ ਲਈ ਵਚਨਬੱਧ ਹਨ। ਅਕਾਲ ਤਖ਼ਤ ਸਾਹਿਬ ਨੇ ਗੁਰੂ ਸਾਹਿਬਾਨ ਵੱਲੋਂ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਦ੍ਰਿਸ਼ਟੀ ਨੂੰ ਇਸ ਦੇ ਪੂਰਨ ਜਜ਼ਬੇ ~~ਅਨੁਸਾਰ ਵਿਸ਼ਵ ਵਿੱਚ ਪ੍ਰਕਾਸ਼ਿਤ~~ ਕਰਨਾ ਹੈ। ਗੁਰੂ ਖ਼ਾਲਸਾ ਪੰਥ ਅਤੇ ਇਸ ਦੀਆਂ ਸੰਸਥਾਵਾਂ ਦੇ ਸਰਗਰਮ ਸਹਿਯੋਗ ਨਾਲ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਅਤੇ ਸਮੁੱਚੀ ਤਖ਼ਤ ਜਥੇਬੰਦੀ ਨੇ ਆਪਣੀ ਪੰਥਕ ਵਚਨਬੱਧਤਾ, ਯੋਗਤਾ ਤੇ ਦਿਬ-ਦ੍ਰਿਸ਼ਟੀ ਅਨੁਸਾਰ ਇਸ ਦੇ ਉਪਰੋਕਤ ਅਧਿਕਾਰ ਖੇਤਰ ਦੀ ਵਰਤੋਂ ਕਰਨੀ ਹੈ। ਜਦੋਂ ਵੀ ਕਿਸੇ ਜਥੇਦਾਰ ਨੂੰ ਉਨ੍ਹਾਂ ਦੇ ਕਾਰਜ ਤੋਂ ਪਹਿਲਾਂ ਸੇਵਾਮੁਕਤ ਕਰਨ ਦੀ ਸਥਿਤੀ ਪੈਦਾ ਹੋ ਜਾਵੇ ਤਾਂ ਪਹਿਲੀ ਹਾਲਤ ਵਿੱਚ ਉਨ੍ਹਾਂ ਨੂੰ ਆਪਣੇ ਆਪ ਅਸਤੀਫ਼ਾ ਦੇਣ ਲਈ ਪ੍ਰੇਰਿਆ ਜਾਵੇ। ਜੇ ਉਹ ਅਜਿਹਾ ਨਹੀਂ ਕਰਦੇ ਤਾਂ ਸ਼੍ਰੋਮਣੀ ਕਮੇਟੀ ਪਹਿਲਾਂ ਕੀਤੀ ਗਈ ਨਿਯੁਕਤੀ ਵਾਂਗ ਖ਼ਾਲਸਾ ਸੰਗਤ ਦਾ ਸੈਸ਼ਨ ਬੁਲਾਏ।

ਇਹ ਹਾਊਸ ਜਥੇਦਾਰ ਨੂੰ ਸੇਵਾ ਮੁਕਤ ਕਰਨ ਲਈ ਖੁੱਲ੍ਹੀ ਵਿਚਾਰ ਕਰੇ। ਇਹ ਹਾਊਸ ਇੱਕ ਪੰਜ ਮੈਂਬਰੀ ਮਹਾਂਦੋਸ਼ ਪੈਨਲ ਦਾ ਗਠਨ ਕਰੇ, ਜੋ ਸਬੰਧਿਤ ਜਥੇਦਾਰ ਸਾਹਿਬ ਉੱਤੇ ਮਹਾਂਦੋਸ਼ ਆਇਦ ਕਰੇ। ਜਥੇਦਾਰ ਸਾਹਿਬ ਇਸ ਮਹਾਂਦੋਸ਼ ਪੈਨਲ ਅੱਗੇ ਆਪਣੇ ਵਿਚਾਰ ਪੇਸ਼ ਕਰ ਸਕਦੇ ਹਨ। ਜਥੇਦਾਰ ਸਾਹਿਬ ਨੂੰ ਸੁਣਨ ਉਪਰੰਤ ਅਤੇ ਉਨ੍ਹਾਂ ਨੂੰ ਸੇਵਾਮੁਕਤ ਕਰਨ ਸਬੰਧੀ ਫ਼ੈਸਲਾ ਹਾਜ਼ਰ ਮੈਂਬਰਾਂ ਦੀ ਸਰਬਸੰਮਤੀ ਜਾਂ ਦੋ ਤਿਹਾਈ ਮਤ ਨਾਲ ਕੀਤਾ ਜਾਵੇ। ਅਹੁਦੇ ਤੋਂ ਸੇਵਾਮੁਕਤ ਹੋਣ ਉਪਰੰਤ ਜਥੇਦਾਰ ਆਪਣੇ ਕਾਰਜ ਕਾਲ ਦੌਰਾਨ ਦੇ ਭੇਤਾਂ ਨੂੰ ਗੁਪਤ ਰੱਖਣ ਦੇ ਪਾਬੰਦ ਹੋਣਗੇ। ਉਹ ਸੇਵਾ ਮੁਕਤੀ ਉਪਰੰਤ ਕਿਸੇ ਹੋਰ ਸੰਸਥਾ ਜਾਂ ਜਥੇਬੰਦੀ ਦੇ ਕਿਸੇ ਵੀ ਅਹੁਦੇ ਉੱਤੇ ਕੰਮ ਨਹੀਂ ਕਰ ਸਕਣਗੇ।

ਧਰਮ ਤੇ ਵਿਰਸਾ

# ਸਿੱਖ ਸੰਸਥਾਵਾਂ ਕਿਵੇਂ ਉਸਰੀਆਂ ?

**ਹਰਦੇਵ ਸਿੰਘ ਵਿਰਕ**



ਗੁਰੂ ਨਾਨਕ ਸਾਹਿਬ ਦੇ ਆਗਮਨ ਸਮੇਂ ਹਿੰਦੂ ਸਮਾਜ ਨਿਘਾਰ ਦੀ ਅਵਸਥਾ ਧਾਰਨੀ ਬਣ ਚੁੱਕਾ ਸੀ। ਗੁਰੂ ਨਾਨਕ ਬਾਣੀ ਵਿੱਚ ਇਸ ਦਾ ਉਲੇਖ ਮਿਲਦਾ ਹੈ :

ਖਤ੍ਰੀਆ ਤ ਧਰਮੁ
ਛੋਡਿਆ ਮਲੇਛ ਭਾਖਿਆ ਗਹੀ।।
(ਗੁਰੂ ਗ੍ਰੰਥ ਸਾਹਿਬ, ਪੰਨਾ 663)

ਮੁਗਲਾਂ ਦਾ ਦੌਰ ਗੁਰੂ ਨਾਨਕ ਸਾਹਿਬ ਦੇ ਸਮੇਂ ਹੀ ਸ਼ੁਰੂ ਹੁੰਦਾ ਹੈ ਜਿਸ ਬਾਰੇ ਗੁਰੂ ਨਾਨਕ ਬਾਣੀ ਸੰਕੇਤ ਕਰਦੀ ਹੈ :

ਪਾਪ ਕੀ ਜੰਞ ਲੈ ਕਾਬਲਹੁ ਧਾਇਆ
ਜੋਰੀ ਮੰਗੈ ਦਾਨੁ ਵੇ ਲਾਲੋ।।
(ਗੁਰੂ ਗ੍ਰੰਥ ਸਾਹਿਬ, ਪੰਨਾ 722)

ਪੰਦਰ੍ਹਵੀਂ-ਸੋਲ੍ਹਵੀਂ ਸਦੀ ਦਾ ਭਾਰਤ ਪੂਰੀ ਤਰ੍ਹਾਂ ਇਸਲਾਮ ਦੀ ਜਕੜ ਵਿੱਚ ਆ ਚੁੱਕਾ ਸੀ। ਪੰਜਾਬ ਦੀ ਰੂਹ ਜੁਗ-ਗਰਦੀ ਦੀ ਮਾਰ ਹੇਠ ਤੜਪ ਰਹੀ ਸੀ, ਜਿਸ ਦਾ ਉਲਾਂਭਾ ਗੁਰੂ ਜੀ ਵੱਲੋਂ ਰੱਬ ਨੂੰ ਦਿੱਤਾ ਗਿਆ। ਬਾਬੇ ਨਾਨਕ ਦਾ ਸਰੋਕਾਰ ਪੰਜਾਬ ਜਾਂ ਭਾਰਤ ਤੱਕ ਸੀਮਤ ਨਹੀਂ ਸੀ। ਭਾਈ ਗੁਰਦਾਸ ਦੇ ਕਥਨ ਅਨੁਸਾਰ ਸਾਰੀ ਧਰਤ ਲੋਕਾਈ ਹੀ ਤਰਾਸਦੀ ਭੋਗ ਰਹੀ ਸੀ, ਜਿਸ ਕਰਕੇ ਗੁਰੂ ਨਾਨਕ ਮਿਸ਼ਨ ਵਿਸ਼ਵ-ਵਿਆਪੀ ਰੂਪ ਧਾਰਨ ਕਰ ਗਿਆ:

ਚੜ੍ਹਿਆ ਸੋਧਣਿ ਧਰਤਿ ਲੁਕਾਈ
(ਭਾਈ ਗੁਰਦਾਸ ਦੀਆਂ ਵਾਰਾਂ,
ਵਾਰ 1, ਪਉੜੀ 24)

ਇਸ ਮਿਸ਼ਨ ਨੂੰ ਪੂਰਿਆਂ ਕਰਨ ਲਈ ਬਾਬੇ ਨਾਨਕ ਨੇ ਕਈ ਜੁਗਤਾਂ ਵਰਤੀਆਂ। ਭਾਰਤਵਰਸ਼ ਅਤੇ ਇਸ ਦੇ ਗੁਆਂਢੀ ਦੇਸਾਂ ਦਾ ਭ੍ਰਮਣ ਕੀਤਾ। ਭਾਈ ਗੁਰਦਾਸ ਅਨੁਸਾਰ :

ਉਦਾਸੀ ਕੀ ਰੀਤਿ ਚਲਾਈ।।
(ਵਾਰਾਂ ਭਾਈ ਗੁਰਦਾਸ, 1:24)

ਬਾਬੇ ਨਾਨਕ ਦੀਆਂ ਚਾਰ ਉਦਾਸੀਆਂ ਆਪਣੇ ਵਿਸ਼ਵ-ਵਿਆਪੀ ਮਿਸ਼ਨ ਪੂਰਤੀ ਲਈ ਸਨ। ਇਸ ਭ੍ਰਮਣ ਦੌਰਾਨ ਉਹ ਬਾਕੀ ਧਰਮਾਂ ਦੇ ਤੀਰਥ ਅਸਥਾਨ ਉੱਪਰ ਗਏ। ਹਿੰਦੂ ਧਰਮ ਦੇ ਵੱਖ-ਵੱਖ ਫਿਰਕਿਆਂ ਦੇ ਪੈਰੋਕਾਰਾਂ ਨੂੰ ਮਿਲੇ, ਮੁਸਲਮਾਨਾਂ ਦੇ ਗੜ੍ਹ-ਮੱਕੇ ਅਤੇ ਬਗ਼ਦਾਦ ਦੀ ਧਪਾਰੇ, ਸਿੱਧਾਂ ਨਾਲ ਗੋਸ਼ਟ ਕੀਤੀ। ਨਾਥਾਂ ਜੋਗੀਆਂ ਨਾਲ ਵਿਚਾਰ-ਵਟਾਂਦਰਾ ਕੀਤਾ ਅਤੇ ਸੂਫ਼ੀ ਫ਼ਕੀਰਾਂ ਨਾਲ ਗੁਫ਼ਤਗੂ ਕੀਤੀ। ਇਸ ਬਾਰੇ ਭਾਈ ਗੁਰਦਾਸ ਦੀਆਂ ਵਾਰਾਂ, ਜਨਮ-ਸਾਖੀਆਂ ਅਤੇ ਸਿੱਖ ਇਤਿਹਾਸ ਵਿੱਚ ਪੂਰਾ ਵੇਰਵਾ ਦਰਜ ਹੈ ਅਤੇ ਗੁਰੂ ਨਾਨਕ ਬਾਣੀ ਵਿੱਚ ਵੀ ਕੁਝ ਉਲੇਖ ਮਿਲਦਾ ਹੈ।

**ਸਿੱਖ ਸੰਸਥਾਵਾਂ ਦਾ ਉਦਭਵ**

ਗੁਰੂ ਨਾਨਕ ਬਾਣੀ ਵਿੱਚ ਸਿੱਖ ਸੰਸਥਾਵਾਂ ਦੇ ਉਦਭਵ ਦੀ ਝਾਕੀ ਪ੍ਰਾਪਤ ਹੋ ਜਾਂਦੀ ਹੈ। ਗੁਰੂ ਸਾਹਿਬ ਨੇ ਆਪਣੀਆਂ ਉਦਾਸੀਆਂ ਦੌਰਾਨ ਅਤੇ ਉਪਰੰਤ ਕਰਤਾਰਪੁਰ ਵਿੱਚ ਵਿਚਰਦੇ ਹੋਏ ਸਿੱਖ ਮਿਸ਼ਨ ਦੇ ਸੰਕਲਪ ਨੂੰ ਅਮਲੀ ਜਾਮਾ ਪਹਿਨਾਇਆ। ਇੱਥੇ ਕੁਝ ਕੁ ਸਿੱਖ ਸੰਸਥਾਵਾਂ ਦਾ ਉਲੇਖ ਕੀਤਾ ਗਿਆ ਹੈ।

(ੳ) ਸ਼ਬਦ-ਗੁਰੂ ਦੀ ਸਥਾਪਨਾ : ਗੁਰੂ ਸਾਹਿਬ ਨੇ ਸ਼ਬਦ-ਗੁਰੂ ਦੇ ਸਿਧਾਂਤ ਨੂੰ ਸਥਾਪਿਤ ਕੀਤਾ। ਦੇਹਧਾਰੀ ਗੁਰੂਆਂ ਦੀ ਬਜਾਏ ਸ਼ਬਦ-ਗੁਰੂ ਦਾ ਸਿਧਾਂਤ ਦ੍ਰਿੜ ਕਰਵਾਇਆ। ਸਿੱਧ ਗੋਸ਼ਟਿ ਵਿੱਚ ਅਤੇ ਹੋਰ ਕਈ ਥਾਂ ਗੁਰੂ ਨਾਨਕ ਬਾਣੀ ਸ਼ਬਦ-ਗੁਰੂ ਦੀ ਮਹੱਤਾ ਦਰਸਾਉਂਦੀ :

ਪ੍ਰਸ਼ਨ : ਕਵਣ ਮੂਲੁ ਕਵਣ ਮਤਿ ਵੇਲਾ।।
ਤੇਰਾ ਕਵਣੁ ਗੁਰੂ ਜਿਸ ਕਾ ਤੂ ਚੇਲਾ।।
ਉੱਤਰ-ਪਵਨ ਅਰੰਭੁ ਸਤਿਗੁਰ ਮਤਿ ਵੇਲਾ।।
ਸਬਦ ਗੁਰੂ ਸੁਰਤਿ ਧੁਨਿ ਚੇਲਾ।।
(ਗੁਰੂ ਗ੍ਰੰਥ ਸਾਹਿਬ, ਪੰਨੇ 942-943)

ਗੁਰਬਾਣੀ ਵਿੱਚ ਬਾਣੀ ਅਤੇ ਸ਼ਬਦ ਸਮਾਨੰਤਰ ਭਾਵਾਂ ਵਿੱਚ ਵਰਤੇ ਗਏ ਹਨ। ਬਾਣੀ ਦਾ ਸ੍ਰੋਤ ਅਕਾਲ ਪੁਰਖ ਆਪ ਹੈ ਤੇ ਸ਼ਬਦ (ਨਾਮ) ਦੀ ਕਮਾਈ ਰਾਹੀਂ ਸਿੱਖ ਸਾਧਕ ਅਕਾਲ ਪੁਰਖ ਵਿੱਚ ਅਭੇਦ ਹੋ ਸਕਦਾ ਹੈ :

ਜੈਸੀ ਮੈ ਆਵੈ ਖਸਮ ਕੀ ਬਾਣੀ
ਤੈਸੜਾ ਕਰੀ ਗਿਆਨੁ ਵੇ ਲਾਲੋ।।
(ਗੁਰੂ ਗ੍ਰੰਥ ਸਾਹਿਬ, ਪੰਨਾ 722)

ਸਿੱਖ ਮਿਸ਼ਨ ਦਾ ਕੇਂਦਰੀ ਧੁਰਾ ਸ਼ਬਦ-ਗੁਰੂ ਦਾ ਸਿਧਾਂਤ ਹੀ ਹੈ। ਗੁਰੂ ਨਾਨਕ ਸਾਹਿਬ ਦੇ ਉਤਰ-ਅਧਿਕਾਰੀ ਹੋਰ ਸਿੱਖ ਸੰਸਥਾਵਾਂ ਨੂੰ ਉਭਾਰਦੇ ਰਹੇ, ਪਰੰਤੂ ਹਮੇਸ਼ਾਂ ਸ਼ਬਦ-ਗੁਰੂ ਦੇ ਸਿਧਾਂਤ ਨੂੰ ਆਪਣੀ ਬਾਣੀ ਵਿੱਚ ਪ੍ਰਪੱਕ ਕਰਵਾਉਂਦੇ ਹੋ। ਗੁਰੂ ਗੋਬਿੰਦ ਸਿੰਘ ਤਾਂ ਗੁਰਗੱਦੀ ਹੀ ਸ਼ਬਦ-ਗੁਰੂ ਦੇ ਸੋਮੇ ਗੁਰੂ ਗ੍ਰੰਥ ਸਾਹਿਬ ਨੂੰ ਦੇ ਗਏ ਅਤੇ ਸਦੀਵ ਕਾਲ ਲਈ ਸ਼ਬਦ-ਗੁਰੂ ਨੂੰ ਵਿਸ਼ਵ ਵਿਆਪੀ ਪੱਧਰ 'ਤੇ ਸਥਾਪਿਤ ਕਰ ਗਏ। ਗੁਰੂ ਅਮਰਦਾਸ ਜੀ ਦਾ ਕਥਨ ਹੈ :

ਬਾਣੀ ਗੁਰੂ ਗੁਰੂ ਹੈ ਬਾਣੀ
ਵਿਚਿ ਬਾਣੀ ਅੰਮ੍ਰਿਤੁ ਸਾਰੇ।।
ਗੁਰੁ ਬਾਣੀ ਕਹੈ ਸੇਵਕੁ ਮਾਨੈ
ਪਰਤਖਿ ਗੁਰੂ ਨਿਸਤਾਰੇ।।
(ਗੁਰੂ ਗ੍ਰੰਥ ਸਾਹਿਬ, ਪੰਨਾ 982)

(ਅ) ਸਿੱਖ ਸੰਗਤ ਦੀ ਸਥਾਪਨਾ-ਗੁਰੂ ਨਾਨਕ ਸਾਹਿਬ ਨੇ ਉਦਾਸੀਆਂ ਸੰਪੂਰਨ ਕਰਨ ਉਪਰੰਤ ਕਰਤਾਰਪੁਰ ਵਿੱਚ ਪਹਿਲਾ ਸਿੱਖ ਅਦਾਰਾ (ਕਮਿਊਨ) ਸਥਾਪਿਤ ਕੀਤਾ। ਭਾਈ ਗੁਰਦਾਸ ਦੇ ਕਥਨ ਅਨੁਸਾਰ :

ਫਿਰਿ ਬਾਬਾ ਆਇਆ ਕਰਤਾਰਪੁਰਿ
ਭੇਖ ਉਦਾਸੀ ਸਗਲ ਉਤਾਰਾ।।
ਪਹਿਰ ਸੰਸਾਰੀ ਕਪੜੇ
ਮੰਜੀ ਬੈਠਿ ਕੀਆ ਅਵਤਾਰਾ।।
..........
ਬਾਣੀ ਮੁਖਹੁ ਉਚਾਰੀਐ
ਹੁਇ ਰੁਸਨਾਈ ਮਿਟੈ ਅੰਧਾਰਾ।।
ਸੋਦਰੁ ਆਰਤੀ ਗਾਵੀਐ
ਅੰਮ੍ਰਿਤ ਵੇਲੇ ਜਾਪੁ ਉਚਾਰਾ।।
(ਵਾਰਾਂ ਭਾਈ ਗੁਰਦਾਸ, 1:38)

ਕਰਤਾਰਪੁਰ ਰਾਵੀ ਦੇ ਕੰਢੇ ਵਸਾਇਆ ਪਹਿਲਾ ਸਿੱਖ ਅਦਾਰਾ ਸੀ ਜਿੱਥੇ ਗੁਰੂ ਨਾਨਕ ਸਾਹਿਬ ਨੇ ਆਪਣੇ ਸਿੱਖ ਸਿਧਾਂਤ ਨੂੰ ਅਮਲੀ ਜਾਮਾਨ ਪਹਿਨਾਇਆ। ਗੁਰੂ ਸਾਹਿਬ ਨੇ ਸਿੱਖ ਸੰਗਤ ਦੀ ਸਥਾਪਨਾ ਕੀਤੀ। ਅੰਮ੍ਰਿਤ ਵੇਲੇ 'ਅਨਹਦ ਸ਼ਬਦ' ਦਾ ਗਾਇਨ ਕੀਰਤਨ ਰਾਹੀਂ ਹੁੰਦਾ। ਪੰਗਤ ਵਿੱਚ ਬੈਠ ਕੇ ਲੰਗਰ ਦੀ ਪ੍ਰਥਾ ਚਾਲੂ ਕੀਤੀ। ਬਗ਼ੈਰ ਕਿਸੇ ਉਚ-ਨੀਚ ਦੇ ਸਿੱਖ ਸੰਗਤ ਅਤੇ ਪੰਗਤ ਦਾ ਸਿਧਾਂਤ ਦ੍ਰਿੜ ਕਰਵਾਇਆ। ਗੁਰੂ ਸਾਹਿਬ ਆਪ ਖੇਤੀ ਕਰਕੇ ਲੰਗਰ ਲਈ ਰਸਦ ਪਾਣੀ ਦਾ ਪ੍ਰਬੰਧ ਕਰਦੇ ਸਨ। ਇਸ ਤਰ੍ਹਾਂ ਸਿੱਖ ਮਿਸ਼ਨ ਦੇ ਪ੍ਰਮੁੱਖ ਸਿਧਾਂਤ ਕਿਰਤ ਕਰੋ, ਵੰਡ ਛਕੋ ਅਤੇ ਨਾਮ ਜਪੋ ਦੀ ਪਰੰਪਰਾ ਪ੍ਰਚੱਲਿਤ ਹੋਈ।

(ੲ) ਸਿੱਖ ਧਰਮਸ਼ਾਲ ਦੀ ਸਥਾਪਨਾ : ਗੁਰੂ ਸਾਹਿਬ ਸਿੱਖ ਸਮਾਜ ਦੀ ਘਾੜਤ ਲਈ ਪੂਰਨੇ ਪਾ ਗਏ। ਸਿੱਖ ਸੰਗਤ ਅਤੇ ਪੰਗਤ ਦੇ ਸਿਧਾਂਤ ਦੀ ਦ੍ਰਿੜਤਾ ਲਈ ਜ਼ਰੂਰੀ ਸੀ ਕਿ ਸਿੱਖ ਧਰਮਸ਼ਾਲ ਦੀ ਸਥਾਪਨਾ ਕੀਤੀ ਜਾਂਦੀ। ਗੁਰੂ ਸਾਹਿਬ ਦੇ ਜੀਵਨ ਕਾਲ ਵਿੱਚ ਹੀ ਸਿੱਖੀ ਦਾ ਘੇਰਾ ਭਾਰਤ ਦੇ ਕੋਨੇ-ਕੋਨੇ ਵਿੱਚ ਤਾਂ ਫੈਲ ਚੁੱਕਾ ਸੀ। ਬਲਕਿ ਲੰਕਾ, ਅਫਗਾਨਿਸਤਾਨ, ਅਰਬ, ਈਰਾਕ ਅਤੇ ਤਿੱਬਤ-ਚੀਨ ਦੇ ਦੂਰ-ਦੁਰਾਡੇ ਦੇਸਾਂ ਵਿੱਚ ਹੀ ਗੁਰੂ ਨਾਨਕ ਨਾਮਲੇਵਾ ਸਿੱਖ ਮੌਜੂਦ ਸਨ। ਕਰਤਾਰਪੁਰ ਵਿੱਚ ਪਹਿਲੀ ਸਿੱਖ ਧਰਮਸ਼ਾਲ ਕਾਇਮ ਹੋਈ। ਜਾਪਦਾ ਹੈ ਬਾਕੀ ਥਾਵਾਂ ਉੱਪਰ ਵੀ ਸਿੱਖ ਸੰਗਤਾਂ ਨੇ ਆਪਣੀ ਸਹੂਲਤ ਲਈ ਧਰਮਸ਼ਾਲਾਵਾਂ ਕਾਇਮ ਕੀਤੀਆਂ ਹੋਣਗੀਆਂ। ਗੁਰੂ ਅਮਰਦਾਸ ਜੀ ਨੇ ਸਿੱਖੀ ਦੇ ਪ੍ਰਚਾਰ ਖ਼ਾਤਰ 22 ਮੰਜੀਆਂ ਸਥਾਪਿਤ ਕੀਤੀਆਂ ਅਤੇ ਗੁਰੂ ਨਾਨਕ ਨਾਮਲੇਵਾ ਸਿੱਖਾਂ ਨੂੰ ਸ਼ਬਦ ਗੁਰੂ ਦੇ ਸਿਧਾਂਤ ਨਾਲ ਜੋੜੀ ਰੱਖਿਆ। ਅਫ਼ਸੋਸ ਹੈ ਕਿ ਸਿੱਖ ਸੰਗਤ ਤਾਂ ਹੁਣ ਵਿਸ਼ਵ-ਵਿਆਪੀ ਪੱਧਰ 'ਤੇ ਫੈਲ ਚੁੱਕੀ ਹੈ, ਪਰੰਤੂ ਸ਼ਬਦ ਗੁਰੂ ਦਾ ਸਿਧਾਂਤ ਅਜੇ ਵਿਸ਼ਵ-ਵਿਆਪੀ ਨਹੀਂ ਹੋਇਆ।

ਪ੍ਰੋ. ਪੂਰਨ ਸਿੰਘ ਦੇ ਸ਼ਬਦਾਂ ਵਿੱਚ ਗੁਰੂ ਨਾਨਕ ਸਾਹਿਬ ਤਾਂ ਦੁਨੀਆਂ ਭਰ ਦੇ ਸਾਰੇ ਪੀਰ ਪੈਗ਼ੰਬਰਾਂ ਨੂੰ ਆਪਣੇ ਵਿੱਚ ਸਮੋ ਲੈਂਦੇ ਹਨ ਅਤੇ ਗੁਰੂ ਨਾਨਕ-ਗੁਰੂ ਗੋਬਿੰਦ ਸਿੰਘ ਮਿਸ਼ਨ ਵਿੱਚ ਹੀ ਮਨੁੱਖਤਾ ਦਾ ਕਲਿਆਣ ਹੈ।

# ਤੀਹਰੇ ਤਲਾਕ ਵਾਲੇ ਅਮਲ ਨੂੰ ਨਾਜਾਇਜ਼ ਕਰਾਰ ਦੇਣ ਬਾਰੇ ਸਰਬਉੱਚ ਅਦਾਲਤ ਦਾ ਫ਼ੈਸਲਾ ਸੀ ਇਤਿਹਾਸਕ

### *ਪੀੜਤਾ ਸਾਇਰਾ ਬਾਨੋ ਅਤੇ ਹੋਰ ਮੁਸਲਿਮ ਔਰਤ ਗਰੁੱਪਾਂ ਦੇ ਸੰਘਰਸ਼ ਦੀ ਸਫ਼ਲਤਾ ਸੀ ਇਹ ਪ੍ਰਾਪਤੀ*

**ਰਾਮ ਪੁਨਿਆਨੀ**





ਕੁਝ ਮਹੀਨੇ ਪਹਿਲਾਂ ਸਰਬਉੱਚ ਅਦਾਲਤ ਨੇ ਇਕ ਇਤਿਹਾਸਕ ਫ਼ੈਸਲਾ ਸੁਣਾਉਂਦਿਆਂ ਤੀਹਰੇ ਤਲਾਕ ਦੇ ਇਕਦਮ ਤਲਾਕ ਲੈਣ ਵਾਲੇ ਅਮਲ ਨੂੰ ਨਾਜਾਇਜ਼ ਕਰਾਰ ਦੇ ਦਿੱਤਾ ਸੀ। ਇਹ ਫ਼ੈਸਲਾ ਦਿੰਦਿਆਂ ਸਰਬਉੱਚ ਅਦਾਲਤ ਨੇ ਸੰਵਿਧਾਨ ਦੀਆਂ ਬਰਾਬਰਤਾ ਦੀਆਂ ਕਦਰਾਂ-ਕੀਮਤਾਂ ਨੂੰ ਉਭਾਰਿਆ ਸੀ। ਇਹ ਫ਼ੈਸਲਾ ਬੜੇ ਵੱਡੇ ਮਹੱਤਵ ਦਾ ਧਾਰਨੀ ਸੀ ਕਿਉਂਕਿ ਇਸ ਨੇ ਮੁਸਲਿਮ ਔਰਤਾਂ ਦੇ ਵੱਖ-ਵੱਖ ਸਮੂਹਾਂ ਵਲੋਂ ਇਸ ਸਬੰਧੀ ਕੀਤੀ ਜਾ ਰਹੀ ਮੰਗ ਨੂੰ ਸਹੀ ਮੰਨਿਆ ਸੀ। ਇਹ ਫ਼ੈਸਲਾ ਤੀਹਰੇ ਤਲਾਕ ਦੇ ਅਮਲ ਦੀ ਇਕ ਪੀੜਤਾ ਸਾਇਰਾ ਬਾਨੋ ਅਤੇ ਹੋਰ ਮੁਸਲਿਮ ਔਰਤ ਗਰੁੱਪਾਂ ਵਲੋਂ ਪਾਈ ਗਈ ਪਟੀਸ਼ਨ ਦੇ ਜਵਾਬ ਵਿਚ ਸੁਣਾਇਆ ਗਿਆ ਸੀ। ਅਦਾਲਤ ਨੇ ਇਸ ਮੁੱਦੇ ਸਬੰਧੀ ਸਰਕਾਰ ਨੂੰ ਹਲਫ਼ਨਾਮਾ ਦਾਇਰ ਕਰਨ ਲਈ ਕਿਹਾ ਸੀ। ਸਰਕਾਰ ਨੇ ਆਪਣਾ ਜਵਾਬ ਦਾਇਰ ਕਰਦਿਆਂ ਤੀਹਰੇ ਤਲਾਕ, ਨਿਕਾਹ ਹਲਾਲਾ ਅਤੇ ਬਹੁਵਿਆਹ ਪ੍ਰਥਾ ਨੂੰ ਇਹ ਕਹਿ ਕੇ ਖ਼ਤਮ ਕਰਨ ਦੀ ਮੰਗ ਕੀਤੀ ਸੀ ਕਿ ਇਹ ਪਰੰਪਰਾਵਾਂ ਲਿੰਗੀ ਬਰਾਬਰਤਾ ਦੇ ਖਿਲਾਫ਼ ਹਨ। ਦਿਲਚਸਪੀ ਵਾਲੀ ਗੱਲ ਇਹ ਹੈ ਕਿ ਭਾਜਪਾ ਦੇ ਬਹੁਤ ਸਾਰੇ ਆਗੂਆਂ ਤੇ ਮੰਤਰੀਆਂ ਨੇ ਇਸ ਫ਼ੈਸਲੇ ਦਾ ਸਿਹਰਾ ਭਾਜਪਾ ਨੂੰ ਦੇਣਾ ਚਾਹਿਆ, ਜਿਵੇਂ ਕਿ ਭਾਜਪਾ ਹੀ ਮੁਸਲਿਮ ਔਰਤਾਂ ਦੇ ਹੱਕਾਂ ਦੀ ਰਾਖੀ ਕਰਨ ਵਾਲੀ ਧਿਰ ਹੋਵੇ। ਉਨ੍ਹਾਂ ਨੇ ਇੰਜ ਵੀ ਦਰਸਾਉਣਾ ਚਾਹਿਆ ਜਿਵੇਂ ਮੁਸਲਿਮ ਔਰਤਾਂ ਦੀ ਲੀਡਰਸ਼ਿਪ ਇਸ ਮੁੱਦੇ 'ਤੇ ਸੱਜੇ-ਪੱਖੀ ਭਾਜਪਾ ਸਰਕਾਰ ਦੇ ਨਾਲ ਮਿਲ ਕੇ ਚੱਲ ਰਹੀ ਹੋਵੇ।

ਮੁਸਲਿਮ ਔਰਤਾਂ ਨੇ ਇਨ੍ਹਾਂ ਦਾਅਵਿਆਂ ਦਾ ਖੰਡਨ ਕੀਤਾ ਅਤੇ ਕਿਹਾ ਕਿ ਉਨ੍ਹਾਂ ਦੇ ਆਪਣੇ ਯਤਨਾਂ ਨਾਲ ਹੀ ਇਹ ਫ਼ੈਸਲਾ ਆ ਸਕਿਆ ਹੈ। ਉਨ੍ਹਾਂ ਕਿਹਾ ਕਿ ਸੁਬਰਾਮਨੀਅਮ ਸਵਾਮੀ ਵਰਗਿਆਂ ਦੇ ਅਜਿਹੇ ਬਿਆਨ ਵੀ ਤੱਥਾਂ ਤੋਂ ਉਲਟ ਹਨ ਕਿ ਭਾਜਪਾ ਨੂੰ ਇਸ ਕਰਕੇ ਹੀ ਉੱਤਰ ਪ੍ਰਦੇਸ਼ ਚੋਣਾਂ ਵਿਚ ਜਿੱਤ ਮਿਲੀ ਹੈ, ਕਿਉਂਕਿ ਮੁਸਲਿਮ ਔਰਤਾਂ ਦਾ ਮੰਨਣਾ ਸੀ ਕਿ ਸਿਰਫ ਭਾਜਪਾ ਹੀ ਉਨ੍ਹਾਂ ਨੂੰ ਤੀਹਰੇ ਤਲਾਕ ਤੋਂ ਮੁਕਤੀ ਦਿਵਾ ਸਕਦੀ ਹੈ।

ਕੁੱਲ ਮਿਲਾ ਕੇ ਕਿਹਾ ਜਾ ਸਕਦਾ ਹੈ ਕਿ ਅਜਿਹੇ ਬਿਆਨਾਂ ਜਾਂ ਪ੍ਰਧਾਨ ਮੰਤਰੀ ਦੇ ਇਸ ਬਿਆਨ ਕਿ ਉਨ੍ਹਾਂ ਦੀ ਸਰਕਾਰ ਮੁਸਲਿਮ ਔਰਤਾਂ ਦੇ ਹੱਕਾਂ ਲਈ ਪ੍ਰਤੀਬੱਧ ਹੈ, ਦਾ ਅਸਲ ਵਿਚ ਕੋਈ ਬਹੁਤਾ ਮਤਲਬ ਨਹੀਂ। ਭਾਜਪਾ ਦੀ ਲੀਡਰਸ਼ਿਪ ਦੇ ਅਜਿਹੇ ਬਿਆਨ ਸਿਰਫ ਮੌਕੇ ਮੁਤਾਬਿਕ ਅਤੇ ਚੋਣਾਵੀ ਲਾਹਿਆਂ ਵੱਲ ਹੀ ਸੇਧਿਤ ਸਨ। ਮੁਸਲਿਮ ਔਰਤਾਂ ਦੇ ਅਧਿਕਾਰਾਂ ਲਈ ਕੰਮ ਕਰਨ ਵਾਲੀਆਂ ਕਾਰਕੁੰਨਾਂ ਨੇ ਵੀ ਭਾਜਪਾ ਆਗੂਆਂ ਦੇ ਅਜਿਹੇ ਬਿਆਨਾਂ ਅਤੇ ਸਰਬਉੱਚ ਅਦਾਲਤ ਦੇ ਫ਼ੈਸਲੇ ਨੂੰ ਭਾਜਪਾ ਦੀ ਸਿਆਸੀ ਜਿੱਤ ਵਜੋਂ ਪੇਸ਼ ਕਰਨ ਦੇ ਯਤਨਾਂ ਦੀ ਨਿੰਦਾ ਕੀਤੀ ਹੈ।

ਉਂਜ ਇਹ ਗੱਲ ਸਹੀ ਹੈ ਕਿ ਸੰਘ-ਭਾਜਪਾ ਦੇ ਕਈ ਆਗੂ ਮੁਸਲਿਮ ਔਰਤਾਂ ਦੀ ਸਥਿਤੀ ਬਾਰੇ, ਖ਼ਾਸ ਕਰਕੇ ਮੁਸਲਿਮ ਪਰਸਨਲ ਕਾਨੂੰਨਾਂ ਦੇ ਔਰਤਾਂ 'ਤੇ ਬੁਰੇ ਪ੍ਰਭਾਵ ਬਾਰੇ ਮਗਰਮੱਛ ਦੇ ਅੱਥਰੂ ਜ਼ਰੂਰ ਵਹਾਉਂਦੇ ਰਹੇ ਹਨ। ਪਰ ਮੁਸਲਿਮ ਔਰਤਾਂ ਦੀ ਸਥਿਤੀ ਨੂੰ ਸੁਧਾਰਨ ਲਈ ਉਨ੍ਹਾਂ ਨੇ ਸਮਾਜਿਕ ਜਾਂ ਕਾਨੂੰਨੀ ਤੌਰ 'ਤੇ ਕੋਈ ਵੀ ਅਮਲੀ ਯਤਨ ਨਹੀਂ ਕੀਤੇ। ਉਲਟਾ ਸਗੋਂ ਉਨ੍ਹਾਂ ਦੀ ਰਾਜਨੀਤੀ ਸਮੁੱਚੇ ਮੁਸਲਮਾਨਾਂ ਲਈ ਸੰਤਾਪ ਵਾਲੇ ਪ੍ਰਭਾਵ ਜ਼ਰੂਰ ਪੈਦਾ ਕਰਦੀ ਰਹੀ ਹੈ, ਜਿਸ ਦਾ ਕਿ ਮੁਸਲਿਮ ਔਰਤਾਂ ਵੀ ਹਿੱਸਾ ਹਨ। ਸਾਇਰਾ ਬਾਨੋ ਵਰਗੀਆਂ ਔਰਤਾਂ ਅਤੇ ਮੁਸਲਿਮ ਔਰਤਾਂ ਦੀਆਂ ਜਥੇਬੰਦੀਆਂ ਹੀ ਅਸਲ ਵਿਚ ਸਾਰੀਆਂ ਉਲਟ ਸਥਿਤੀਆਂ ਨੂੰ ਮਾਤ ਦਿੰਦਿਆਂ ਅਦਾਲਤ ਤੱਕ ਪਹੁੰਚੀਆਂ ਅਤੇ ਭਾਰਤੀ ਸੰਵਿਧਾਨ ਦੀ ਭਾਵਨਾ ਦੀ ਖਿਲਾਫ਼ਤ ਕਰਨ ਵਾਲੇ ਇਸ ਅਮਲ ਨੂੰ ਰੱਦ ਕਰਵਾਇਆ।

ਇਸਲਾਮਕ ਵਿਹਾਰ ਮੁਤਾਬਿਕ ਤੀਹਰੇ ਤਲਾਕ ਦੀ ਪ੍ਰਕਿਰਿਆ ਦਾ ਜੋ ਸੰਕਲਪ ਹੈ, ਉਸ ਵਿਚ ਕਈ ਹੱਦਬੰਦੀਆਂ ਸਨ। ਤਲਾਕ ਕਹਿਣ ਦੇ ਸਮੇਂ ਬਾਰੇ ਜਾਂ ਲੋੜੀਂਦੇ ਵਕਫ਼ੇ ਨੂੰ ਚੰਗੀ ਤਰ੍ਹਾਂ ਪਰਿਭਾਸ਼ਤ ਵੀ ਕੀਤਾ ਗਿਆ ਸੀ। ਪਰ ਸਮੇਂ ਨਾਲ ਇਸ ਨੂੰ ਤੋੜ-ਮਰੋੜ ਲਿਆ ਗਿਆ। ਅਜਿਹਾ ਆਪਣੀਆਂ ਬੀਵੀਆਂ ਤੋਂ ਛੁਟਕਾਰਾ ਪਾਉਣ ਦੇ ਚਾਹਵਾਨ ਮਰਦਾਂ ਵਲੋਂ ਕੁਝ ਮੌਲਾਨਿਆਂ ਦੀ ਮਦਦ ਨਾਲ ਕੀਤਾ ਗਿਆ। ਐਸ.ਐਮ.ਐਸ. ਜਾਂ ਵਟਸਐਪ ਵਰਗੇ ਸਾਧਨਾਂ ਰਾਹੀਂ ਵੀ ਤਲਾਕ ਲਏ ਜਾਣ ਲੱਗੇ। ਜਾਗਰੂਕ ਮੁਸਲਿਮ ਮਰਦਾਂ ਅਤੇ ਮੁਸਲਿਮ ਔਰਤਾਂ ਦੀ ਇਕ ਵੱਡੀ ਗਿਣਤੀ ਇਸ ਅਮਲ ਨੂੰ ਸਮਾਜਿਕ ਅਤੇ ਕਾਨੂੰਨੀ ਸੁਧਾਰਾਂ ਰਾਹੀਂ ਖ਼ਤਮ ਕਰਨ ਦੀ ਗੱਲ ਲੰਮੇ ਸਮੇਂ ਤੋਂ ਕਰਦੀ ਆ ਰਹੀ ਸੀ।

ਭਾਰਤ ਵਿਚ ਸਮਾਜ ਸੁਧਾਰਕ ਹਮੀਦ ਦਲਵਈ ਇਸ ਖਿਲਾਫ਼ ਆਵਾਜ਼ ਉਠਾਉਣ ਵਾਲੇ ਪਹਿਲੇ ਲੋਕਾਂ ਵਿਚੋਂ ਸਨ। ਪੰਜਾਹ ਵਰ੍ਹੇ ਪਹਿਲਾਂ ਇਨਕਲਾਬੀ ਸੁਧਾਰਕ ਹਮੀਦ ਦਲਵਈ ਨੇ ਤੀਹਰੇ ਤਲਾਕ ਦੇ ਅਮਲ ਖਿਲਾਫ਼ ਮੁੰਬਈ (ਉਦੋਂ ਬੰਬੇ) ਵਿਚ ਪਹਿਲੇ ਸੜਕੀ ਰੋਸ ਵਿਖਾਵੇ ਦੀ ਅਗਵਾਈ ਕੀਤੀ ਸੀ। ਇਸ ਵਿਖਾਵੇ ਵਿਚ ਉਦੋਂ ਸਿਰਫ 7 ਮੁਸਲਿਮ ਔਰਤਾਂ ਸ਼ਾਮਿਲ ਹੋਈਆਂ ਸਨ। ਉਸ ਦੇ ਛੋਟੇ ਭਰਾ ਹੁਸੈਨ ਦਲਵਈ ਨੇ ਕਾਂਗਰਸੀ ਸੰਸਦ ਮੈਂਬਰ ਵਜੋਂ 2016 ਵਿਚ ਰਾਜ ਸਭਾ ਵਿਚ ਮੁਸਲਿਮ ਵਿਆਹ ਕਾਨੂੰਨਾਂ ਵਿਚ ਸੁਧਾਰ ਲਈ ਇਕ ਪ੍ਰਾਈਵੇਟ ਮੈਂਬਰ ਬਿੱਲ ਵੀ ਲਿਆਂਦਾ ਸੀ। ਇਹ ਬਿੱਲ ਅਜੇ ਲਟਕ ਰਿਹਾ ਹੈ। ਤੀਹਰੇ ਤਲਾਕ ਨੂੰ 'ਮੁਸਲਿਮ ਪਰਸਨਲ ਲਾਅ' ਦਾ ਹਿੱਸਾ ਹੋਣ ਕਰਕੇ ਜਾਇਜ਼ਤਾ ਹਾਸਲ ਹੈ। ਹਿੰਦੂ, ਇਸਾਈ ਅਤੇ ਮੁਸਲਿਮ ਪਰਸਨਲ ਲਾਅ ਵੱਖ-ਵੱਖ ਹਨ ਅਤੇ ਇਨ੍ਹਾਂ ਨੂੰ ਕਾਨੂੰਨੀ ਜਾਇਜ਼ਤਾ ਹਾਸਲ ਹੈ। ਬਰਤਾਨਵੀ ਪ੍ਰਸ਼ਾਸਕਾਂ ਹੇਠਲੇ ਪਰਸਨਲ ਕਾਨੂੰਨ ਵੱਖ-ਵੱਖ ਸਰੋਤਾਂ ਤੋਂ ਆਏ ਸਨ। ਇਨ੍ਹਾਂ ਤੋਂ ਉਸ ਸਮੇਂ ਦਾ ਲਿੰਗੀ ਵਿਤਕਰਾ ਜ਼ਾਹਰ ਹੁੰਦਾ ਸੀ, ਕਿਉਂਕਿ ਉਸ ਸਮੇਂ 'ਧਰਮ' ਦੇ ਵਿਆਖਿਆਕਾਰ ਬਹੁਤਾ ਕਰਕੇ ਮਰਦ ਹੀ ਸਨ। ਪਿਛਾਂਹਖਿੱਚੂ ਰਿਵਾਇਤਾਂ ਵਿਚ ਸੁਧਾਰ ਦੀ ਪ੍ਰਕਿਰਿਆ ਵੀ ਬਰਤਾਨਵੀ ਰਾਜ ਦੌਰਾਨ ਸ਼ੁਰੂ ਹੋਈ ਸੀ। ਸੁਧਾਰਕਾਂ ਨੇ ਸਤੀ ਅਤੇ ਬਾਲ ਵਿਆਹ ਵਰਗੀਆਂ ਪ੍ਰਥਾਵਾਂ ਨੂੰ ਖ਼ਤਮ ਕਰਨ ਲਈ ਸੰਘਰਸ਼ ਕੀਤਾ। ਸਮਾਜ ਦੇ ਰੂੜ੍ਹੀਵਾਦੀ ਵਰਗਾਂ ਨੇ ਇਨ੍ਹਾਂ ਸੁਧਾਰਾਂ ਦਾ ਵਿਰੋਧ ਕੀਤਾ ਅਤੇ ਕਿਹਾ ਕਿ 'ਧਰਮ' ਦੀ ਰਾਖੀ ਲਈ ਅਜਿਹੀਆਂ ਰਵਾਇਤਾਂ ਬਰਕਰਾਰ ਰੱਖਣੀਆਂ ਜ਼ਰੂਰੀ ਹਨ।

ਇਨ੍ਹਾਂ ਰਵਾਇਤਾਂ ਨੂੰ ਬਦਲਣ ਵਾਲੇ ਕਾਨੂੰਨ ਬਰਤਾਨਵੀ ਸਮੇਂ ਵਿਚ ਬਣਾਏ ਗਏ ਸਨ ਅਤੇ ਸੁਤੰਤਰ ਭਾਰਤ ਵਿਚ ਵੀ ਜਾਰੀ ਰਹੇ। ਸੁਤੰਤਰਤਾ ਤੋਂ ਬਾਅਦ ਪੰਡਿਤ ਨਹਿਰੂ ਨੇ ਸਮਾਜਿਕ ਸੁਧਾਰਾਂ ਦੀ ਬੇੜੀ ਨੂੰ ਅਗਾਂਹ ਤੋਰਿਆ। ਅੰਬੇਡਕਰ ਨੇ ਹਿੰਦੂ ਕੋਡ ਬਿੱਲ ਦਾ ਖਰੜਾ ਤਿਆਰ ਕਰਨ ਦਾ ਕੰਮ ਅਰੰਭਿਆ। ਇਸ ਪਿੱਛੇ ਵਿਚਾਰ ਇਹ ਸੀ ਕਿ ਹਿੰਦੂ ਭਾਈਚਾਰਾ ਸਭ ਤੋਂ ਵੱਡੀ ਗਿਣਤੀ ਵਿਚ ਹੈ, ਇਕ ਵਾਰ ਇਸ ਭਾਈਚਾਰੇ ਦੇ ਕਾਨੂੰਨਾਂ ਵਿਚ ਸੋਧ ਹੋ ਗਈ ਤਾਂ ਬਾਕੀ ਵੀ ਇਸੇ ਰਸਤੇ 'ਤੇ ਚੱਲਣਗੇ। ਅੰਤ ਨੂੰ ਇਸ ਖਰੜੇ ਦਾ ਪ੍ਰਕਾਸ਼ਨ ਹੋਇਆ ਤਾਂ ਇਸ ਵਿਚਲੀਆਂ ਵਿਵਸਥਾਵਾਂ ਖਿਲਾਫ਼ ਵੱਡਾ ਰੌਲਾ ਪਿਆ ਅਤੇ ਸੰਘ ਵਰਗੇ ਸੰਗਠਨਾਂ ਦੀ ਅਗਵਾਈ ਹੇਠ ਸਮਾਜ ਦੇ ਰੂੜ੍ਹੀਵਾਦੀ ਵਰਗਾਂ ਵਲੋਂ ਇਨ੍ਹਾਂ ਦਾ ਸਖ਼ਤ ਵਿਰੋਧ ਕੀਤਾ ਗਿਆ। ਵਿਰੋਧਤਾ ਕਰਨ ਵਾਲਿਆਂ ਵਿਚ ਸੱਤਾਧਾਰੀ ਪਾਰਟੀ ਦੇ ਮੈਂਬਰ ਵੀ ਸਾਮਿਲ ਸਨ। ਵਿਰੋਧ ਕਾਰਨ ਇਸ ਖਰੜੇ ਵਿਚਲੀਆਂ ਧਾਰਾਵਾਂ ਨਰਮ ਕਰ ਦਿੱਤੀਆਂ ਗਈਆਂ ਅਤੇ ਇਸ ਨੂੰ ਕਮਜ਼ੋਰ ਜਿਹੇ ਰੂਪ ਵਿਚ ਪਾਸ ਕੀਤਾ ਗਿਆ। ਇਸ ਤੋਂ ਨਿਰਾਸ਼ ਹੋਏ ਅੰਬੇਡਕਰ ਨੇ ਮੰਤਰਾਲੇ ਤੋਂ ਅਸਤੀਫ਼ਾ ਦੇਣ ਦਾ ਫ਼ੈਸਲਾ ਕੀਤਾ ਸੀ।

ਹਿੰਦੂਤਵੀ ਤਾਕਤਾਂ ਵਲੋਂ ਹਿੰਦੂ ਕੋਡ ਬਿੱਲ ਨੂੰ ਆਧਾਰ ਬਣਾ ਕੇ ਕਿਹਾ ਗਿਆ ਕਿ ਸਰਕਾਰ ਹਿੰਦੂਆਂ ਦੇ ਹਿਤਾਂ ਦੇ ਖਿਲਾਫ਼ ਹੈ ਅਤੇ ਘੱਟ-ਗਿਣਤੀਆਂ ਦਾ ਤੁਸ਼ਟੀਕਰਨ ਕਰ ਰਹੀ ਹੈ ਕਿਉਂਕਿ ਉਨ੍ਹਾਂ ਦੇ ਕਾਨੂੰਨਾਂ ਨੂੰ ਬਿਲਕੁਲ ਨਹੀਂ ਛੇੜਿਆ ਜਾ ਰਿਹਾ। ਮਥੁਰਾ ਜਬਰ ਜਨਾਹ ਦੀ ਘਟਨਾ ਤੋਂ ਬਾਅਦ ਔਰਤਾਂ ਦੇ ਅੰਦੋਲਨ ਨੇ ਜ਼ੋਰ ਫੜਿਆ ਅਤੇ ਸਾਂਝੇ ਸਿਵਲ ਕੋਡ ਦੀ ਮੰਗ ਵੀ ਜ਼ੋਰ ਨਾਲ ਉੱਭਰੀ। ਬਾਅਦ ਵਿਚ ਔਰਤ ਜਥੇਬੰਦੀਆਂ ਨੂੰ ਇਹ ਵੀ ਅਹਿਸਾਸ ਹੋਇਆ ਹੈ ਕਿਤੇ ਲਿੰਗੀ ਵਿਤਕਰੇ ਵਾਲੇ ਵੱਖ-ਵੱਖ ਕਾਨੂੰਨਾਂ ਨੂੰ ਇਕੱਠੇ ਕਰਕੇ ਅਜਿਹੇ ਵਿਤਕਰੇ ਵਾਲਾ ਸਾਂਝਾ ਕਾਨੂੰਨ ਹੀ ਨਾ ਬਣ ਜਾਵੇ। ਇਸ ਤੋਂ ਬਾਅਦ ਲਿੰਗੀ ਬਰਾਬਰਤਾ ਵਾਲੇ ਸਾਂਝੇ ਸਿਵਲ ਕੋਡ ਦੀ ਮੰਗ ਉੱਠਣ ਲੱਗੀ। ਮੁਸਲਮਾਨਾਂ ਵਿਚ ਸਮਾਜ ਸੁਧਾਰਾਂ ਦਾ ਵਿਰੋਧ ਕਰਨ ਵਾਲੀ ਪ੍ਰਮੁੱਖ ਧਿਰ ਆਲ ਇੰਡੀਆ ਪਰਸਨਲ ਲਾਅ ਬੋਰਡ ਹੈ।

# ਭਾਰਤ ਤੇ ਚੀਨ ਦੀਆਂ ਆਲਮੀ ਜ਼ਿੰਮੇਵਾਰੀਆਂ ਵਧੀਆਂ

**ਪ੍ਰੀਤਮ ਸਿੰਘ (ਪ੍ਰੋ.)***

ਭਾਰਤ ਤੇ ਚੀਨ, ਦੋਵੇਂ ਪ੍ਰਤੀ ਵਿਅਕਤੀ ਆਮਦਨ ਪੱਖੋਂ ਅਜੇ ਵੀ ਵਿਕਾਸਸ਼ੀਲ ਦੇਸ਼ਾਂ ਦੀ ਸ਼੍ਰੇਣੀ ਵਿਚ ਹਨ, ਪ੍ਰੰਤੂ ਜੇ ਸੰਸਾਰ ਵਿਚ ਹੋ ਰਹੇ ਵਿਕਾਸ (ਜੀਡੀਪੀ) ਵਿਚ ਇਨ੍ਹਾਂ ਦੇ ਵਧ ਰਹੇ ਹਿੱਸੇ ਨੂੰ ਦੇਖਿਆ ਜਾਵੇ ਤਾਂ ਇਹ ਦੋਵੇਂ ਦੇਸ਼ ਹੁਣ ਵੱਡੀਆਂ ਆਰਥਿਕ ਸ਼ਕਤੀਆਂ ਬਣ ਚੁੱਕੇ ਹਨ। ਚੀਨ ਨੇ ਸਾਲ 2010 ਵਿਚ ਅਮਰੀਕਾ ਨੂੰ ਪਛਾੜਦਿਆਂ ਦੁਨੀਆਂ ਦਾ ਸਭ ਤੋਂ ਵੱਡਾ ਸਨਅਤੀ ਉਤਪਾਦਕ ਦੇਸ਼ ਹੋਣ ਦਾ ਮਾਣ ਹਾਸਲ ਕੀਤਾ ਅਤੇ ਸਾਲ 2014 ਵਿਚ ਜੀਡੀਪੀ ਦੇ ਆਈਨੇ ਤੋਂ ਖਰੀਦ-ਸ਼ਕਤੀ ਦੀ ਸਮਾਨਤਾ ਪੱਖੋਂ ਸਭ ਤੋਂ ਸਿਖਰਲੀ ਆਰਥਿਕਤਾ ਦਾ ਦਰਜਾ ਹਾਸਲ ਕਰ ਗਿਆ ਸੀ। ਭਾਰਤ ਨੇ ਸਾਲ 2011 ਵਿਚ ਜਾਪਾਨ ਨੂੰ ਪਛਾੜ ਕੇ ਸੰਸਾਰ ਵਿਚ ਤੀਜੀ ਸਭ ਤੋਂ ਵੱਡੀ ਆਰਥਿਕ ਸ਼ਕਤੀ ਹੋਣ ਦਾ ਮਾਣ ਹਾਸਲ ਕੀਤਾ। ਚੀਨ ਤੇ ਭਾਰਤ 2.7 ਅਰਬ ਲੋਕਾਂ ਦੀ ਵਸੋਂ ਵਾਲੇ ਦੇਸ਼ ਹਨ। ਇਹ ਵਸੋਂ ਸੰਸਾਰ ਦੀ ਕੁੱਲ ਆਬਾਦੀ ਦਾ 36 ਫੀਸਦੀ ਬਣਦੀ ਹੈ। ਇਹ ਤੱਥ ਨੂੰ ਧਿਆਨ ਵਿਚ ਰੱਖਦਿਆਂ ਜੇ ਇਨ੍ਹਾਂ ਦੇਸ਼ਾਂ ਦੀ ਪ੍ਰਤੀ ਵਿਅਕਤੀ ਆਮਦਨ ਘੱਟ ਵੀ ਹੈ, ਜੀਡੀਪੀ (ਕੁੱਲ ਘਰੇਲੂ ਉਤਪਾਦਨ) ਦੇ ਆਕਾਰ ਨੂੰ ਹੀ ਲੈ ਲਿਆ ਜਾਏ ਤਾਂ ਇਨ੍ਹਾਂ ਦੀਆਂ ਆਰਥਿਕਤਾਵਾਂ ਦੇ ਕੌਮੀ ਤੇ ਕੌਮਾਂਤਰੀ ਪੱਧਰ 'ਤੇ, ਵਿਸ਼ਾਲ ਵਾਤਾਵਰਣਕ ਪੈੜ-ਚਿੰਨ੍ਹ ਸਪਸ਼ਟ ਨਜ਼ਰ ਆਉਂਦੇ ਹਨ।



ਚੀਨ ਤੇ ਭਾਰਤ ਲੰਬਾ ਸਮਾਂ ਆਪਣੀਆਂ ਕੌਮੀ ਤੇ ਕੌਮਾਂਤਰੀ ਵਾਤਾਵਰਣਕ ਜ਼ਿੰਮੇਵਾਰੀਆਂ ਉਸ ਬਹਾਨੇ ਹੇਠ ਨਹੀਂ ਛੁਪਾ ਸਕਦੇ ਜਿਹੜਾ ਕੁਝ ਦਹਾਕੇ ਪਹਿਲਾਂ ਅੰਸ਼ਕ ਤੌਰ 'ਤੇ ਸ਼ਾਇਦ ਜਾਇਜ਼ ਸੀ: ਕਿ ਉਨ੍ਹਾਂ ਨੂੰ ਵਿਕਾਸ ਦੀ ਲੋੜ ਸੀ, ਇਸ ਕਰ ਕੇ ਧਰਤੀ ਨੂੰ ਵਿਸ਼ਵ ਮੌਸਮੀ ਤਬਦੀਲੀ ਦੇ ਨੁਕਸਾਨਦੇਹ ਸਿੱਟਿਆਂ ਤੋਂ ਬਚਾਉਣਾ ਇਨ੍ਹਾਂ ਦੀ ਘੱਟ ਫ਼ਿਕਰਮੰਦੀ ਸੀ। ਚੀਨ ਦਾ ਸਾਲ 1980 ਵਿਚ ਵਿਸ਼ਵ ਜੀਡੀਪੀ ਹਿੱਸਾ ਬਹੁਤ ਘੱਟ, ਭਾਵ 2.3 ਫੀਸਦੀ ਸੀ; ਇਥੋਂ ਤੱਕ ਕਿ ਉਸ ਸਮੇਂ ਭਾਰਤ ਨਾਲੋਂ ਵੀ ਘੱਟ ਸੀ, ਪ੍ਰੰਤੂ ਇਹ ਸਾਲ 2017 ਵਿਚ ਵਧ ਕੇ ਰਿਕਾਰਡ 18.3 ਫੀਸਦੀ ਹੋ ਗਿਆ। ਇਕ ਅੰਦਾਜ਼ੇ ਅਨੁਸਾਰ, ਜੇ ਚੀਨ ਤੇ ਭਾਰਤ ਦੀ ਮੌਜੂਦਾ ਵਿਕਾਸ ਦਰ ਸੰਨ 2050 ਤੱਕ ਮੌਜੂਦਾ ਕਾਇਮ ਰਹੀ ਤਾਂ ਦੋਵੇਂ ਦੇਸ਼ ਸਨਅਤੀ ਵਸਤਾਂ ਅਤੇ ਸੇਵਾਵਾਂ ਪੱਖੋਂ ਕੌਮਾਂਤਰੀ ਸਪਲਾਇਰਾਂ ਉਪਰ ਛਾ ਜਾਣਗੇ। ਸ਼ਾਨਦਾਰ ਨਜ਼ਰ ਆ ਰਿਹਾ ਇਹ ਆਰਥਿਕ ਵਿਕਾਸ ਡਰਾਉਣੀਆਂ ਵਾਤਾਵਰਣਕ ਪੇਚੀਦਗੀਆਂ ਭਰਿਆ ਹੈ। ਚੀਨ ਤੇ ਭਾਰਤ ਹੁਣ ਕਾਰਬਨ ਡਾਇਆਕਸਾਈਡ ਪੈਦਾ ਕਰਨ ਵਾਲੇ ਸਿਖਰਲੇ ਦੇਸ਼ਾਂ ਵਿਚ ਸ਼ਾਮਲ ਹਨ ਜਿਨ੍ਹਾਂ ਦੀਆਂ ਪ੍ਰਦੂਸ਼ਣ ਤੇ ਆਲਮੀ ਤਪਸ਼ ਪੇਚੀਦਗੀਆਂ ਬਹੁਤ ਗੰਭੀਰ ਹਨ। ਸਪਸ਼ਟ ਸ਼ਬਦਾਂ ਵਿਚ ਇਸ ਵੇਲੇ ਚੀਨ, ਅਮਰੀਕਾ ਨਾਲੋਂ ਵੱਧ ਕਾਰਬਨ ਡਾਇਆਕਸਾਈਡ ਦਾ ਨਿਕਾਸ ਕਰ ਰਿਹਾ ਹੈ। ਤੱਥ ਇਹ ਹੈ ਕਿ ਜਿੰਨੀ ਕਾਰਬਨ ਡਾਇਆਕਸਾਈਡ ਅਮਰੀਕਾ ਤੇ ਯੂਰੋਪੀਅਨ ਯੂਨੀਅਨ ਦੇ ਮੈਂਬਰ ਦੇਸ਼ ਮਿਲ ਕੇ ਪੈਦਾ ਕਰਦੇ ਹਨ, ਚੀਨ ਉਸ ਨਾਲੋਂ ਵੱਧ ਇਸ ਦਾ ਨਿਕਾਸ ਕਰ ਰਿਹਾ ਹੈ। ਚੀਨ, ਅਮਰੀਕਾ ਤੇ ਯੂਰੋਪੀਅਨ ਯੂਨੀਅਨ ਤੋਂ ਬਾਅਦ ਭਾਰਤ ਦਾ ਕਾਰਬਨ ਡਾਇਆਕਸਾਈਡ ਦੇ ਵਿਕਾਸ ਵਿਚ ਚੌਥਾ ਸਥਾਨ ਹੈ ਜਿਹੜਾ ਰੂਸ ਦੇ ਬਹੁਤ ਨੇੜੇ ਬਣਦਾ ਹੈ। ਸਭ ਤੋਂ ਵੱਡੀਆਂ ਫ਼ਿਕਰਮੰਦੀਆਂ ਵਿਚੋਂ ਇਕ, ਆਲਮੀ ਤਪਸ਼ ਦਾ ਵਧਣਾ ਹੈ ਜਿਸ ਨੂੰ ਪੂਰਵ ਸਨਅਤੀਕਰਨ ਪੱਧਰ ਦੇ ਮੁਕਾਬਲੇ ਧਰਤੀ ਦੇ ਔਸਤਨ ਤਾਪਮਾਨ ਵਿਚ ਵਾਧੇ ਵਜੋਂ ਪ੍ਰੀਭਾਸ਼ਿਤ ਕੀਤਾ ਜਾ ਸਕਦਾ ਹੈ। ਇਸ ਕਾਰਨ ਅਣਕਿਆਸੀਆਂ ਮੌਸਮੀ ਤਬਦੀਲੀਆਂ ਵਾਪਰਦੀਆਂ ਹਨ, ਸਮੁੰਦਰੀ ਜਲ ਪੱਧਰ ਵਿਚ ਵਾਧਾ ਹੁੰਦਾ ਹੈ, ਹੜ੍ਹ ਅਤੇ ਸੋਕੇ ਵਧਦੇ ਹਨ ਅਤੇ ਆਲਮੀ ਖੇਤੀਬਾੜੀ ਤੇ ਊਰਜਾ ਸੰਕਟ ਪੈਦਾ ਹੁੰਦੇ ਹਨ। ਕੌਮਾਂਤਰੀ ਉਜਰਤਾਂ ਦੀ ਤੁਲਨਾ ਵਿੱਚ ਸਸਤੀ ਮਜ਼ਦੂਰੀ ਹੋਣ ਕਾਰਨ ਚੀਨ ਨੇ ਚਮਤਕਾਰੀ ਸਨਅਤੀ ਵਿਕਾਸ ਕੀਤਾ ਸੀ। ਇਸ ਵਿਕਾਸ ਦੀਆਂ ਵਾਤਾਵਰਣਕ ਪੇਚੀਦਗੀਆਂ ਹੁਣ ਆਪਣੇ ਆਪ ਵਿਚ ਬੁਰੇ ਰੂਪ ਵਜੋਂ ਪ੍ਰਦਰਸ਼ਿਤ ਹੋ ਰਹੀਆਂ ਹਨ। ਚੀਨ ਦੇ ਸ਼ਹਿਰੀ ਸਨਅਤੀ ਕੇਂਦਰਾਂ ਵਿਚ ਪ੍ਰਦੂਸ਼ਣ ਖ਼ਤਰੇ ਦੀ ਹੱਦ ਤੱਕ ਪਹੁੰਚ ਗਿਆ ਹੈ। ਚੀਨ ਦੇ 74 ਸ਼ਹਿਰਾਂ ਵਿਚ ਕੀਤੇ ਗਏ ਸਰਵੇਖਣ ਅਨੁਸਾਰ, ਇਨ੍ਹਾਂ ਸ਼ਹਿਰਾਂ ਵਿਚ ਇਕ-ਤਿਹਾਈ ਮੌਤਾਂ ਦਾ ਕਾਰਨ ਧੁਆਂਖੀ ਧੁੰਦ ਸੀ ਅਤੇ ਮਰਨ ਵਾਲਿਆਂ ਦੀ ਗਿਣਤੀ ਤੀਹ ਲੱਖ ਤੱਕ ਪਹੁੰਚ ਗਈ।

**ਬਾਕੀ ਸਫ਼ਾ 28 'ਤੇ**

*ਕਵਿਤਾ*

## ਫਸਲ ਦਹਿਸ਼ਤ ਦੀ

**ਬਲਵਿੰਦਰ ਪਾਲ ਸਿੰਘ**

ਪੁਛੇਗਾ ਸੁਆਲ
ਕੱਲ੍ਹ ਸਾਡਾ ਇਤਿਹਾਸ
ਕਿ ਜਲ ਰਹੀਆਂ ਸਨ
ਜਦ ਚਾਰੇ ਦਿਸ਼ਾਵਾਂ
ਸੁਲਗ ਰਹੇ ਸਨ
ਮਚੀ ਅੱਗ ਦੇ ਅੰਗਾਰੇ
ਉਠਾ ਰਹੇ ਸਨ ਨਾਗ
ਜਦ ਆਪਣਾ ਫਨ
ਘੋਲਿਆ ਜਾ ਰਿਹਾ ਸੀ
ਹਵਾਵਾਂ ਵਿਚ ਜਦ ਜ਼ਹਿਰ
ਤੋੜੀਆਂ ਜਾ ਰਹੀਆਂ ਸਨ
ਨੈਤਿਕਤਾ ਦੀਆਂ ਹੱਦਾਂ
ਭਰਮਾਇਆ ਜਾ ਰਿਹਾ ਸੀ
ਭੋਲੇ ਲੋਕਾਂ ਨੂੰ



ਲਹਿਰਾਇਆ ਜਾ ਰਿਹਾ ਸੀ
ਭਗਵਾਂ ਝੰਡਾ
ਬਣਾਇਆ ਜਾ ਰਿਹਾ ਸੀ
ਸੱਚ ਨੂੰ ਝੂਠ
ਰੱਲ ਗੱਡ ਕੀਤੇ ਜਾ ਰਹੇ ਸਨ
ਜਦ ਮਿੱਥ ਤੇ ਇਤਿਹਾਸ
ਪਰੋਸਿਆ ਜਾ ਰਿਹਾ ਸੀ ਜਦ
ਪ੍ਰਸ਼ਾਦ ਜੈ ਸ੍ਰੀ ਮਨੂੰ ਦਾ
ਕਿਥੇ ਸੀ ਤੂੰ

ਕਿਥੇ ਸੀ ਤੂੰ ਜਦ
ਜਿੰਦਾ ਲੋਕਾਂ ਨੂੰ ਜਲਾ ਕੇ
ਠਹਾਕਾ ਲਗਾਇਆ ਜਾ ਰਿਹਾ ਸੀ
ਖਾਰਜ਼ ਕੀਤਾ ਜਾ ਰਿਹਾ ਸੀ
ਜਦ ਤੇਰੇ ਬਜੂਦ ਨੂੰ ਜਬਰੀ
ਖੋਹਿਆ ਜਾ ਰਿਹਾ ਸੀ ਤੇਰੇ ਤੋਂ
ਤੇਰੇ ਜੀਉਣ ਦਾ ਹੱਕ
ਬੋਲਣ ਦੀ ਅਜ਼ਾਦੀ
ਤੇਰੀ ਜੀਭ ਤੇ ਸੋਝੀ ਦਾ ਸੁੰਤਲਨ
ਕਿਥੇ ਸੀ ਤੇਰੀ ਕਲਮ ਦਾ ਜਾਦੂ
'ਬੇਗਮਪੁਰੇ ਨੂੰ ਸਿਰਜਣ' ਦਾ
ਸੁਪਨਾ ਕਿਥੇ ਸੀ
ਜਦ
ਬੀਜੀ ਜਾ ਰਹੀ ਸੀ ਫਸਲ ਦਹਿਸ਼ਤ ਦੀ
ਵੰਡਿਆ ਜਾ ਰਿਹਾ ਸੀ ਇਕ ਡਰ
ਲੋਕਾਂ ਨੂੰ ਦੰਗਿਆਂ ਵਿਚ ਧਕੇਲ ਕੇ
ਕਿਥੇ ਸੀ ਤੂੰ ?

### ਮੋਦੀ ਸਰਕਾਰ ਵਿਰੁੱਧ ਲਾਮਬੰਦੀ

# ਲੋਕਾਂ ਦੇ ਭਲੇ ਲਈ ਵੱਖਰੀਆਂ ਨੀਤੀਆਂ ਵੀ ਲਿਆਉਣੀਆਂ ਹੋਣਗੀਆਂ

**ਡਾ. ਸੁਰਿੰਦਰ ਮੰਡ**
ਫੋਨ : 94173245430)



ਬਿਨਾ ਸ਼ੱਕ ਇਸ ਵੇਲੇ ਨਰਿੰਦਰ ਮੋਦੀ ਦੀ ਭਾਜਪਾ ਸਰਕਾਰ ਨੂੰ ਬਦਲਣ ਲਈ ਵਿਰੋਧੀ ਪਾਰਟੀਆਂ ਸਾਲ 2019 'ਚ ਮਿਲ ਕੇ ਚੋਣ ਲੜਨ ਲਈ ਇਕੱਠੀਆਂ ਹੋ ਰਹੀਆਂ ਹਨ। ਅਖਿਲੇਸ਼ ਅਤੇ ਮਾਇਆਵਤੀ ਦੇ ਗੱਠਜੋੜ ਹੋਣ ਉਪਰੰਤ ਭਾਜਪਾ ਨੂੰ ਹਰਾਉਣ ਲਈ 80 ਸੀਟਾਂ ਵਾਲੇ ਉਤਰ ਪ੍ਰਦੇਸ਼ ਦੀ ਫੈਸਲਾਕੁੰਨ ਭੂਮਿਕਾ ਰਹੇਗੀ। ਦੂਜੇ ਪਾਸੇ ਗੁਜਰਾਤ, ਮੱਧ ਪ੍ਰਦੇਸ਼, ਰਾਜਸਥਾਨ, ਛੱਤੀਸਗੜ, ਹਰਿਆਣਾ, ਦਿੱਲੀ, ਮਹਾਂਰਾਸ਼ਟਰ, ਕਰਨਾਟਕਾ, ਬਿਹਾਰ ਵਿਚ ਵੀ ਬੀ.ਜੇ.ਪੀ. ਲਈ ਪਹਿਲੋਂ ਵਾਲੇ ਨਤੀਜੇ ਨਾਮੁਮਕਿਨ ਹਨ। ਅਤੇ ਇਸ ਵੱਡੇ ਘਾਟੇ ਦੀ ਭਰਪਾਈ ਦੀ ਸੰਭਾਵਨਾ ਕਿਤਿਓਂ ਖਾਸ ਨਹੀਂ। ਮੋਦੀ ਲਈ ਹਾਲਾਤ ਚੁਣੌਤੀਪੂਰਨ ਹਨ। ਸਰਕਾਰ ਬਦਲ ਜਾਣ ਦੀਆਂ ਸੰਭਾਵਨਾਵਾਂ ਹਨ।

ਇਹ ਮਹਿਜ਼ ਚੁਣਾਵੀਂ ਗਣਿਤ ਨਹੀਂ ਹੈ। ਇਸ ਦੇ ਪਿੱਛੇ ਮੋਦੀ ਸਰਕਾਰ ਦੀ ਨਿਕੰਮੀ ਕਾਰਗੁਜਾਰੀ ਦਾ ਵੀ ਹੱਥ ਹੈ। ਲੋਕਾਂ ਦੀ ਆਸ ਮੁਜਬ 'ਅੱਛੇ ਦਿਨ' ਨਹੀਂ ਆਏ। ਚੋਣਾਂ ਵਿਚ ਕੀਤੇ ਵਾਅਦੇ ਅਤੇ ਲਾਏ ਲਾਰਿਆਂ ਵਿਚੋਂ ਕੋਈ ਵੀ ਪੂਰਾ ਨਹੀਂ ਹੋਇਆ। ਕਾਲਾ ਧਨ 100 ਦਿਨਾਂ ਵਿਚ ਸਵਿਟਜਰਲੈਂਡ ਦੀਆਂ ਬੈਂਕਾਂ ਵਿਚੋਂ ਲਿਆ ਕੇ ਹਰ ਪਰਿਵਾਰ ਦੇ ਖਾਤੇ ਵਿਚ 15-15 ਲੱਖ ਰੁਪਏ ਦੇਣ ਦਾ ਨਾਹਰਾ, ਅਮਿਤ ਸ਼ਾਹ ਕਹਿੰਦਾ ਕਿ ਚੁਣਾਵੀ ਜੁਮਲਾ ਸੀ। ਦੋ ਕਰੋੜ ਨੌਜਵਾਨਾਂ ਨੂੰ ਹਰ ਸਾਲ ਰੁਜ਼ਗਾਰ ਦੇਣ ਦਾ ਵਾਅਦਾ ਝੂਠਾ ਨਿਕਲਿਆ। ਕਿਸਾਨਾਂ ਨੂੰ ਫਸਲਾਂ ਦੇ ਉਚਿਤ ਭਾਅ ਨਹੀਂ। ਗਰੀਬਾਂ ਦੀ ਜੂਨ ਉਵੇਂ ਹੀ ਹੈ। ਮਹਿੰਗਾਈ ਕਰਨ ਵਾਲਿਆਂ ਦੀਆਂ ਵਾਗਾਂ ਖੁੱਲੀਆਂ। ਸਮਾਜ ਭਲਾਈ ਸਕੀਮਾਂ, ਸਿਹਤ ਅਤੇ ਸਿੱਖਿਆ ਦੇ ਬਜਟ ਘਟਾਏ ਗਏ ਹਨ। ਕੁਛ ਨੀ ਹੋਇਆ। ਦਲਿਤਾਂ ਨੂੰ ਬੇਇਜ਼ਤ ਕੀਤਾ। ਫਿਰਕੂ ਭਾਵਨਾਵਾਂ ਭੜਕਾ ਕੇ ਵੋਟ ਕਤਾਰਬੰਦੀ ਉੱਤੇ ਟੇਕ ਦਿੱਸ ਰਹੀ ਹੈ। ਮੋਦੀ ਚਾਰ ਸਾਲ ਤੋਂ 125 ਕਰੋੜ ਦੇਸ਼ ਵਾਸੀਆਂ ਦੇ ਪ੍ਰਧਾਨ ਮੰਤਰੀ ਵਾਗੂੰ ਕਦੀ ਨੀ ਬੋਲਿਆ। ਪਾਰਟੀ ਲੀਡਰ ਵਜੋਂ ਗੱਲ ਕਰਦਾ ਜਾਪਦਾ ਹੈ। ਬਾਹਰੋਂ ਲਚਕੀਲਾ...... ਪੋਲਦਾ ਤੇ ਅੰਦਰੋਂ ਭੂੰਅ...।

ਉਤੋਂ ਮੋਦੀ ਨੇ ਇਕ ਦਿਨ ਅਚਾਨਕ ਤਾੜੀ ਮਾਰ ਕੇ ਆਖਿਆ ਕਿ ਅੱਜ ਰਾਤ ਤੋਂ 1000-500 ਰੁਪਏ ਦੇ ਨੋਟ ਬੰਦ। ਕਾਰੋਬਾਰ ਠੱਪ ਹੋਗੇ। 125 ਬੰਦੇ ਬੈਂਕਾਂ ਦੀਆਂ ਲਾਈਨਾਂ 'ਚ ਖਲੋਤੇ ਮਰਗੇ। ਲੋਕਾਂ ਦੀ ਘੋਰ ਖੱਜਲ ਖੁਆਰੀ। ਬੈਂਕਾਂ ਦਾ ਭਰੋਸਾ ਗਿਆ। ਬੈਂਕ ਅੱਜ ਤਕ ਨਹੀਂ ਉੱਠੇ । 6 ਮਹੀਨੇ ਬਾਅਦ ਜਦ ਯੂ.ਪੀ. ਦੀ ਇਲੈਕਸ਼ਨ ਜਿੱਤ ਲਈ ਤਦ ਅਗਲੇ ਦਿਨ ਤੋਂ ਬੈਂਕਾਂ ਨੇ ਪੈਸੇ ਦੇਣੇ ਸ਼ੁਰੂ ਕੀਤੇ।

ਓਧਰ ਜੀ.ਐਸ.ਟੀ. ਨੇ ਕਾਰੋਬਾਰ ਤੰਤਰ ਨੂੰ ਨਾਗਵਲ ਪਾ ਲਿਆ ਹੈ। ਦਰਾਂ 'ਚ 100 ਬਾਰ ਬਦਲਾਵ ਕਰ ਚੁੱਕੇ। ਕਿਸੇ ਲੈਣ ਦੇਣ ਵਾਲੇ ਨੂੰ ਕੁਛ ਪਤਾ ਨਹੀਂ ਲੱਗ ਰਿਹਾ ਕਿ ਕੀ ਦਰਾਂ ਹਨ। ਮੇਰੀ ਜਾਚੇ ਜੀ.ਐਸ.ਟੀ. ਫੈਡਰਲ ਢਾਂਚੇ ਉਤੇ ਸਭ ਤੋਂ ਵੱਡੀ ਸੱਟ ਵੀ ਹੈ। ਰਾਜ ਧੋਖਾ ਖਾਗੇ। ਰਾਜਾਂ ਦੇ ਹੱਥਾਂ 'ਚ ਕੁਛ ਨੀ ਰਿਹਾ। ਕੇਂਦਰ ਨੇ ਰਾਜ ਮੰਗਤੇ ਬਣਾ ਤੇ। ਵੇਖਿਓ ਲੰਮੇ ਸਮੇਂ 'ਚ ਚੀਕਦੇ। ਕੇਂਦਰ ਦੀ ਮੋਦੀ ਸਰਕਾਰ ਨੇ ਪਾਰਲੀਮੈਂਟ ਦਾ ਸ਼ੈਸ਼ਨ ਅੱਧੀ ਰਾਤ ਨੂੰ ਬੁਲਾ ਕੇ, 15 ਅਗਸਤ 1947 ਦੀ ਅਜ਼ਾਦੀ ਦਾ ਨਹਿਰੂ ਵੱਲੋਂ ਐਲਾਨ ਕਰਨ ਦੇ ਬਰਾਬਰ ਦੀ ਫੜ ਮਾਰਨ ਦੀ ਤਰਜ਼ ਉਤੇ ਜੀ.ਐਸ.ਟੀ. ਲਾਗੂ ਕਰਨ ਦਾ ਐਲਾਨ ਕੀਤਾ ਸੀ। ਪਰ ਇਕ ਨਵੇਂ ਪੈਸੇ ਦਾ ਫਾਇਦਾ ਨਹੀਂ ਹੋਇਆ, ਸਗੋਂ ਨੁਕਸਾਨ ਹੋਇਆ।

ਅਤੇ ਹੁਣ ਮੋਦੀ ਸਰਕਾਰ ਨੋਟਬੰਦੀ ਅਤੇ ਜੀ.ਐਸ.ਟੀ. ਨੂੰ ਆਪਣੇ ਭਾਸ਼ਨਾ ਵਿਚ ਪ੍ਰਾਪਤੀ ਵਜੋਂ ਗਿਣਵਾਉਣੋਂ ਹਟ ਗਈ ਹੈ। ਚੁੱਪ ਹੋ ਗਈ ਹੈ। ਅਤੇ ਉਲਟਾ ਵਿਰੋਧੀ ਧਿਰ ਇਹਨਾਂ ਦੋਵਾਂ ਫੈਸਲਿਆਂ ਦੇ ਫਲਾਪ ਸ਼ੋਅ ਨੂੰ ਮੁੱਖ ਮੁੱਦੇ ਵਜੋਂ ਉਭਾਰ ਰਹੇ ਹਨ। ਬਾਹਰੋਂ ਕਾਲਾ ਧਨ ਕੀ ਲਿਆਉਣਾ ਸੀ ਸਗੋਂ ਮੋਦੀ ਰਾਜ ਵਿਚ ਵਿਜੇ ਮਾਲੀਆ ਅਤੇ ਨੀਰਵ ਮੋਦੀ ਵਰਗੇ ਬੈਂਕਾਂ ਦਾ ਹਜਾਰਾਂ ਕਰੋੜਾਂ ਰੁਪਏ ਠੱਗ ਕੇ ਵਿਦੇਸ਼ ਭੱਜਣ ਵਿਚ ਕਾਮਯਾਬ ਹੋ ਗਏ ਹਨ।

ਸੋ ਇੰਜ ਵਿਰੋਧੀ ਪਾਰਟੀਆਂ ਬੜੇ ਹੌਂਸਲੇ 'ਚ ਹਨ ਕਿ ਮੋਦੀ ਸਰਕਾਰ ਨੇ ਕਿਉਂਕਿ ਕੀਤਾ ਕੱਖ ਨੀ, ਇਸ ਲਈ ਹੁਣ ਸਾਡੀ ਵਾਰੀ ਆ ਜਾਣੀ। ਤੇ ਜਿਵੇਂ ਕਿਵੇਂ ਇਕੱਠੇ ਹੋਈਏ ਤੇ ਸਰਕਾਰ ਬਣਾ ਲਈਏ। ਪਰ ਕੀ ਇਕੱਲੀ ਸਰਕਾਰ ਬਦਲ ਜਾਣੀ ਹੀ ਸਾਰੇ ਮਸਲਿਆਂ ਦਾ ਹੱਲ ਹੈ? ਨਹੀਂ, ਨੀਤੀਆਂ ਵੀ ਬਦਲਣੀਆਂ ਹੋਣਗੀਆਂ।




ਪਰ ਲੋਕਾਂ ਦੇ ਫਿਕਰ ਅਤੇ ਵਿਚਾਰ ਦੀ ਗੱਲ ਇਹ ਹੈ ਕਿ ਕਾਂਗਰਸ ਅਤੇ ਭਾਜਪਾ ਦੀਆਂ ਬੁਨਿਆਦੀ ਨੀਤੀਆਂ ਵਿਚ ਤਾਂ ਕੋਈ ਖਾਸ ਫਰਕ ਨਹੀਂ। ਦੋਵੇਂ ਪਾਰਟੀਆਂ ਹੀ ਕੇਂਦਰਵਾਦੀ ਸੋਚ ਵਾਲੀਆਂ ਹਨ ਫੈਡਰਲ ਢਾਂਚੇ ਨੂੰ ਕਮਜੋਰ ਕਰਨ ਦੀ ਤਾਕ 'ਚ ਰਹਿੰਦੀਆਂ। ਦੋਵਾਂ ਨੇ ਕਾਰਪੋਰੇਟ ਪੱਖੀ ਆਰਥਕ ਨੀਤੀਆਂ ਨੂੰ ਅੱਗੇ ਵਧਾਇਆ। ਦੋਵੇਂ ਹੀ ਬੜੇ ਸੰਵੇਦਨਸ਼ੀਲ ਖੇਤਰਾਂ ਤਕ ਵੀ 100 ਫੀਸਦੀ ਐਫ.ਡੀ.ਆਈ. (ਸਿੱਧਾ ਵਿਦੇਸ਼ੀ ਨਿਵੇਸ਼) ਦੇ ਹਿਮਾਇਤੀ ਨੇ, ਏਥੋਂ ਤਕ ਕਿ ਪ੍ਰਚੂਨ ਖੇਤਰ ਵਿਚ ਵੀ। ਦੋਵੇਂ ਸਰਕਾਰੀ ਅਦਾਰਿਆਂ ਨੂੰ ਪ੍ਰਾਈਵੇਟ ਹੱਥਾਂ 'ਚ ਦੇਣ ਦੀ ਹੱਦ ਤਕ ਪ੍ਰਾਈਵੇਟਾਈਜੇਸ਼ਨ ਦੇ ਹਮਾਇਤੀ ਨੇ। ਦੋਵਾਂ ਉਤੇ ਹੀ ਆਈ.ਐਮ.ਐਫ. ਅਤੇ ਵਰਲਡ ਬੈਂਕ ਦੀਆਂ ਸ਼ਰਤਾਂ ਅਨੁਸਾਰ ਆਰਥਕ ਨੀਤੀਆਂ ਘੜਨ ਦੇ ਇਲਜ਼ਾਮ ਲਗਦੇ ਹਨ। ਦੋਵੇਂ ਦਰਿਆਈ ਪਾਣੀਆਂ ਉੱਤੇ ਹੱਕ ਦਾਅਵੇ 'ਚ ਰਾਇਪੇਰੀਅਨ ਕਾਨੂੰਨ ਅਸੂਲ ਨੂੰ ਨਹੀਂ ਮੰਨਦੇ। ਦੋਵਾਂ ਦੀ ਪੈਟਰੋਲ ਡੀਜ਼ਲ ਦੇ ਰੇਟ ਤਹਿ ਕਰਨ ਦੀ ਨੀਤੀ ਇਕੋ ਜਿਹੀ ਹੈ, ਜੋ ਜਨਤਾ ਨਾਲ ਧੋਖੇ ਵਰਗੀ ਹੈ। ਮੁਲਾਜਮਾਂ ਦੀ ਪੈਨਸ਼ਨ ਬੰਦ ਕਰਨ ਦੇ ਮੁੱਦੇ ਉਤੇ ਦੋਵੇਂ ਪਾਰਟੀਆਂ ਇਕਮੱਤ ਹਨ। ਦੋਵਾਂ ਦੀ ਵਿਦੇਸ਼ ਨੀਤੀ ਦਾ ਝੁਕਾਅ ਅਮਰੀਕਾ ਪੱਖੀ ਹੈ। ਬੀ.ਜੇ.ਪੀ. ਤਾਂ ਮੁਢੋਂ ਹੀ ਸੀ, ਜਦਕਿ ਕਾਂਗਰਸ ਨੇ ਤਾਜੀ ਪਲਟੀ ਮਾਰੀ ਹੈ। ਦੋਵਾਂ ਦੇ ਹੱਥਾਂ ਤੇ ਕਿਸੇ ਨਾ ਕਿਸੇ ਘੱਟ ਗਿਣਤੀ ਦੇ ਖੂਨ ਦੇ ਦਾਗ ਹਨ। ਪੰਜਾਬ ਨਾਲ ਤਾਂ ਭਾਜਪਾ ਅਤੇ ਕਾਂਗਰਸ ਦੋਵਾਂ ਦੀਆਂ ਕੇਂਦਰ ਵਿਚਲੀਆਂ ਸਰਕਾਰਾਂ ਨੇ ਪੱਖਪਾਤ ਹੀ ਕੀਤਾ ਹੈ।

ਇਹਨਾਂ ਦੇ ਇੰਜ ਇਕ ਦੂਜੇ ਵਰਗੇ ਹੁੰਦੇ ਜਾਣ ਦਾ ਵੱਡਾ ਕਾਰਨ ਇਕ ਤਾਂ ਇਹ ਵੀ ਹੈ ਕਿ ਜਮਾਤੀ ਸੋਚ ਇਕ ਹੈ। ਕਾਂਗਰਸ ਕੋਲ ਅਜ਼ਾਦੀ ਅੰਦੋਲਨ ਵੇਲਿਆਂ ਦੀ ਲੀਡਰਸ਼ਿਪ ਦੇ ਨਾ ਰਹਿਣ ਬਾਅਦ ਇਉਂ ਲਗਦਾ ਕਿ ਹੁਣ ਕਾਂਗਰਸ ਅਤੇ ਭਾਜਪਾ ਦੋ ਅਲੱਗ ਵਿਚਾਰਧਾਰਾ ਵਾਲੀਆਂ ਪਾਰਟੀਆਂ ਨਾ ਹੋਣ, ਸਗੋਂ ਸਿਰਫ ਧੜੇ ਹੋਣ। ਥੋੜੇ ਤਾਂ ਹੀ ਲੀਡਰ ਵੱਡੀ ਮਾਤਰਾ 'ਚ ਇਕ ਦੂਜੀ ਪਾਰਟੀ 'ਚ ਆਉਂਦੇ ਜਾਂਦੇ ਰਹਿੰਦੇ ਹਨ। ਕੋਈ ਮਸਲਾ ਨਹੀਂ ਤੇ ਨਾ ਹੀ ਕੋਈ ਸ਼ਰਮ ਹੈ। ਇਹਨਾਂ ਹਾਲਾਤ 'ਚ ਵੀ ਜੇ ਕਾਂਗਰਸ ਮੋਦੀ ਵਿਰੋਧੀ ਗਠਜੋੜ ਦਾ ਹਿਸਾ ਜਾਂ ਆਗੂ ਬਣ ਕੇ, ਬੀਤੇ ਤੋਂ ਸਬਕ ਸਿੱਖ ਕੇ, ਕੋਈ ਸਾਰਥਕ ਜਨਤਾ ਪੱਖੀ ਨਤੀਜਾ ਦੇਣਾ ਚਹੁੰਦੀ ਹੈ ਤਾਂ ਉਸਨੂੰ ਆਪਣੀਆਂ ਨੀਤੀਆਂ ਬਦਲਣੀਆਂ ਹੋਣਗੀਆਂ। ਆਪਣਾ ਅਜ਼ਾਦੀ ਅੰਦੋਲਨ ਵਾਲਾ ਪਿਛੋਕੜ ਅਤੇ ਵਿਰਾਸਤ ਪਛਾਣਨੀ ਹੋਵੇਗੀ।

ਸਮੇਂ ਦੀ ਮੰਗ ਹੈ ਕਿ ਕਿਸੇ ਹੋਰ ਮੁਲਕ ਦੀਆਂ ਨੀਤੀਆਂ ਕਾਰਨ ਪੈਦਾ ਹੋਏ ਅੰਤਰਰਾਸ਼ਟਰੀ ਅੱਤਵਾਦ ਵਿਰੁੱਧ ਖਾਹਮਖਾਹ ਦੀ ਬਿਆਨਬਾਜੀ ਬੰਦ ਕਰਕੇ ਆਪਣੇ ਮੁਲਕ ਵੱਲ ਧਿਆਨ ਦਿੱਤਾ ਜਾਵੇ। ਆਪਣੇ ਅੰਦਰੂਨੀ ਮਸਲੇ ਪਿਆਰ ਨਾਲ ਜਿਵੇਂ ਕਿਵੇਂ ਹੱਲ ਕੀਤੇ ਜਾਣ। ਮਰਨ ਦਾ ਐਂਵੇ ਚਾਅ ਨਹੀਂ ਹੁੰਦਾ ਕਿਸੇ ਨੂੰ ਵੀ। ਬਹੁਤੀ ਵਾਰ ਲਗਦਾ ਕਿ ਲੋਕਾਂ ਦਾ ਅਸਲੀ ਮੁੱਦਿਆਂ ਤੋਂ ਧਿਆਨ ਭਟਕਾਉਣ ਲਈ ਵੀ ਅੱਤਵਾਦ ਦੀ ਬੇਲੋੜੀ ਚਰਚਾ ਕਰਦਾ ਮੀਡੀਆ।

ਗਰੀਬੀ, ਅਨਪੜ੍ਹਤਾ, ਮਹਿੰਗਾਈ, ਬੇਰੁਜਗਾਰੀ, ਬਿਮਾਰੀ, ਫਸਲਾਂ ਦੇ ਉਚਿਤ ਭਾਅ, ਪੀਣ ਦਾ ਪਾਣੀ, ਪ੍ਰਦੂਸ਼ਣ, ਖੇਤੀ ਅਧਾਰਿਤ ਸਨਅਤੀ ਵਿਕਾਸ, ਆਪਣਾ ਖੇਤਰੀ ਲੋਕ ਪੱਖੀ ਵਿਕਾਸ ਮਾਡਲ ਬਣਾਉਣਾ, ਸਭ ਧਰਮਾਂ ਸਭਿਆਚਾਰਾਂ ਬੋਲੀਆਂ ਦੇ ਲੋਕਾਂ ਦਾ ਸਹਿਚਾਰ ਵਾਲਾ ਮਹੌਲ, ਸਭ ਖੇਤਰਾਂ ਦਾ ਸਾਵਾਂ ਵਿਕਾਸ, ਵਿਸ਼ਵ ਅਮਨ ਨੂੰ ਸਮਰਪਤ ਵਿਦੇਸ਼ ਨੀਤੀ ਆਦਿ ਇਹ ਸਭ ਸਾਡੇ ਮੁਲਕ ਦੇ ਬੁਨਿਆਦੀ ਮਸਲੇ ਹਨ, ਜਿਹਨਾਂ ਦੇ ਹੱਲ ਲਈ ਸਭ ਨਿੱਕੀਆਂ ਵੱਡੀਆਂ ਪਾਰਟੀਆਂ ਨੂੰ ਸਿਰ ਜੋੜ ਕੇ ਬੈਠਣ ਦੀ ਲੋੜ ਹੈ। ਸਮਾਜਕ ਨਿਆਂ ਵਾਲੇ ਸਮਾਜਕ ਮਹੌਲ ਵੱਲ ਵਧਣਾ ਸਾਡੇ ਵਰਗੇ ਦੇਸ਼ ਦੀ ਇਤਿਹਾਸਕ ਲੋੜ ਹੈ। ਜੁਰਮਾਂ ਅਤੇ ਸਮਾਜ ਵਿਰੋਧੀ ਤੱਤਾਂ ਨੂੰ ਨਕੇਲ ਪਾਉਣਾ ਫੌਰੀ ਜ਼ਰੂਰਤ ਹੈ। ਭ੍ਰਿਸ਼ਟਾਚਾਰ ਦਾ ਘੁਣ ਸਾਡੇ ਸਮੁੱਚੇ ਰਾਜਸੀ, ਪ੍ਰਸ਼ਾਸ਼ਕੀ ਅਤੇ ਸਮਾਜਕ ਕੀਮਤਾਂ ਵਾਲੇ ਢਾਂਚੇ ਨੂੰ ਅੰਦਰੋਂ ਬਾਹਰੋਂ ਖਾ ਰਿਹਾ ਹੈ। ਇਸ ਨੂੰ ਰੋਕੇ ਬਿਨਾ ਕਿਸੇ ਨੀਤੀ ਨੇ ਕੋਈ ਨਤੀਜਾ ਨਹੀਂ ਕੱਢਣਾ।

ਪਿਆਰ, ਸਾਦਗੀ, ਸੁਹਿਰਦਤਾ, ਕਿਰਤ, ਵੰਡ ਖਾਣਾ, ਕੁਦਰਤ ਦਾ ਸ਼ੁਕਰਾਨਾ, ਸਭ ਦੀ ਸੁੱਖ ਮੰਗਣੀ, ਵੱਡਿਆਂ ਦਾ ਆਦਰ, ਸਵੈ ਮਾਣ, ਬਹਾਦਰੀ, ਗਿਆਨ, ਪ੍ਰਾਹੁਣਚਾਰੀ, ਮੇਲ ਜੋਲ, ਗੱਲਬਾਤ ਸਾਡੀਆਂ ਬਹੁਤ ਵੱਡੀਆਂ ਸਮਾਜਕ, ਨੈਤਿਕ ਅਤੇ ਧਾਰਮਿਕ ਕਦਰਾਂ ਹਨ। ਦੇਸ਼ ਦਾ ਮੌਜੂਦਾ ਮਹੌਲ ਇਹਨਾਂ ਸਭਨਾਂ ਨੂੰ ਵੀ ਮਾਰ ਰਿਹਾ ਹੈ। ਬਦਲਵਾਂ ਮਹੌਲ, ਬਦਲਵੀਆ ਨੀਤੀਆਂ ਅਤੇ ਯੋਗ ਲੀਡਰਸ਼ਿਪ ਹੀ ਸਾਡੇ ਮੁਲਕ ਨੂੰ ਇਸ ਡੋਬੂ ਘੁੰਮਣਘੇਰੀ ਵਿਚੋਂ ਕੱਢ ਸਕਦੀ ਹੈ। ਇਸ ਪੱਖੋਂ ਵਿਰੋਧੀ ਪਾਰਟੀਆਂ ਲਈ ਹਾਲਾਤ ਵੀ ਚੁਣੌਤੀਪੂਰਨ ਹੀ ਹਨ। ਲਗਦਾ ਕਿ ਵਿਰੋਧੀ ਪਾਰਟੀਆਂ ਦੇ ਅੰਦਰ ਅਤੇ ਜਨਤਾ ਵਿਚ ਇਸ ਸਭ ਕਾਸੇ ਲਈ ਵੱਡੇ ਸਾਰਥਕ ਅੰਦੋਲਨ ਦੀ ਲੋੜ ਹੈ।

# ਦਿਆਲ ਸਿੰਘ ਕਾਲਜ: ਹੁਣ ਆਵਾਜ਼ ਬੁਲੰਦ ਕਰਨ ਦਾ ਵੇਲਾ

**ਭਾਈ ਅਸ਼ੋਕ ਸਿੰਘ ਬਾਗੜੀਆਂ**
(ਸੰਪਰਕ: 98140-95308)

ਭਾਰਤ ਦੀ ਕੌਮੀ ਰਾਜਧਾਨੀ ਵਾਲੇ ਸ਼ਹਿਰ ਦਿੱਲੀ ਦੇ ਦਿਆਲ ਸਿੰਘ ਕਾਲਜ ਦਾ ਨਾਮ ਬਦਲਣ ਖ਼ਿਲਾਫ਼ ਸਾਰਾ ਸਿੱਖ ਜਗਤ ਲਾਮਬੰਦ ਹੋਇਆ, ਜਿਸ ਕਾਰਨ ਕੇਂਦਰ ਸਰਕਾਰ ਵੱਲੋਂ ਪੂਰੇ ਸਿੱਖ ਸਮਾਜ ਨੂੰ ਭਰੋਸਾ ਦਿਵਾਉਣਾ ਪਿਆ ਕਿ ਸਰਕਾਰ ਅਜਿਹਾ ਨਹੀਂ ਹੋਣ ਦੇਵੇਗੀ। ਇਸ ਭਰੋਸੇ ਦੇ ਬਾਵਜੂਦ ਦਿਆਲ ਸਿੰਘ ਕਾਲਜ ਦੀ ਮੈਨੇਜਮੈਂਟ ਦੇ ਮੁਖੀ ਵੱਲੋਂ ਅਜਿਹਾ ਬਿਆਨ ਦੇਣਾ ਕਿ ਸਰਕਾਰ ਦਾ ਇਸ ਸੰਸਥਾ ਵਿੱਚ ਦਖ਼ਲ ਦੇਣ ਦਾ ਕੋਈ ਹੱਕ ਨਹੀਂ, ਮੰਦਭਾਗੀ ਗੱਲ ਹੈ ਅਤੇ ਇਹ ਕੱਟੜ ਸੰਸਥਾਵਾਂ ਦਾ ਸਰਕਾਰ ਉੱਤੇ ਦਬਦਬਾ ਸਪੱਸ਼ਟ ਦੱਸਦੀ ਹੈ। ਸਰਕਾਰ ਵੱਲੋਂ ਇਸ ਭਰੋਸੇ ਦੇ ਬਾਵਜੂਦ ਦਿਆਲ ਸਿੰਘ ਕਾਲਜ ਦਾ ਨਾਮ ਦੁਬਾਰਾ ਵੰਦੇ ਮਾਤਰਮ ਦਿਆਲ ਸਿੰਘ ਕਾਲਜ ਰੱਖ ਦੇਣਾ ਸੁਭਾਵਿਕ ਨਹੀਂ ਸਮਝਿਆ ਜਾ ਸਕਦਾ। ਕੋਈ ਅਜਿਹਾ ਅਦਾਰਾ, ਚਾਹੇ ਤਾਲੀਮੀ ਹੈ ਜਾਂ ਕੋਈ ਹੋਰ, ਸਰਕਾਰ ਦੇ ਕਹੇ ਦੇ ਉਲਟ ਨਹੀਂ ਜਾ ਸਕਦਾ।

ਇਸ ਖ਼ਬਰ ਨੇ ਸਭ ਨੂੰ ਡੂੰਘੀ ਸੋਚ ਲਈ ਮਜਬੂਰ ਕੀਤਾ ਹੈ। ਇਹ ਕਹਿਣਾ ਕਿ ਵੰਡ ਤੋਂ ਬਾਅਦ ਸਿੱਖ ਭਾਈਚਾਰੇ ਦੇ ਜੋ ਲੋਕ ਇਧਰ ਹਿੰਦੁਸਤਾਨ ਆਏ, ਉਨ੍ਹਾਂ ਦੇ ਪੱਲੇ ਕੁਝ ਨਹੀਂ ਸੀ। ਇਹੋ ਜਿਹੀ ਸੌੜੀ ਸੋਚ ਵਾਲਿਆਂ ਨੂੰ ਇਹ ਵੀ ਯਾਦ ਰੱਖਣਾ ਚਾਹੀਦਾ ਹੈ ਕਿ

*ਦਿਆਲ ਸਿੰਘ ਕਾਲਜ ਦਾ ਨਾਮ ਵਿਗਾੜਨ ਜਾਂ ਹੋਰ ਇਸ ਵਰਗੇ ਮਸਲਿਆਂ ਵਿੱਚ ਸੰਘ ਪਰਿਵਾਰ ਦੀ ਦਖ਼ਲਅੰਦਾਜ਼ੀ ਖ਼ਿਲਾਫ਼ ਇਕੱਠੇ ਹੋ ਕੇ ਉਹ ਬਤੌਰ ਪੰਜਾਬੀ ਜਾਂ ਸਿੱਖ ਆਵਾਜ਼ ਬੁਲੰਦ ਕਰਨ, ਤਾਂ ਹੀ ਨਫ਼ਰਤ ਭੜਕਾਉਣ ਵਾਲੀਆਂ ਇਸ ਤਰ੍ਹਾਂ ਦੀਆਂ ਤਾਕਤਾਂ ਨੂੰ ਠੱਲ੍ਹ ਪਾਈ ਜਾ ਸਕੇਗੀ।*




ਹਿੰਦੁਸਤਾਨ ਵਿੱਚ ਹਿੰਦੂਤਵ ਜੋ ਆਜ਼ਾਦੀ ਦਾ ਨਿੱਘ ਮਾਣ ਰਿਹਾ ਹੈ, ਉਸ ਨਿੱਘ ਹੇਠਾਂ ਜੋ ਅੱਗ ਬਲ ਰਹੀ ਹੈ, ਉਸ ਵਿੱਚ ਲੱਖਾਂ ਸਿੱਖਾਂ ਨੇ ਆਪਣਾ ਜੀਵਨ ਬਲੀਦਾਨ ਕੀਤਾ ਹੈ। ਉਹ ਆਰਐੱਸਐੱਸ ਵਾਂਗ ਆਜ਼ਾਦੀ ਦੀ ਲੜਾਈ ਸਮੇਂ ਖ਼ਾਮੋਸ਼ ਨਹੀਂ ਸਨ ਬੈਠੇ ਰਹੇ। ਭਾਰਤ ਦੀ ਆਜ਼ਾਦੀ ਲਈ ਹੀ ਉਹ ਆਪਣੇ ਘਰ-ਬਾਰ, ਕਾਰੋਬਾਰ ਭੇਟ ਚਾੜ੍ਹ ਕੇ ਇੱਧਰ ਆਏ ਸਨ ਅਤੇ ਇੱਧਰ ਆ ਕੇ ਵੀ ਉਨ੍ਹਾਂ ਨੇ ਆਪਣੀ ਹੱਡ ਭੰਨਵੀਂ ਮਿਹਨਤ ਨਾਲ ਹਿੰਦੁਸਤਾਨ ਨੂੰ ਭੁੱਖਮਰੀ ਨਾਲ ਲੜਨ ਦੇ ਕਾਬਲ ਬਣਾਇਆ ਅਤੇ ਅਨਾਜ ਦੀ ਪੈਦਾਵਾਰ ਨਾਲ ਇਸ ਨੂੰ ਆਪਣੇ ਪੈਰਾਂ 'ਤੇ ਖੜ੍ਹਾ ਕੀਤਾ। ਅੱਜ ਜਿਸ ਸਮੇਂ ਆਰਐੱਸਐੱਸ ਭਾਰਤੀ ਸਮਾਜ ਵਿੱਚ ਨਫ਼ਰਤ ਫੈਲਾ ਰਹੀ ਹੈ, ਕਰਮ-ਕਾਂਡ ਅਤੇ ਜਾਤ-ਪਾਤ ਨੂੰ ਦੁਬਾਰਾ ਸੁਰਜੀਤ ਕੀਤਾ ਜਾ ਰਿਹਾ ਹੈ, ਉੱਥੇ ਸਿੱਖ ਸਮਾਜ ਦੁਨੀਆਂ ਨੂੰ ਗੁਰੂਆਂ ਦਾ ਸ਼ਾਂਤੀ ਦਾ ਸੰਦੇਸ਼ ਦੇ ਰਿਹਾ ਹੈ ਅਤੇ ਮਿਲ ਬੈਠ ਕੇ ਰਹਿਣ ਦਾ ਹੋਕਾ ਦੇ ਰਹੇ ਹਨ। ਜਿੱਥੇ ਦੁਨੀਆਂ ਵਿੱਚ ਹਿੰਦੂਤਵੀ ਤਾਕਤਾਂ ਦੀ ਨਿੰਦਾ ਹੋ ਰਹੀ ਹੈ, ਉੱਥੇ ਸਿੱਖਾਂ ਦੇ ਮਾਨਵਤਾ ਦੀ ਸੇਵਾ ਦੇ ਕੰਮਾਂ ਨੂੰ ਦੁਨੀਆਂ ਦਾ ਹਰ ਦੇਸ਼ ਅਤੇ ਹਰ ਤਬਕਾ ਸਰਾਹ ਰਿਹਾ ਹੈ।

ਦੂਸਰਾ, ਇਹ ਸ਼ਬਦ ਵੰਦੇ ਮਾਤਰਮ ਜਿਸ ਉਪਰ ਕਮਿਊਨਿਸਟਾਂ, ਦਲਿਤ ਅਤੇ ਮੁਸਲਮਾਨ ਭਾਈਚਾਰੇ ਨੂੰ ਇਤਰਾਜ਼ ਹੈ, ਉਸ 'ਤੇ ਹੁਣ ਸਿੱਖ ਵੀ ਇਤਰਾਜ਼ ਕਰਦੇ ਹਨ। ਇਹ ਸਾਰਾ ਕੁਝ ਸੁਭਾਵਿਕ ਨਹੀਂ ਹੈ। ਵੰਦੇ ਮਾਤਰਮ ਸ਼ਬਦ ਦੀ ਕਾਢ ਮੁਸਲਮਾਨ ਭਾਈਚਾਰੇ ਖ਼ਿਲਾਫ਼ ਹਿੰਦੂ ਭਾਈਚਾਰੇ ਨੂੰ ਉਕਸਾਉਣ ਲਈ ਬੰਕਿਮਚੰਦਰ ਚੈਟਰਜੀ ਨੇ ਕੀਤੀ, ਜਿਸ ਨੂੰ ਤਾਲੀਮ ਮੁਸਲਮਾਨ ਟਰੱਸਟ ਵੱਲੋਂ ਦਿਵਾਈ ਗਈ ਸੀ। ਉਸ ਵੱਲੋਂ ਲਿਖੇ ਨਾਵਲ 'ਆਨੰਦ ਮੱਠ' ਵਿੱਚ ਮੱਠ ਦੇ ਪੁਜਾਰੀਆਂ ਨੂੰ ਹਿੰਦੂ ਨੌਜਵਾਨਾਂ ਵਿੱਚ ਮੁਸਲਮਾਨਾਂ ਦੇ ਖ਼ਿਲਾਫ਼ ਨਫ਼ਰਤ ਪੈਦਾ ਕਰਨ ਲਈ ਕਿਹਾ ਗਿਆ ਹੈ। ਹੁਣ ਇਹੋ ਜਿਹੇ ਸ਼ਬਦ ਨੂੰ ਦਿਆਲ ਸਿੰਘ ਕਾਲਜ ਵਰਗੇ ਅਦਾਰੇ ਨਾਲ ਜੋੜਨਾ ਭਾਰਤ ਦੀਆਂ ਦੋ ਘੱਟ ਗਿਣਤੀਆਂ ਵਿਚਕਾਰ ਮਤਭੇਦ ਪੈਦਾ ਕਰਨ ਦਾ ਮਨਸੂਬਾ ਜਾਪਦਾ ਹੈ।

ਇਸੇ ਪ੍ਰਸੰਗ ਵਿੱਚ ਪੰਜਾਬ ਅਤੇ ਪੰਜਾਬੀਅਤ ਨਾਲ ਜੁੜੀਆਂ ਸਾਰੀਆਂ ਸਿਆਸੀ ਪਾਰਟੀਆਂ ਨੂੰ ਬੇਨਤੀ ਹੈ ਕਿ ਉਹ ਆਪਣੇ ਸਿਆਸੀ ਮਤਭੇਦ ਮਿਟਾ ਕੇ ਅਤੇ ਛੋਟੇ ਹਿਤਾਂ ਤੋਂ ਉਪਰ ਉੱਠ ਕੇ ਪੰਜਾਬ ਅਤੇ ਪੰਜਾਬੀਆਂ ਦੀਆਂ ਮੰਗਾਂ ਮਨਾਉਣ ਵਾਸਤੇ ਦਿੱਲੀ ਸਰਕਾਰ ਉੱਤੇ ਸਾਂਝਾ ਦਬਾਓ ਪਾਉਣ। ਦਿਆਲ ਸਿੰਘ ਕਾਲਜ ਦਾ ਨਾਮ ਵਿਗਾੜਨ ਜਾਂ ਹੋਰ ਇਸ ਵਰਗੇ ਮਸਲਿਆਂ ਵਿੱਚ ਸੰਘ ਪਰਿਵਾਰ ਦੀ ਦਖ਼ਲਅੰਦਾਜ਼ੀ ਖ਼ਿਲਾਫ਼ ਇਕੱਠੇ ਹੋ ਕੇ ਉਹ ਬਤੌਰ ਪੰਜਾਬੀ ਜਾਂ ਸਿੱਖ ਆਵਾਜ਼ ਬੁਲੰਦ ਕਰਨ, ਤਾਂ ਹੀ ਨਫ਼ਰਤ ਭੜਕਾਉਣ ਵਾਲੀਆਂ ਇਸ ਤਰ੍ਹਾਂ ਦੀਆਂ ਤਾਕਤਾਂ ਨੂੰ ਠੱਲ੍ਹ ਪਾਈ ਜਾ ਸਕੇਗੀ।

# ਭੂਤ, ਪ੍ਰੇਤ, ਮੰਤਰ ਅਤੇ ਟੂਣੇ ਸਭ ਅੰਧ-ਵਿਸ਼ਵਾਸ

**ਅਨੰਤ ਰਾਮ**

ਭੂਤਾਂ, ਪ੍ਰੇਤਾਂ ਤੋਂ ਖਹਿੜਾ ਛੁਡਾਉਣ ਵਾਲੀ ਵਿੱਦਿਆ ਤੇ ਕਾਲਾ ਜਾਦੂ ਅੱਜ ਵੀ ਭਾਰਤੀਆਂ ਦੀ ਜ਼ਿੰਦਗੀ ਤੇ ਆਪਣਾ ਪ੍ਰਭਾਵ ਪਾ ਰਿਹਾ ਹੈ। ਭਾਵੇਂ ਵਿੱਦਿਆ ਦੇ ਪਸਾਰੇ ਨਾਲ ਇਹ ਅੰਧ-ਵਿਸ਼ਵਾਸ ਦਿਨੋਂ ਦਿਨ ਘੱਟ ਰਹੇ ਹਨ, ਪਰ ਫਿਰ ਲੱਖਾਂ ਹੀ ਵਿਅਕਤੀ ਅਜਿਹੇ ਹਨ ਜਿਹੜੇ ਅਜੇ ਵੀ ਤਾਂਤਰਿਕਾਂ, ਚੇਲਿਆਂ, ਸਿਆਣਿਆਂ ਅਤੇ ਅਖੌਤੀ ਬਾਬਿਆਂ ਵਿੱਚ ਅਟੁੱਟ ਵਿਸ਼ਵਾਸ ਰੱਖਦੇ ਹਨ।

1950 ਵਿੱਚ ਮੱਧ ਪ੍ਰਦੇਸ਼ ਦੇ ਭਿੰਡਵਾਲਾ ਕਸਬੇ ਵਿਖੇ ਮੇਰੀ ਜਾਣ ਪਛਾਣ ਇੱਕ ਤਾਂਤਰਿਕ ਜਿਸ ਦਾ ਨਾਂ ਟਿਕਲੇ ਸੀ, ਨਾਲ ਕਰਵਾਈ ਗਈ। ਇਹ ਦਾਅਵਾ ਕੀਤਾ ਜਾਂਦਾ ਸੀ ਕਿ ਉਸ ਨੇ ਮੰਤਰਾਂ ਦੇ ਜਾਪ ਰਾਹੀਂ ਦੈਵੀ ਸ਼ਕਤੀ ਕਾਬੂ ਕੀਤੀ ਹੋਈ ਹੈ। ਤਾਂਤਰਿਕ ਨੇ ਮੈਨੂੰ ਆਪ ਦੱਸਿਆ ਕਿ ਉਸ ਨੇ ਇੱਕ ਗੁਜਰਾਤੀ ਜਾਦੂਗਰ ਤੋਂ ਵਿੱਦਿਆ ਹਾਸਲ ਕੀਤੀ ਹੈ। ਉਸ ਨਾਲ ਨੇੜਤਾ ਵਧਾ ਕੇ ਇੱਕ ਦਿਨ ਮੈਂ ਉਸ ਨੂੰ ਭੂਤ ਵਿੱਦਿਆ ਸਿੱਖਣ ਦੀ ਆਪਣੀ ਇੱਛਾ ਜ਼ਾਹਿਰ ਕੀਤੀ, ਪਰੰਤੂ ਉਸ ਨੇ ਕੋਈ ਹੁੰਗਾਰਾ ਨਾ ਭਰਿਆ। ਪਰੰਤੂ ਮੈਂ ਉਸ ਨੂੰ ਬਹੁਤ ਸਾਰੀ ਫੂਕ ਛਕਾਉਣ ਤੋਂ ਬਾਅਦ ਆਖਰ ਰਜ਼ਾਮੰਦ ਕਰ ਹੀ ਲਿਆ।

ਉਸ ਨੇ ਮੈਨੂੰ ਇੱਕ ਮੁਸਲਮਾਨੀ ਮੰਤਰ ਸਭ ਤੋਂ ਪਹਿਲਾਂ ਲਿਖਵਾਇਆ। ਉਸ ਨੇ ਦੱਸਿਆ ਕਿ ਭਾਰਤੀ ਦੇਵੀਆਂ, ਦੇਵਤੇ, ਭੂਤ ਮੁਸਲਮਾਨੀ ਮੰਤਰਾਂ ਤੋਂ ਬਹੁਤ ਡਰਦੇ ਹਨ। ਇੱਕ ਵੀ ਅਜਿਹਾ ਭੂਤ ਨਹੀਂ, ਜਿਸ ਨੂੰ ਮੁਸਲਮਾਨੀ ਮੰਤਰ ਨਾਲ ਭਜਾਇਆ ਨਾ ਜਾ ਸਕਦਾ ਹੋਵੇ। ਮੁਸਲਮਾਨੀ ਮੰਤਰ ਥੋੜ੍ਹੇ ਸਮੇਂ ਵਿੱਚ ਹੀ ਸਿੱਖੇ ਜਾ ਸਕਦੇ ਹਨ। ਉਸ ਨੇ ਮੈਨੂੰ ਘਰ ਵਿੱਚ ਇੱਕ ਮਿੱਟੀ ਦੀ ਕਬਰ ਬਣਾ ਕੇ ਉਸ ਨੂੰ ਹਰੇ ਕੱਪੜੇ ਨਾਲ ਢੱਕਣ ਲਈ ਕਿਹਾ ਤੇ ਮੈਂ ਉਸ 'ਤੇ ਰੋਜ਼ ਧੂਫ ਬੱਤੀ ਕਰਨੀ ਵੀ ਸ਼ੁਰੂ ਕਰ ਦਿੱਤੀ। ਇਸ ਤਰ੍ਹਾਂ ਇਹ ਕਬਰ ਬਣਾਉਣ ਤੋਂ ਬਾਅਦ ਮੈਂ ਦਿਨ ਵਿੱਚ ਅੱਠ ਵਾਰ ਮੰਤਰ ਪੜ੍ਹਦਾ ਸੀ। ਇਹ ਮੰਤਰ ਮੈਂ 21 ਦਿਨ ਪੜ੍ਹਨੇ ਸਨ। ਉਸ ਨੇ ਮੈਨੂੰ ਵਿਸ਼ਵਾਸ ਦਿਵਾਇਆ ਸੀ ਕਿ 21ਵੇਂ ਦਿਨ ਭੂਰੀ ਦਾਹੜੀ ਵਾਲਾ ਤੇ ਚਿੱਟੀ ਪੁਸ਼ਾਕ ਵਾਲਾ ਬੁੱਢਾ ਆਦਮੀ ਮੈਨੂੰ ਸੁਫਨੇ ਵਿੱਚ ਵਿਖਾਈ ਦੇਵੇਗਾ। ਪੀਰ ਸਾਹਿਬ ਦੇ ਮੇਰੇ ਵੱਸ ਵਿੱਚ ਹੋਣ ਦੀ ਇਹ ਪੱਕੀ ਨਿਸ਼ਾਨੀ ਹੋਵੇਗੀ।

ਜਿਵੇਂ ਹਦਾਇਤ ਦਿੱਤੀ ਗਈ ਸੀ ਮੈਂ 21 ਦਿਨ ਇਹ ਰਸਮਾਂ ਪੂਰੀ ਇਮਾਨਦਾਰੀ ਨਾਲ ਨਿਭਾਈਆਂ ਤੇ 21ਵੇਂ ਦਿਨ ਮੈਂ ਪੀਰ ਸਾਹਿਬ ਬਾਰੇ ਸੋਚਦਾ ਹੀ ਮੰਜੇ 'ਤੇ ਸੌਂ ਗਿਆ। ਉਸੇ ਰਾਤ ਪੀਰ ਸਾਹਿਬ ਮੈਨੂੰ ਸੁਫਨੇ ਵਿੱਚ ਮਿਲ ਗਏ। ਅਗਲੀ ਸਵੇਰ ਟਿਕਲੇ ਨੇ ਕਿਹਾ ਕਿ ਹੁਣ ਤੇਰੀ ਮੰਤਰਾਂ ਵਿੱਚ ਮੁਹਾਰਤ ਹੋ ਗਈ ਅਤੇ ਤੂੰ ਦੁਨੀਆਂ ਦੀਆਂ ਸਭ ਤੋਂ ਸ਼ਕਤੀਸ਼ਾਲੀ ਭੂਤਾਂ ਨੂੰ ਵੀ ਕਾਬੂ ਵਿੱਚ ਕਰ ਸਕਦਾ ਹੈਂ। ਇੱਕ ਦਿਨ ਇੱਕ ਆਦਮੀ ਉਸ ਡੇਰੇ ਵਿੱਚ ਆਇਆ ਤੇ ਬੇਨਤੀ ਕੀਤੀ ਕਿ ਉਸ ਦੀ ਲੜਕੀ ਦਾ ਭੂਤ ਤੋਂ ਖਹਿੜਾ ਛੁਡਵਾਇਆ ਜਾਵੇ। ਟਿਕਲੇ ਨੇ ਉਸ ਵਿਅਕਤੀ ਨੂੰ ਮੇਰੇ ਬਾਰੇ ਦੱਸਿਆ ਕਿ "ਉਹ ਬੰਗਾਲੀ ਜਾਦੂ ਜਾਣਦਾ ਹੈ ਤੇ ਮੈਂ ਉਸ ਨੂੰ ਲੈ ਕੇ ਤੁਹਾਡੇ ਘਰ ਆਵਾਂਗਾ।"

ਉਸ ਆਦਮੀ ਦੇ ਜਾਣ ਤੋਂ ਬਾਅਦ ਟਿਕਲੇ ਨੇ ਮੈਨੂੰ ਇਸ ਕਿੱਤੇ ਬਾਰੇ ਬਹੁਤ ਸਾਰੇ ਗੁਪਤ ਭੇਦ ਦੱਸੇ। ਉਸ ਨੇ ਕਿਹਾ, "ਇਸ ਕਿੱਤੇ ਵਿੱਚ ਸਿਰਫ਼ ਮਾਨਸਿਕ ਪ੍ਰਭਾਵ ਹੀ ਹੁੰਦਾ ਹੈ ਜੋ ਆਪਣਾ ਅਸਰ ਵਿਖਾਉਂਦਾ । ਇਸ ਲਈ ਭੂਤਾਂ ਨੂੰ ਕੱਢਣ ਵਾਲੇ ਵਿਅਕਤੀ ਦੀ ਹਰ



ਗੱਲ ਪ੍ਰਭਾਵਸ਼ਾਲੀ ਹੋਣੀ ਚਾਹੀਦੀ ਹੈ।"ਤਾਜ਼ਾ ਮੁੰਨਿਆ ਹੋਇਆ ਅਤੇ ਤੇਲ ਨਾਲ ਚੋਪੜਿਆ ਹੋਇਆ ਸਿਰ, ਇੱਕ ਹੱਥ ਵਿੱਚ ਚਿਮਟਾ ਦੂਜੇ ਵਿੱਚ ਖੋਪੜੀ ਵੱਧ ਪ੍ਰਭਾਵ ਪਾਉਂਦੀਆਂ ਨ। ਗੋਡਿਆਂ ਤੋਂ ਹੇਠਾਂ ਤੱਕ ਲਮਕਦਾ ਕਮੀਜ਼ ਤੇ ਕਮਰ ਦੁਆਲੇ ਇੱਕ ਲੁੰਗੀ ਜ਼ਰੂਰ ਪਹਿਨ ਲੈਣੀ ਚਾਹੀਦੀ ਹੈ ਤੇ ਥੋੜ੍ਹਾ ਜਿਹਾ ਸੰਧੂਰ ਵੀ ਲਾ ਲੈਣਾ ਚਾਹੀਦਾ ਹੈ। ਆਪਣੀ ਬਾਂਹ ਵਿੱਚ 5-6 ਕੜੇ ਪਾ ਤੇ ਗਲ ਵਿੱਚ 5-6 ਮਾਲਾ ਪਾ ਲੈਣੀਆਂ ਚਾਹੀਦੀਆਂ ਹਨ।"

"ਇਸ ਤੋਂ ਅਗਲਾ ਕੰਮ ਇਹ ਕਰੋ ਕਿ ਵੱਧ ਤੋਂ ਵੱਧ ਮਾਤਰਾ ਵਿੱਚ ਗੁੱਗਲ ਤੇ ਧੂਫ਼ ਜਲਾਓ ਤਾਂ ਜੋ ਮਾਹੌਲ ਕਾਫੀ ਸਾਰਾ ਧੂੰਏਂ ਵਾਲਾ ਹੋ ਜਾਵੇ। ਕੋਸ਼ਿਸ਼ ਇਹ ਕਰਨੀ ਚਾਹੀਦੀ ਹੈ ਕਿ ਬਹੁਤਾ ਧੂੰਆਂ ਭੂਤ ਦੇ ਅਸਰ ਵਾਲੇ ਵਿਅਕਤੀ ਦੇ ਕੋਲ ਕੀਤਾ ਜਾਵੇ, ਤਾਂ ਜੋ ਉਹ ਲਗਾਤਾਰ ਧੂੰਏਂ ਵਿੱਚ ਸਾਹ ਲੈਂਦਾ ਰਹੇ।"

ਟਿਕਲੇ ਨੇ ਦੱਸਿਆ ਕਿ ਇਨ੍ਹਾਂ ਚੀਜ਼ਾਂ ਦਾ ਧੂੰਆਂ ਜ਼ਹਿਰੀਲਾ ਹੁੰਦਾ ਹੈ ਤੇ ਇਹ ਵਿਅਕਤੀ ਦੇ ਸਿਰ ਨੂੰ ਚਕਰਾਉਣ ਲਾ ਦਿੰਦਾ ਹੈ ਤੇ ਵਿਅਕਤੀ ਆਪਣਾ ਸਿਰ ਘੁਮਾਉਣ ਲੱਗ ਜਾਂਦਾ ਹੈ। ਕਿਹਾ ਜਾਂਦਾ ਹੈ ਕਿ ਸੰਬੰਧਿਤ ਵਿਅਕਤੀ ਵਿੱਚ ਅਸਰ ਆ ਗਿਆ ਹੈ। ਕਿਉਂਕਿ ਅਸਰ ਵਾਲੇ ਵਿਅਕਤੀ ਦੀ ਦਿਮਾਗ਼ੀ ਹਾਲਤ ਠੀਕ ਨਹੀਂ ਹੁੰਦੀ। ਇਸ ਲਈ ਉਹ ਸੁਆਲਾਂ ਦਾ ਜੁਆਬ ਉਘੜੇ ਦੁਘੜੇ ਢੰਗ ਨਾਲ ਦੇਣ ਲੱਗ ਜਾਂਦਾ ਹੈ। ਥੋੜ੍ਹੇ ਜਿਹੇ ਅਭਿਆਸ ਨਾਲ ਹੀ ਕੋਈ ਵੀ ਵਿਅਕਤੀ ਇਸ ਭੂਤਾਂ ਕੱਢਣ ਦੇ ਢੰਗ ਨੂੰ ਸਿੱਖ ਸਕਦਾ ਹੈ।

ਮੈਂ ਪਹਿਲਾਂ ਹੀ ਟਿਕਲੇ ਦੇ ਭੂਤਾਂ ਕੱਢਣ ਦੇ ਢੰਗ ਨੂੰ ਵੇਖ ਚੁੱਕਿਆ ਸੀ। ਹੁਣ ਮੈਂ ਉਸ ਦੀ ਦੇਖ ਭਾਲ ਅਧੀਨ ਇਸ ਆਉਣ ਵਾਲੀ ਪ੍ਰਦਰਸ਼ਨੀ ਲਈ ਕਾਫੀ ਤਿਆਰੀ ਕੀਤੀ। ਮੈਂ ਲੜਕੀ ਵਿੱਚੋਂ ਭੂਤ ਕੱਢਣ ਵਾਲੇ ਸਿਆਣੇ ਦਾ ਕੰਮ ਕਰਨਾ ਸੀ।

ਮੇਰਾ ਮਰੀਜ਼ ਮੈਥੋਂ 3-4 ਫੁੱਟ ਦੀ ਦੂਰੀ 'ਤੇ ਬੈਠ ਗਿਆ। ਉਸ ਨੂੰ ਚੌਕੜੀ ਮਾਰ ਕੇ ਬੈਠਣ ਲਈ ਕਿਹਾ ਗਿਆ ਅਤੇ ਉਸ ਨੇ ਆਪਣੇ ਹੱਥ ਜ਼ਮੀਨ ਨਾਲ ਅੱਗੇ ਵੱਲ ਰੱਖਣੇ ਸਨ। ਸਾਡੇ ਦੋਹਾਂ ਦੇ ਵਿਚਕਾਰ ਸੱਤ ਕਿਸਮ ਦੇ ਅਨਾਜ ਦੀਆਂ ਸੱਤ ਢੇਰੀਆਂ ਲਵਾਈਆਂ ਗਈਆਂ ਸਨ। ਇਨ੍ਹਾਂ ਢੇਰੀਆਂ ਬਾਰੇ ਦੱਸਿਆ ਗਿਆ ਕਿ ਇਹ ਵੱਖ-ਵੱਖ ਕਿਸਮ ਦੇ ਸੱਤ ਭੂਤਾਂ ਦੀਆਂ ਢੇਰੀਆਂ ਹਨ। ਕਿਹਾ ਜਾਂਦਾ ਸੀ ਕਿ ਭੂਤ ਦੇ ਅਸਰ ਵਾਲੇ ਵਿਅਕਤੀ ਦੇ ਹੱਥ ਉਸ ਖ਼ਾਸ ਢੇਰੀ ਨੂੰ ਸਪੱਰਸ਼ ਕਰਨਗੇ, ਜਿਸ ਕਿਸਮ ਦੀ ਭੂਤ ਉਸ ਵਿਅਕਤੀ ਵਿੱਚ ਹੋਵੇਗੀ।

ਇਸ ਤਰ੍ਹਾਂ ਭੂਤ ਕੱਢਣ ਵਾਲੇ ਨੇ ਇਹ ਦੱਸਣਾ ਸੀ ਕਿ ਅਸਰ ਵਾਲੇ ਵਿਅਕਤੀ ਵਿੱਚ ਜਿੰਨ, ਚੁੜੇਲ ਜਾਂ ਬ੍ਰਹਮਰਾਖਸ਼ ਹੈ? ਫਿਰ ਇਨ੍ਹਾਂ ਦੀ ਪੂਜਾ ਭੂਤ ਦੀ ਹੈਸੀਅਤ ਅਨੁਸਾਰ ਕਰਨੀ ਸੀ। ਭੂਤ ਕੱਢਣ ਵਾਲੇ ਵਿਅਕਤੀ ਨੇ ਸਮੱਗਰੀ ਅਤੇ ਆਪਣਾ ਮਿਹਨਤਾਨਾ ਇਸ ਦੇ ਆਧਾਰ 'ਤੇ ਹੀ ਵਸੂਲ ਕਰਨਾ ਸੀ।

ਘਰੋਂ ਤੁਰਨ ਸਮੇਂ ਹੀ ਟਿਕਲੇ ਨੇ ਮੈਨੂੰ ਹਦਾਇਤ ਕੀਤੀ ਸੀ ਕਿ ਜਦੋਂ ਕੁੜੀ ਆਪਣਾ ਹੱਥ ਅੱਗੇ ਵਧਾ ਕੇ ਕਿਸੇ ਵੀ ਢੇਰੀ ਨੂੰ ਦੇਵੇਗੀ, ਤਾਂ ਮੈਂ ਐਲਾਨ ਕਰ ਦੇਣਾ ਹੈ ਕਿ ਇਹ ਨੇੜੇ ਦੇ ਰੁੱਖ ਦੀ ਚੁੜੇਲ ਹੈ। ਇਸ ਤਰ੍ਹਾਂ ਮੈਂ ਉੱਚੀ-ਉੱਚੀ ਅਵਾਜ਼ ਵਿੱਚ ਕਲਮਾਂ ਪੜ੍ਹਨੀਆਂ ਸ਼ੁਰੂ ਕਰ ਦਿੱਤੀਆਂ ਅਤੇ ਕਾਫੀ ਸਾਰੀ ਗੁੱਗਲ ਤੇ ਧੂਫ਼ ਵੀ ਜਲਾ ਦਿੱਤੇ ਤੇ ਪੀਰ ਸਾਹਿਬ ਨੂੰ ਕੁੜੀ ਵਿੱਚ ਆਈ ਭੂਤ ਨੂੰ ਲੈ ਕੇ ਆਉਣ ਦਾ ਹੁਕਮ ਦਿੱਤਾ, ਤਾਂ ਜੋ ਲੜਕੀ ਸੰਬੰਧਿਤ ਢੇਰੀ ਨੂੰ ਛੂਹ ਦੇਵੇ।

ਮੈਂ ਮੰਤਰ ਪੜ੍ਹਦਾ ਰਿਹਾ ਅਤੇ ਨਾਲ ਦੀ ਨਾਲ ਕੁੜੀ ਦੇ ਮੂੰਹ 'ਤੇ ਧੂੰਆਂ ਵੀ ਸੁੱਟਦਾ ਰਿਹਾ। ਥੋੜ੍ਹੇ ਜਿਹੇ ਸਮੇਂ ਵਿੱਚ ਹੀ ਕੁੜੀ ਦੇ ਹੱਥ ਅੱਗੇ ਵੱਲ ਵਧਣ ਲੱਗੇ "ਇਹ ਬਿਲਕੁਲ ਠੀਕ ਹੈ।" ਮੈਂ ਚੀਕਿਆ "ਅੱਗੇ ਵਧੋ" "ਹੋਰ ਅੱਗੇ ਵਧੋ" ਮੈਂ ਕਿਹਾ "ਰੁਕੋ ਨਾ ਚੱਲਦੇ ਰਹੋ।"

ਇੱਕ ਢੇਰੀ ਨੂੰ ਸਪਰਸ਼ ਕਰਦੇ ਵੇਖ ਕੇ ਮੈਂ ਵੀ ਹੈਰਾਨ ਹੋਏ ਬਿਨਾਂ ਨਾ ਰਹਿ ਸਕਿਆ। ਲੜਕੀ ਦੇ ਹੱਥ ਅਚਾਨਕ ਹੀ ਇੱਕ ਢੇਰੀ 'ਤੇ ਆ ਕੇ ਰੁਕ ਗਏ। ਮੇਰੇ ਗੁਰੂ ਅਨੁਸਾਰ ਤਾਂ ਇਹ ਢੇਰੀ ਬ੍ਰਹਮਾਰਾਖਸ਼ ਦੀ ਬਣਦੀ ਸੀ। ਪਰੰਤੂ ਟਿਕਲੇ ਨੇ ਮੈਨੂੰ ਇਹ ਚੁੜੇਲ ਦੀ ਹੋਣ ਦਾ ਐਲਾਨ ਕਰਨ ਬਾਰੇ ਕਿਹਾ ਸੀ। ਇਸ ਲਈ ਮੈਂ ਇਹ ਐਲਾਨ ਕਰ ਦਿੱਤਾ ਕਿ ਲੜਕੀ ਵਿੱਚ ਚੁੜੇਲ ਆਈ ਹੋਈ ਹੈ। ਭੀੜ ਤਾਂ ਲੜਕੀ ਦੇ ਹੱਥਾਂ ਨੂੰ ਆਪਣੇ ਆਪ ਅੱਗੇ ਵਧਦੇ ਵੇਖ ਕੇ ਹੀ ਹੈਰਾਨ ਹੋ ਗਈ। ਟਿਕਲੇ ਵੀ ਹੈਰਾਨ ਹੋਣ ਤਾਂ ਪਾਖੰਡ ਰਚ ਕੇ ਲੋਕਾਂ 'ਤੇ ਆਪਣਾ ਪ੍ਰਭਾਵ ਪਾ ਰਿਹਾ ਸੀ। "ਤੁਹਾਡੀ ਲੜਕੀ ਨੇ ਸਾਡੇ ਮੰਤਰ ਦੇ ਪ੍ਰਭਾਵ ਨਾਲ ਆਪਣੇ ਹੱਥ ਅੱਗੇ ਕੀਤੇ ਹਨ।"

ਮੁੱਢਲੀ ਪਰਖ ਖ਼ਤਮ ਹੋਣ ਤੋਂ ਬਾਅਦ ਦਰਸ਼ਕ ਆਪਣੇ-ਆਪਣੇ ਘਰਾਂ ਨੂੰ ਚਲੇ ਗਏ। ਲੜਕੀ ਤੇ ਉਸ ਦੇ ਮਾਪੇ ਰਹਿ ਗਏ। ਟਿਕਲੇ ਨੇ ਉਹਨਾਂ ਨੂੰ ਦੱਸਿਆ ਕਿ "ਤੁਹਾਡੇ ਗੁਆਂਢ ਵਿੱਚ ਕੁਝ ਝਾੜੀਆਂ ਹਨ। ਉਹਨਾਂ ਵਿੱਚ ਇਹ ਚੁੜੇਲ ਰਹਿੰਦੀ ਹੈ। ਇੱਕ ਰਾਤ ਲੜਕੀ ਪਿਸ਼ਾਬ ਕਰਨ ਲਈ ਗਈ, ਤਾਂ ਉਸੇ ਸਮੇਂ ਚੁੜੇਲ ਵੀ ਘਰ ਦੇ ਆਲੇ-ਦੁਆਲੇ ਚੱਕਰ ਲਾ ਰਹੀ ਸੀ। ਇਸ ਤਰ੍ਹਾਂ ਉਹ ਚੁੜੇਲ ਲੜਕੀ ਵਿੱਚ ਦਾਖਲ ਹੋ ਗਈ ਹੈ। ਭੂਤ ਲੜਕੀ ਨਾਲ ਰਹਿ ਕੇ ਬਹੁਤ ਖ਼ੁਸ਼ ਹੈ। ਉਹ ਲੜਕੀ ਨਾਲ ਸਹੇਲਪੁਣਾ ਪਾਉਣਾ ਚਾਹੁੰਦੀ ਹੈ।"

ਫਿਰ ਟਿਕਲੇ ਨੇ ਮਾਪਿਆਂ ਨੂੰ ਚੁੜੇਲ ਕੱਢਣ ਲਈ ਲੋੜੀਂਦੀ ਸਮੱਗਰੀ ਦੱਸ ਦਿੱਤੀ। ਉਸ ਨੇ ਮੇਰੇ ਵੱਲ ਇਸ਼ਾਰਾ ਕਰਕੇ ਕਿਹਾ ਕਿ ਇਹ ਤਾਂਤਰਿਕ ਮੌਲੀਆ ਚੁੜੇਲ ਨੂੰ ਬੋਲਣ ਲਈ ਅਤੇ ਲੜਕੀ ਨੂੰ ਛੱਡ ਕੇ ਜਾਣ ਲਈ ਮਜਬੂਰ ਕਰ ਦੇਵੇਗਾ। ਟਿਕਲੇ ਨੇ ਉਹਨਾਂ ਨੂੰ ਇੱਕ ਲੰਬੀ ਲਿਸਟ ਵੀ ਦਿੱਤੀ ਜਿਸ ਵਿੱਚ ਆਂਡੇ, ਮੁਰਗੇ ਤੋਂ ਇਲਾਵਾ ਸ਼ਰਾਬ ਵੀ ਲਿਖੀ ਹੋਈ ਸੀ। ਰਸਤੇ ਵਿੱਚ ਮੈਂ ਟਿਕਲੇ ਤੋਂ ਪੁੱਛਿਆ ਕਿ ਉਸ ਨੇ ਕਿਵੇਂ ਅੰਦਾਜ਼ਾ ਲਾਇਆ ਕਿ ਇਹ ਗੁਆਂਢ ਦੀਆਂ ਝਾੜੀਆਂ ਦੀ ਚੁੜੈਲ ਹੈ ਜੋ ਲੜਕੀ ਨੂੰ ਦੁਖੀ ਕਰ ਰਹੀ ਹੈ ਅਤੇ ਉਹ ਇਸ ਦੇ ਸਾਰੇ ਵੇਰਵੇ ਕਿਵੇਂ ਜਾਣਦਾ ਹੈ?

ਟਿਕਲੇ ਥੋੜ੍ਹਾ ਜਿਹਾ ਮੁਸਕਰਾਇਆ ਤੇ ਬੋਲਿਆ ਕਿ, "ਇਹ ਸਾਰਾ ਕੁਝ ਲੜਕੀ ਆਪਣੇ ਆਪ ਕੱਲ੍ਹ ਨੂੰ ਬੋਲੇਗੀ।" ਮੈਂ ਉਸ ਨੂੰ ਪੁੱਛਿਆ ਕਿ ਉਸ ਨੇ ਕਿਵੇਂ ਕਿਹਾ ਕਿ ਲੜਕੀ ਵਿੱਚ ਚੁੜੈਲ ਹੈ, ਜਦੋਂ ਕਿ ਉਸ ਨੇ ਹੱਥ ਤਾਂ ਬ੍ਰਹਮ ਰਾਖਸ਼ ਦੀ ਢੇਰੀ ਨੂੰ ਲਾਇਆ ਸੀ।"

ਦਾਨਿਆਂ ਦੇ ਢੇਰ ਤਾਂ ਲੋਕਾਂ 'ਤੇ ਪ੍ਰਭਾਵ ਪਾਉਣ ਲਈ ਹਨ। ਹਰ ਇੱਕ ਨੂੰ ਹਾਲਤ ਅਨੁਸਾਰ ਹੀ ਬੋਲਣਾ ਪੈਂਦਾ ਹੈ।

ਟਿਕਲੇ ਦੇ ਜੁਆਬ ਨੇ ਮੇਰੀ ਜਾਣਕਾਰੀ ਦੀ ਇੱਛਾ ਨੂੰ ਸੰਤੁਸ਼ਟ ਨਾ ਕੀਤਾ। ਮੈਂ ਆਪਣੇ ਕੰਮ ਨੂੰ ਵਾਰ-ਵਾਰ ਦੁਹਰਾਇਆ। ਉਸ ਦੀਆਂ ਹਦਾਇਤਾਂ ਅਨੁਸਾਰ ਪਾਠ ਪੂਜਾ ਵੀ ਕੀਤੀ। ਮੈਂ ਆਪਣੇ ਪੀਰ ਨੂੰ ਲੜਕੀ ਵਿਚਲੀ ਚੁੜੇਲ ਗ੍ਰਿਫ਼ਤਾਰ ਕਰਕੇ ਲਿਆਉਣ ਦਾ ਹੁਕਮ ਦਿੱਤਾ। ਧੂੰਏਂ ਦੇ ਅਸਰ ਕਾਰਨ ਲੜਕੀ ਨੇ ਆਪਣਾ ਸਿਰ ਘੁਮਾਉਣਾ ਸ਼ੁਰੂ ਕਰ ਦਿੱਤਾ। ਮੈਂ ਐਲਾਨ ਕਰ ਦਿੱਤਾ ਕਿ "ਪੀਰ ਸਾਹਿਬ ਚੁੜੇਲ ਨੂੰ ਕਾਬੂ ਕਰ ਲਿਆਏ ਹਨ।"

ਮੈਂ ਉੱਚੀ ਅਵਾਜ਼ ਵਿੱਚ ਲੜਕੀ ਨੂੰ ਪੁੱਛਿਆ, "ਇਹ ਕੌਣ ਹੈ?" ਲੜਕੀ ਨੇ ਜੁਆਬ ਦਿੱਤਾ 'ਚੁੜੇਲ'।

"ਇਹ ਕਿੱਥੇ ਹੈ? ਅਤੇ ਇਹ ਇੱਥੇ ਕਿਉਂ ਆਈ ਹੈ?" ਮੈਂ ਪੁੱਛਿਆ। ਉਸ ਦੀ ਹਾਜ਼ਰੀ ਵਿੱਚ ਕਿਹਾ ਸੀ। ਮੈਂ ਚੁੜੇਲ ਨੂੰ ਲੜਕੀ ਨੂੰ ਛੱਡ ਜਾਣ ਲਈ ਕਿਹਾ। ਇਸ ਤਰ੍ਹਾਂ ਭੂਤ ਕੱਢਣ ਤੋਂ ਬਾਅਦ ਮੈਂ ਤੇ ਟਿਕਲੇ ਝਾੜੀ ਕੋਲ ਗਏ, ਤਾਂ ਜੋ ਇਹ ਵਿਖਾਵਾ ਕੀਤਾ ਜਾ ਸਕੇ ਕਿ ਅਸੀਂ ਚੁੜੇਲ ਨੂੰ ਉਸ ਦੀ ਰਿਹਾਇਸ਼ਗਾਹ 'ਤੇ ਛੱਡ ਆਏ ਹਾਂ।

ਇਹ ਕਰਨ ਤੋਂ ਬਾਅਦ ਟਿਕਲੇ ਨੇ ਪੂਜਾ ਲਈ ਲਿਆਂਦੇ ਆਂਡੇ ਖਾ ਲਏ ਤੇ ਸ਼ਰਾਬ ਪੀ ਲਈ। ਬਾਕੀ ਰਹਿੰਦੀਆਂ ਵਸਤੂਆਂ ਵਿੱਚੋਂ ਉਸ ਨੇ ਲਾਭਕਾਰੀ ਚੀਜ਼ਾਂ ਇਕੱਠੀਆਂ ਕਰ ਲਈਆਂ। ਮੈਂ ਲੜਕੀ ਦੇ ਚਿਹਰੇ 'ਤੇ ਕੁਝ ਪਾਣੀ ਛਿੜਕਿਆ ਅਤੇ ਲੜਕੀ ਠੀਕ ਹਾਲਤ ਵਿੱਚ ਆ ਗਈ। ਕਿਉਂਕਿ ਪਾਣੀ ਗੁੱਗਲ ਦੇ ਧੂੰਏਂ ਦੇ ਜ਼ਹਿਰੀਲੇ ਅਸਰ ਨੂੰ ਘਟਾਉਂਦਾ ਹੈ ।

ਇਹ ਭੂਤਾਂ ਕੱਢਣ ਦਾ ਮੇਰਾ ਪਹਿਲਾ ਸਫਲ ਤਜਰਬਾ ਸੀ। ਇਸ ਤੋਂ ਬਾਅਦ ਮੈਂ ਬਹੁਤ ਸਾਰੀਆਂ ਭੂਤਾਂ ਦੇ ਅਸਰ ਵਾਲੀਆਂ ਔਰਤਾਂ ਨੂੰ ਠੀਕ ਕੀਤਾ ਹੈ। ਅੱਜ ਵੀ ਕਦੇ ਕਦੇ ਮੈਂ ਇਸ ਚਮਤਕਾਰ ਦਾ ਵਿਖਾਵਾ ਕਰਦਾ ਹਾਂ। ਪਰੰਤੂ ਮੈਨੂੰ ਇਹ ਪੂਰਾ ਯਕੀਨ ਹੈ ਕਿ ਭੂਤਾਂ ਪ੍ਰੇਤਾਂ ਦੀ ਕੋਈ ਹੋਂਦ ਨਹੀਂ ਹੁੰਦੀ। ਭੂਤਾਂ ਪ੍ਰੇਤਾਂ ਦੇ ਅਸਰ ਵਾਲੇ ਵਿਅਕਤੀਆਂ ਵਿੱਚ ਇੱਕ ਮਾਨਸਿਕ ਭਰਮ ਹੀ ਪੈਦਾ ਹੋਇਆ ਹੁੰਦਾ ਹੈ। ਟਿਕਲੇ ਨੇ ਲੰਬੇ ਸਮੇਂ ਬਾਅਦ ਹੀ ਮੈਨੂੰ ਇਸ ਕਿੱਤੇ ਦੇ ਗੁਪਤ ਭੇਦ ਦੱਸੇ। ਉਸ ਨੇ ਕਿਹਾ, "ਮੰਤਰਾਂ ਵਿੱਚ ਕੋਈ ਸ਼ਕਤੀ ਨਹੀਂ ਹੁੰਦੀ।"

ਕੁਝ ਲੋਕ ਅਜਿਹੇ ਹਨ, ਜਿਹੜੇ ਇਹ ਦਾਅਵਾ ਕਰਦੇ ਹਨ ਕਿ ਮੰਤਰਾਂ ਦਾ ਜਾਪ ਕਰਨ ਨਾਲ ਤੁਸੀਂ ਆਪਣੇ ਦੁਸ਼ਮਣ ਨੂੰ ਮਾਰ ਸਕਦੇ ਹੋ। ਅਜਿਹੇ ਵਿਅਕਤੀਆਂ ਨੂੰ ਕਹੋ ਕਿ ਤੁਸੀਂ ਆਪਣੇ ਰਾਹੀਂ ਇੱਕ ਚੂਹੇ ਨੂੰ ਮਾਰ ਕੇ ਵਿਖਾਓ। ਉਹ ਉਸ ਸਮੇਂ ਭੱਜ ਜਾਣਗੇ।

ਮੰਤਰਾਂ ਦਾ ਜਾਪ ਕਰਨਾ ਸਿਖਾਉਣ ਤੋਂ ਪਹਿਲਾਂ ਬਹੁਤ ਹੀ ਸਖ਼ਤ ਕਿਸਮ ਦੀਆਂ ਸ਼ਰਤਾਂ ਰੱਖੀਆਂ ਜਾਂਦੀਆਂ ਹਨ। ਜੇ ਭੂਤ ਵਿੱਦਿਆ ਸਿੱਖਣ ਲਈ ਅਜਿਹੀਆਂ ਸਖ਼ਤ ਸ਼ਰਤਾਂ ਨਾ ਰੱਖੀਆਂ ਜਾਣ ਤਾਂ ਕੋਈ ਵੀ ਇਸ ਵਿੱਚ ਵਿਸ਼ਵਾਸ ਨਹੀਂ ਰੱਖੇਗਾ। ਮੈਂ ਫਿਰ ਦੁਹਰਾਉਂਦਾ ਹਾਂ ਕਿ ਟੂਣਿਆਂ ਵਿੱਚ ਕਿਸੇ ਕਿਸਮ ਦੀ ਕੋਈ ਸ਼ਕਤੀ ਨਹੀਂ ਹੁੰਦੀ।

## ਈਡੀ ਵੱਲੋਂ ਮੋਦੀ-ਚੋਕਸੀ ਦੇ ਅਸਾਸਿਆਂ ਬਾਰੇ ਵੇਰਵੇ ਦੇਣ ਤੋਂ ਇਨਕਾਰ

**ਨਵੀਂ ਦਿੱਲੀ/ਬਿਊਰੋ ਨਿਊਜ਼:** ਐਨਫੋਰਸਮੈਂਟ ਡਾਇਰੈਕਟੋਰੇਟ ਨੇ ਨੀਰਵ ਮੋਦੀ ਤੇ ਮੇਹੁਲ ਚੋਕਸੀ ਦੇ ਟਿਕਾਣਿਆਂ 'ਤੇ ਮਾਰੇ ਛਾਪਿਆਂ ਦੌਰਾਨ ਜ਼ਬਤ ਕੀਤੇ ਅਸਾਸਿਆਂ ਦੇ ਵੇਰਵੇ ਸੂਚਨਾ ਦੇ ਅਧਿਕਾਰ ਕਾਨੂੰਨ ਤਹਿਤ ਨਸ਼ਰ ਕਰਨ ਤੋਂ ਮਨ੍ਹਾਂ ਕਰ ਦਿੱਤਾ ਹੈ। ਇਹ ਦੋਵੇਂ ਮੁਲਜ਼ਮ ਪੰਜਾਬ ਨੈਸ਼ਨਲ ਬੈਂਕ ਦਾ 13 ਹਜ਼ਾਰ ਕਰੋੜ ਰੁਪਏ ਤੋਂ ਵੱਧ ਦਾ ਕਰਜ਼ਾ ਮਾਰ ਕੇ ਵਿਦੇਸ਼ ਜਾ ਛੁਪੇ ਹਨ। ਹਾਲਾਂਕਿ ਈਡੀ ਨੇ ਕੁਝ ਦੇਰ ਪਹਿਲਾਂ ਟਵਿਟਰ 'ਤੇ ਦੱਸਿਆ ਸੀ ਕਿ ਉਸ ਨੇ ਮਾਮੇ-ਭਾਣਜੇ ਨਾਲ ਜੁੜੇ ਕੇਸਾਂ ਵਿੱਚ ਲਗਪਗ 7664 ਕਰੋੜ ਰੁਪਏ ਦੇ ਅਸਾਸੇ ਜ਼ਬਤ ਕੀਤੇ ਹਨ। ਈਡੀ ਨੇ ਦੋਵੇਂ ਵਪਾਰੀਆਂ ਨੂੰ ਦੇਸ਼ ਵਾਪਸ ਲੈ ਕੇ ਆਉਣ ਦੀਆਂ ਚਾਰਾਜੋਈਆਂ 'ਤੇ ਕੀਤੇ ਜਾ ਰਹੇ ਖਰਚੇ ਦੇ ਵੇਰਵੇ ਦੱਸਣ ਤੋਂ ਵੀ ਮਨ੍ਹਾਂ ਕਰ ਦਿੱਤਾ ਹੈ।

ਨੀਰਵ ਮੋਦੀ ਜਨਵਰੀ ਮਹੀਨੇ ਦੇਸ਼ ਛੱਡ ਕੇ ਦੌੜ ਗਿਆ ਸੀ ਜਦਕਿ ਉਸ ਤੋਂ ਕੁਝ ਦਿਨ ਪਹਿਲਾਂ ਉਹ ਦਾਵੋਸ ਸੰਮੇਲਨ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਗਏ ਕਾਰੋਬਾਰੀਆਂ ਦੇ ਵਫ਼ਦ ਵਿੱਚ ਸ਼ਾਮਲ ਸੀ। ਐਨਫੋਰਸਮੈਂਟ ਡਾਇਰੈਕਟੋਰੇਟ ਨੂੰ ਆਰਟੀਆਈ ਐਕਟ ਦੀ ਧਾਰਾ 24 ਤਹਿਤ ਜਾਣਕਾਰੀ ਨਸ਼ਰ ਕਰਨ ਤੋਂ ਛੋਟ ਮਿਲੀ ਹੋਈ ਹੈ ਪਰ ਭ੍ਰਿਸ਼ਟਾਚਾਰ ਦੇ ਕੇਸਾਂ ਵਿੱਚ ਇਹ ਛੋਟ ਹਾਸਲ ਨਹੀਂ ਹੈ। ਸੀਬੀਆਈ ਨੇ ਮੇਹੁਲ ਚੋਕਸੀ ਤੇ ਨੀਰਵ ਮੋਦੀ ਖ਼ਿਲਾਫ਼ ਭ੍ਰਿਸ਼ਟਾਚਾਰ ਤੇ ਧੋਖਾਧੜੀ ਦੇ ਦੋਸ਼ ਦਰਜ ਕੀਤੇ ਹਨ। ਪੁਣੇ ਦੇ ਕਾਰਕੁਨ ਵਿਹਾਰ ਧੁਵਰੇ ਨੇ ਚੋਕਸੀ ਤੇ ਮੋਦੀ ਨੂੰ ਭਾਰਤ ਵਾਪਸ ਲਿਆਉਣ ਲਈ ਈਡੀ ਦੇ ਅਫ਼ਸਰਾਂ ਦੇ ਹਵਾਈ ਖਰਚਿਆਂ, ਵਕੀਲਾਂ ਦੀਆਂ ਫੀਸਾਂ ਆਦਿ 'ਤੇ ਖਰਚ ਦੇ ਵੇਰਵੇ ਮੰਗੇ ਸਨ।

## ਨਮਾਜ਼ ਕੇਵਲ ਮਸਜਿਦਾਂ ਦੇ ਅੰਦਰ ਜਾਂ ਨਿੱਜੀ ਥਾਵਾਂ 'ਤੇ ਹੀ ਅਦਾ ਕੀਤੇ ਜਾਵੇ

ਹਰਿਆਣਾ ਦੇ ਮੁੱਖ ਮੰਤਰੀ ਖੱਟਰ ਦਾ ਮੁਸਲਮਾਨਾਂ ਨੂੰ ਨਵਾਂ ਫਰਮਾਨ

**ਚੰਡੀਗੜ੍ਹ/ਬਿਊਰੋ ਨਿਊਜ਼:** ਗਰਮ ਖਿਆਲੀ ਹਿੰਦੂ ਸੰਗਠਨਾਂ ਵੱਲੋਂ ਗੁੜਗਾਉਂ ਵਿੱਚ ਵੱਖ-ਵੱਖ ਥਾਵਾਂ ਉੱਤੇ ਖੁੱਲ੍ਹੇ ਵਿੱਚ ਨਮਾਜ਼ ਅਦਾ ਕਰਨ ਉੱਤੇ ਟਿੱਪਣੀ ਕਰਦਿਆਂ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਕਿਹਾ ਹੈ ਕਿ ਅਜਿਹੇ ਇਕੱਠ ਮਸਜਿਦਾਂ, ਈਦਗਾਹਾਂ ਜਾਂ ਨਿਜੀ ਥਾਵਾਂ ਉੱਤੇ ਹੀ ਹੋਣੇ ਚਾਹੀਦੇ ਹਨ।

ਜੇ ਕੋਈ ਇਤਰਾਜ਼ ਨਹੀਂ ਕਰਦਾ ਤਾਂ ਕੋਈ ਗੱਲ ਨਹੀ ਜੇ ਕੋਈ ਸੰਸਥਾ ਜਾਂ ਵਿਅਕਤੀ ਵਿਸ਼ੇਸ਼ ਇਤਰਾਜ਼ ਕਰਦਾ ਹੈ ਤਾਂ ਫਿਰ ਮਾਮਲਾ ਬਣਦਾ ਹੈ। ਉਨ੍ਹਾਂ ਕਿਹਾ ਕਿ ਹਰਿਆਣਾ ਸਰਕਾਰ ਅਮਨ ਕਾਨੂੰਨ ਨੂੰ ਯਕੀਨੀ ਬਣਾਏਗੀ। ਹਿੰਦੂ ਸੰਗਠਨਾਂ ਨੇ ਗੁੜਗਾਉਂ ਵਿੱਚ ਪਿਛਲੇ ਦਿਨੀਂ ਸ਼ੁੱਕਰਵਾਰ ਨੂੰ ਖੁੱਲ੍ਹੇ ਮੈਦਾਨ ਵਿੱਚ ਨਮਾਜ਼ ਅਦਾ ਕਰਨ ਦਾ ਵਿਰੋਧ ਕਰਦਿਆਂ ਦੋਸ਼ ਲਾਇਆ ਸੀ ਕਿ ਇਸ ਦੇ ਪਿੱਛੇ ਜ਼ਮੀਨ ਉੱਤੇ ਕਬਜ਼ਾ ਕਰਨ ਦਾ ਏਜੰਡਾ ਹੈ। ਬਰਤਾਨੀਆ ਰਵਾਨਾ ਹੋਣ ਤੋਂ



ਪਹਿਲਾਂ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਇੱਥੇ ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਉਨ੍ਹਾਂ ਦਾ ਨਜ਼ਰੀਆ ਹੈ ਕਿ ਨਮਾਜ਼ ਮਸਜਿਦਾਂ ਅਤੇ ਈਦਗਾਹਾਂ ਦੇ ਅੰਦਰ ਹੀ ਅਦਾ ਕਰਨੀ ਚਾਹੀਦੀ ਹੈ ਅਤੇ ਜੇ ਥਾਂ ਦੀ ਤੰਗੀ ਹੈ, ਫਿਰ ਨਿਜੀ ਥਾਵਾਂ ਉੱਤੇ ਅਦਾ ਕਰਨੀ ਚਾਹੀਦੀ ਹੈ।

ਪੁਲੀਸ ਸੂਤਰਾਂ ਅਨੁਸਾਰ ਪਿਛਲੇ ਦੋ ਹਫ਼ਤਿਆਂ ਤੋਂ ਵਜ਼ੀਰਾਬਾਦ, ਅਤੁਲ ਕਟਾਰੀਆ ਚੌਕ, ਸਾਈਬਰ ਪਾਰਕ, ਬਖ਼ਤਾਵਰ ਚੌਕ ਆਦਿ ਥਾਵਾਂ ਉੱਤੇ ਨਮਾਜ਼ ਅਦਾ ਕਰਨ ਤੋਂ ਸ਼ਿਵ ਸੈਨਾ, ਵਿਸ਼ਵ ਹਿੰਦੂ ਪ੍ਰੀਸ਼ਦ, ਬਜਰੰਗ ਦਲ ਅਤੇ ਹਿੰਦੂ ਕਰਾਂਤੀ ਦਲ ਅਤੇ ਹੋਰ ਸੰਗਠਨਾਂ ਦੇ ਕਾਰਕੁਨ ਅੜਿੱਕੇ ਪਾ ਰਹੇ ਹਨ।

ਸ੍ਰੀ ਖੱਟਰ ਨੇ ਕਿਹਾ ਕਿ ਉਨ੍ਹਾਂ ਨੇ ਅਧਿਕਾਰੀਆਂ ਨੂੰ ਚੌਕਸ ਕੀਤਾ ਹੋਇਆ ਹੈ ਅਤੇ ਕਿਸੇ ਵੀ ਹਾਲਤ ਵਿੱਚ ਅਮਨ ਕਾਨੂੰਨ ਦੀ ਸਥਿਤੀ ਵਿਗੜਨ ਨਹੀ ਦਿੱਤੀ ਜਾਵੇਗੀ ਅਤੇ ਲੋਕਾਂ ਵਿੱਚ ਆਪਸੀ ਭਾਈਚਾਰਕ ਸਾਂਝ ਕਾਇਮ ਰੱਖਣ ਦੀਆਂ ਕੋਸ਼ਿਸ਼ਾਂ ਜਾਰੀ ਰਹਿਣਗੀਆਂ।

**ਬ੍ਰਹਿਮੰਡ ਦੀ ਲੀਲ੍ਹਾ ਤੋਂ ਪ੍ਰਭਾਵਤ ਹੋ ਕੇ ਇਨਸਾਨ ਨੇ ਇਸ ਦੇ ਸੰਚਾਲਕ ਦਾ ਨਾਮਕਰਨ ਕੀਤਾ। ਪਹਿਲਾਂ ਪਹਿਲ ਬ੍ਰਹਿਮੰਡ ਤੋਂ ਬ੍ਰਹਮ' ਅਤੇ ਕੁਦਰਤ ਤੋਂ ਕਾਦਰ' ਨਾਂ ਹੋਂਦ ਵਿਚ ਆਏ। ਧਰਮਾਂ ਦੇ ਉਤਪੰਨ ਹੋਣ ਦੇ ਨਾਲ ਇਸ ਪਰਮ ਸ਼ਕਤੀ ਦੇ ਵੱਖ ਵੱਖ ਨਾਂ ਹੋਂਦ ਆਏ ਜਿਵੇਂ, ਯਹੋਵਾ (ਯਹੂਦੀ), ਗੌਡ (ਈਸਾਈ), ਅੱਲਾ (ਇਸਲਾਮ) ਰਾਮ (ਹਿੰਦੂ) ਅਤੇ ਵਹਿਗੁਰੂ (ਸਿੱਖ) ਆਦਿ। ਵਿਗਿਆਨੀ ਨੂੰ ਇਨ੍ਹਾਂ ਨਾਵਾਂ ਨਾਲ ਕੋਈ ਸਰੋਕਾਰ ਨਹੀਂ। ਉਸ ਲਈ ਇਹ ਜਾਨਣਾ ਵੀ ਅਹਿਮੀਅਤ ਨਹੀਂ ਰਖਦਾ ਕਿ ਬ੍ਰਹਿਮੰਡ ਦਾ ਕਾਰੋਬਾਰ ਕੌਣ ਚਲਾ ਰਿਹਾ ਹੈ, ਉਹ ਸਿਰਫ ਇਹ ਜਾਨਣਾ ਚਾਹੁੰਦਾ ਹੈ ਕਿ ਬ੍ਰਹਿਮੰਡ ਦਾ ਕਾਰੋਬਾਰ ਕਿਵੇਂ ਚੱਲ ਰਿਹਾ ਹੈ ? ਇਸ ਦੇ ਹੋਂਦ-ਥੀਣ ਦੇ ਸਬੱਬ ਨੂੰ ਸਮਝਣਾ ਚਾਹੁੰਦਾ ਹੈ। ਹੁਣ ਤਕ ਦੇ ਅੰਦਾਜ਼ਿਆਂ ਅਤੇ ਵਿਗਿਆਨਿਕ ਤਜਰਬਿਆਂ ਰਾਹੀਂ ਇਹ ਪਤਾ ਲੱਗਾ ਹੈ ਕਿ ਸਰਿਸ਼ਟੀ ਦਾ ਕਾਰੋਬਾਰ, ਕਿਸੇ ਅਲੋਕਿਕ ਇਕਾਈ ਦੀ ਰਜ਼ਾ ਅੰਦਰ ਨਹੀਂ, ਭੌਤਿਕ ਵਿਗਿਆਨ ਦੇ ਕਾਨੂੰਨਾਂ ਦੇ ਹੁਕਮ ਵਿਚ ਹੈ।**

# ਰੱਬ ਦੀ ਪੈੜ ਕੱਢਣ ਵਾਲਾ ਮਹਾਨ ਵਿਗਿਆਨੀ ਸਟੀਫਨ ਹੌਕਿੰਗ

**ਡਾ. ਗੁਰੂਮੇਲ ਸਿੱਧੂ**

ਆਇਨਸਟਾਇਨ ਤੋਂ ਬਾਅਦ ਭੌਤਿਕ (Physics) ਅਤੇ ਬ੍ਰਹਿਮੰਡ ਵਿਗਿਆਨ (Cosmology) ਦੇ ਖੇਤਰਾਂ ਵਿਚ ਸਟੀਫਨ ਹੌਕਿੰਗ ਦਾ ਨਾਂ ਵੱਜਦਾ ਹੈ। ਹੌਕਿੰਗ ਨੇ ਇੰਗਲੈਂਡ ਦੀਆਂ ਦੋ ਜਗਤ ਪ੍ਰਸਿੱਧ ਯੂਨੀਵਰਸਟੀਆਂ, ਔਕਸਫੋਰਡ ਤੋਂ ਬੀ.ਏ. ਅਤੇ ਕੇਂਬ੍ਰਿਜ ਤੋਂ ਐਮ.ਏ. ਤੇ ਪੀਐਚ.ਡੀ. ਦੀਆਂ ਡਿਗੀਆਂ ਪ੍ਰਾਪਤ ਕੀਤੀਆਂ। ਉਸ ਦੀ ਉੱਚਪੱਧਰੀ ਮੌਲਕ ਖੋਜ, ਅਤੇ ਸੁੱਘੜਤਾ ਦੇ ਆਧਾਰ 'ਤੇ ਕੇਂਬ੍ਰਿਜ ਯੂਨੀਵਰਸਿਟੀ ਨੇ "ਸਿਧਾਂਤਿਕ ਬ੍ਰਹਿਮੰਡ ਕੇਂਦਰ" (Centre for Theoretical Cosmology) ਦਾ ਡਾਇਰੈਕਟਰ ਥਾਪਿਆ। ਹੌਕਿੰਗ ਦੀ ਮੁੱਖ ਖੋਜ "ਬਲੈਕ ਹੋਲਜ਼" (Black Holes) ਨਾਲ ਸੰਬੰਧਤ ਹੈ। ਆਇਨਸਟਾਇਨ (1879-1955) ਨੇ ਗਿਆਤ ਕੀਤਾ ਸੀ ਕਿ ਬਲੈਕ ਹੋਲਜ਼ ਕਿਸੇ ਸਿਆਰੇ/ਸਤਾਰੇ ਦੇ ਭਸਮਣ ਉਪਰੰਤ ਪੈਦਾ ਹੁੰਦੇ ਹਨ ਇਸ ਲਈ ਇਨ੍ਹਾਂ 'ਚੋਂ ਰੌਸ਼ਨੀ ਖਤਮ ਹੋ ਜਾਂਦੀ ਹੈ (ਫੋਟੋ-1)। ਹੌਕਿੰਗ ਨੇ ਇਸ ਮਨੌਤ ਵਿਚ ਵਾਧਾ ਕੀਤਾ ਕਿ ਬਲੈਕ ਹੋਲਜ਼ ਮੂਲੋਂ ਹੀ ਕਾਲੇ ਨਹੀਂ, ਇਨ੍ਹਾਂ ਚੋਂ ਥੋੜ੍ਹੀ-ਬਾਹਲੀ ਰੌਸ਼ਨੀ ਜ਼ੀਰਦੀ ਰਹਿੰਦੀ ਹੈ। ਇਹੋ ਉਸ ਦੀ ਮੌਲਿਕ ਦੇਣ ਹੈ ਜਿਸ ਨੂੰ "ਹੌਕਿੰਗ ਰੇਡੀਏਸ਼ਨ- Hawking Radiation ਦਾ ਨਾਂ ਦਿੱਤਾ। ਇਸ ਖੋਜ ਵਿਚ ਇਕ ਹੋਰ ਪ੍ਰਸਿੱਧ ਭੌਤਕ ਵਿਗਿਆਨੀ, ਰੌਜਰ ਪਿੰਨਰੋਜ਼ (Roger Pinrose) ਦਾ ਵੀ ਹੱਥ ਹੈ।



**ਕਹਿਕਸ਼ਾਂ ਅੰਦਰ ਬਲੈਕ ਹੋਲ।**

ਹੈਰਾਨੀ ਵਾਲੀ ਗੱਲ ਇਹ ਕਿ ਹੌਕਿੰਗ ਨੇ ਇਹ ਖੋਜਾਂ ਇਕ ਨਾਮੁਰਾਦ ਬੀਮਾਰੀ, "ਲੌ ਗੈਅਰਿਜ" (Lou Gehrig's disease), ਦੀ ਮਾਰ ਸਹਿੰਦਿਆਂ ਕੀਤੀਆਂ। ਇਸ ਬੀਮਾਰੀ ਕਾਰਨ ਦਿਮਾਗ ਦਾ ਤੰਤੂ-ਪ੍ਰਬੰਧ (Nerosystem) ਕੰਮ ਨਹੀਂ ਕਰਦਾ ਜਿਸ ਕਰਕੇ ਸਰੀਰ ਦਾ ਤੰਤੂ-ਜਾਲ (Neurones) ਨਕਾਰਾ ਹੋ ਜਾਂਦਾ ਹੈ, ਪੱਠੇ (Muscles) ਨਿਢਾਲ ਹੋ ਜਾਂਦੇ ਹਨ ਅਤੇ ਹੱਥ-ਪੈਰ ਕੰਟਰੋਲ ਵਿਚ ਨਹੀਂ ਰਹਿੰਦੇ। ਫਲਸਰੂਪ, ਖਿੱਚ ਪੈਂਦੀ ਹੈ, ਖਾਣਾ ਖਾਣ 'ਤੇ ਕੰਰੋਲ ਨਹੀਂ ਰਹਿੰਦਾ ਅਤੇ ਸਪੱਸ਼ਟ ਬੋਲਣ ਵਿਚ ਔਖ ਹੁੰਦੀ ਹੈ। ਇਹ ਬੀਮਾਰੀ ਪੀੜ੍ਹੀ-ਦਰ-ਪੀੜ੍ਹ ਚਲਦੀ ਹੈ, ਸਿੱਧ ਹੈ ਕਿ ਇਹ ਜੀਨਜ਼ (Genes) ਵਿਚ ਖਰਾਬੀ ਹੋਣ ਕਰਕੇ ਹੁੰਦੀ ਹੈ। ਇਸ ਬੀਮਾਰੀ ਦਾ ਨਾਂ ਕਿਵੇਂ ਪਿਆ ? ਲੌ ਗੇਅਰਿਗ (Lou Gehrig-1903-1941) ਨਾਂ ਦਾ ਇਕ ਵਿਅਕਤੀ ਨਿਊ ਯੌਰਕ ਯੈਂਕੀਜ਼ ਟੀਮ' (New York Yankeys) ਵਿਚ ਬੇਸਬਾਲ ਦਾ ਖਿਡਾਰੀ ਸੀ।ਉਸ ਦੀ ਬੱਲਾਬਾਜੀ (ਬੈਟਿੰਗ) ਦੀ ਅਨੋਖੀ ਤਕਨੀਕ ਕਰਕੇ, ਟੀਮ ਦਾ ਆਇਰਨ ਹੌਰਸ' (Iron Horse) ਕਿਹਾ ਜਾਂਦਾ ਸੀ। ਟੀਮ ਨੇ ਛੇ ਅੰਤਰਰਾਸ਼ਟਰੀ ਇਨਾਮ ਜਿੱਤੇ। ਵੀਹ ਸਾਲ ਦੀ ਉਮਰ (ਸੰਨ 1923) ਵਿਚ ਉਸ ਦੇ ਹੱਥ-ਪੈਰ ਨਿਢਾਲ ਹੋਣ ਗਏ, ਫਲਸਰੂਪ, ਬੱਲਾਬਾਜੀ ਦੀ ਤਾਕਤ ਘਟ ਗਈ। ਨਿਊ ਯੌਰਕ ਦੇ ਮੇਓ ਕਲਿੰਕ' ਵਿਚ ਦਾਖਲ ਕੀਤਾ ਗਿਆ ਤਾਂ ਪਤਾ ਲੱਗਆ ਕਿ ਬਾਹਾਂ ਦੇ ਪੱਠੇ ਢਿੱਲੇ ਪੈ ਗਏ ਹਨ। ਇਸ ਬੀਮਾਰੀ ਕਾਰਨ ਲੌ ਗੇਅਰਿਗ ਦੀ 1941 ਵਿਚ ਮੌਤ ਹੋ ਗਈ। ਉਸ ਦੇ ਨਾਂ 'ਤੇ ਇਸ ਬੀਮਾਰੀ ਦਾ ਨਾਂ "ਲੌ ਗੇਅਰਿਗ" ਪੈ ਗਿਆ। ਵੈਸੇ ਇਸ ਬੀਮਾਰੀ ਨੂੰ ਫਰਾਂਸ ਦੇ ਤੰਤੂ-ਵਿਗਿਆਨੀ, ਜਾਂ ਮਾਰਟਿਨ ਚਾਰਕੋਟ (Jean-Martin Charcot) ਨੇ, ਸੰਨ 1869 ਵਿਚ ਲੱਭਿਆ ਸੀ।

ਇਸ ਬੀਮਾਰੀ ਦਾ ਸ਼ਿਕਾਰ ਦੂਜਾ ਮਸ਼ਹੂਰ ਬੰਦਾ, ਜੇਸਨ ਬੈਕਰ (Jason Becker), ਹੈ ਜੋ ਰੌਕ ਸੰਗੀਤ' (Rock Music) ਦੀ ਦੁਨੀਆਂ ਵਿਚ ਇਕ ਭਾਰੀ ਗਿਟਾਰ ਵਜਾਉਣ ਕਰਕੇ ਸਿਰਕੱਢ ਹੈ। ਉਸ ਨੂੰ ਵੀ ਇਹ ਬੀਮਾਰੀ 20 ਸਲ ਦੀ ਉਮਰ ਵਿਚ ਹੋਈ ਅਤੇ ਡਾਕਟਰਾਂ ਨੇ 3-5 ਸਾਲ ਹੋਰ ਜੀਣ ਦੀ ਮੋਹਲਤ ਦਿੱਤੀ। ਭਾਵੇਂ ਉਸ ਦੇ ਹੱਥ-ਪੈਰ ਨਕਾਰੇ ਹੋ ਚੁਕੇ ਹਨ, ਪਰ ਅੱਜ ਵੀ ਜਿਉਂਦਾ ਹੈ ਅਤੇ ਧੜਾ-ਧੱੜ ਸੰਗੀਤ ਦੀਆਂ ਐਲਬਮਾਂ ਕੱਢ ਰਿਹਾ ਹੈ। ਉਹ ਅੱਖ ਦੇ ਇਸ਼ਾਰੇ ਨਾਲ ਕੰਪਿਊਟਰ ਰਾਹੀਂ ਧੁਨਾਂ ਬਣਾਉਂਦਾ ਹੈ।



**ਹੌਕਿੰਗ ਦੇ ਕੰਪਿਊਟਰ ਨੂੰ ਬਨਾਉਣ ਵਾਲੀ ਟੀਮ।**

ਤੀਜਾ ਮਸ਼ਹੂਰ ਬੰਦਾ ਹੌਕਿੰਗ ਹੈ। ਉਸ ਨੂੰ ਇਹ ਬੀਮਾਰੀ 22 ਸਾਲ ਦੀ ਉਮਰ ਵਿਚ ਹੋਈ ਤੇ ਡਾਕਟਰਾਂ ਨੇ ਦੋ-ਚਾਰ ਸਾਲ ਹੋਰ ਜਿਉਣ ਦਾ ਅੰਦਾਜ਼ਾ ਲਾਇਆ ਸੀ। ਹੌਕਿੰਗ ਨੇ ਉਮਰ ਦੇ 76 ਸਾਲਾਂ (ਸੰਨ 1842-2018) 'ਚੋਂ, 54 ਸਾਲ ਇਸ ਬੀਮਾਰੀ ਦਾ ਕਹਿਰ ਝੱਲਿਆ। ਸਰੀਰ ਦੇ ਸਾਰੇ ਅੰਗ ਨਕਾਰਾ ਹੋ ਚੁਕੇ ਸਨ, ਆਖੀਰ ਵਿਚ ਗੱਲ੍ਹ ਦਾ ਕੇਵਲ ਇਕ ਪੱਠਾ ਦਿਮਾਗ ਦੇ ਕੰਟਰੋਲ ਵਿਚ ਰਹਿ ਗਿਆ ਸੀ। ਇਕ ਪੱਠੇ ਦੀ ਤਾਕਤ ਨਾਲ ਬ੍ਰਹਿਮੰਡ ਦੀ ਤਾਕੀ ਖੋਲ੍ਹ ਕੇ ਅੰਦਰ ਝਾਕਿਆ ਤੇ ਕੁਝ ਗੁੱਝੇ ਭੇਦ ਖੋਲ੍ਹੇ। ਸਵਾਲ ਹੈ ਕਿ ਐਡਾ ਵੱਡਾ ਕੰਮ ਉਸ ਨੇ ਕਿਵੇਂ ਕੀਤਾ ?। ਇਹ ਕੰਪਿਊਟਰ ਦੀ ਸ਼ਕਤੀ ਦੀ ਕਰਾਮਾਤ ਹੈ।

### ਹੌਕਿੰਗ ਦਾ ਕੰਪਿਊਟਰ

ਸਟੀਫਨ ਹੋਕਿੰਗ ਦੇ ਦਿਮਾਗੀ ਫੁਰਨਿਆਂ ਨੂੰ ਨਸ਼ਰ ਕਰਨ ਲਈ ਇਕ ਖਾਸ ਕਿਸਮ ਦਾ ਕੰਪਿਊਟਰ ਬਣਾਇਆ ਗਿਆ। ਹੌਕਿੰਗ ਦੀਆਂ ਲੋੜਾਂ ਨੂੰ ਮੁੱਖ ਰੱਖ ਕੇ ਇਹ ਕੰਪਿਊਟਰ ਸਾਂਨ ਫ੍ਰਾਂਸਿਸਕੋ ਦੀ ਕੰਪਨੀ, ਇੰਨਟਲ ਕੌਰਪੋਰੇਸ਼ਨ (Intel Corporation) ਨੇ ਤਿਆਰ ਕੀਤਾ। ਹੱਥ-ਪੈਰ ਨਕਾਰੇ ਹੋਣ ਉਪਰੰਤ ਜਦ ਉਸ ਦੇ ਹੱਥ ਦਾ ਅੰਗੂਠਾ ਹੀ ਕੰਮ ਕਰਦਾ ਸੀ ਤਾਂ ਹੌਕਿੰਗ ਦੀ ਕੁਰਸੀ (Wheelchair) ਦੀ ਸੱਜੀ ਬਾਂਹ ਨਾਲ ਇਕ ਸਪੈਸ਼ਲ ਕੰਪਿਊਟਰ ਜੋੜਿਆ ਗਿਆ। ਉਹ ਗੂਠੇ ਨਾਲ ਮਾਊਸ' (Mouse) ਨੂੰ ਕੀ-ਬੋਰਡ 'ਤੇ ਘੁਮਾਉਂਦਾ ਤੇ ਲੋੜੀਂਦਾ ਲਫਗ਼ ਬਣਾਉਂਦਾ। ਜਦ ਅੰਗੂਠਾ ਕੰਮ ਕਰਨੋ ਹਟ ਗਿਆ ਤਾਂ ਗੱਲ੍ਹ ਦੇ ਪੱਠੇ (Cheek muscle) ਤੋਂ ਕੰਮ ਲੈਣਾ ਸ਼ੁਰੂ ਕੀਤਾ, ਫਲਸਰੂਪ, ਕੰਪਿਊਟਰ ਵਿਚ ਤਬਦੀਲੀ ਕਰਨੀ ਪਈ। ਕੁਰਸੀ ਦੇ ਸਾਹਮਣੇ ਕੰਪਿਊਟਰ-ਸਕਰੀਨ 'ਤੇ ਕੀਬੋਰਡ (Keyboard) ਪ੍ਰਕਾਸ਼ ਕੀਤਾ ਗਿਆ। ਕੀ-ਬੋਰਡ ਦੇ ਅੱਖਰਾਂ ਉੱਤੇ ਇਕ ਤੀਰਨੁਮਾ ਡਿੰਬਰੀ (Curser) ਲਗਾਤਾਰ ਘੁੰਮਦੀ। ਜਦ ਡਿੰਬਰੀ ਲੋੜੀਂਦੇ ਲਫਜ਼ (Word) ਦੇ ਪਹਿਲੇ ਅਖਰ 'ਤੇ ਪਹੁੰਚਦੀ ਤਾਂ ਹੌਕਿੰਗ ਪੱਠੇ ਦੀ ਹਰਕਤ ਨਾਲ ਐਨਿਕ ਵਿਚ ਜੜੇ ਹੋਏ ਇੰਫਰਾਰੈਡ (Infrared) ਬਟਨ ਨੂੰ ਉਤੇਜਤ ਕਰਦਾ, ਅਣਦਿੱਖ ਕਿਰਨ (Ray) ਕੰਪਿਉਟਰ ਸਕਰੀਨ 'ਤੇ ਪੈਂਦੀ ਤਾਂ ਅੱਖਰ ਚੁਣਿਆ ਜਾਂਦਾ। ਚੁਣੇ ਹੋਏ ਅੱਖਰ ਦੇ ਆਧਾਰ 'ਤੇ ਭੌਤਕ ਅਤੇ ਬ੍ਰਹਿਮੰਡ ਵਿਗਿਆਨ ਨਾਲ ਸੰਬੰਧਤ ਲਫਜ਼ ਆਪਣੇ ਆਪ ਬਣ ਜਾਂਦੇ। ਹੌਕਿੰਗ ਉਨ੍ਹਾਂ 'ਚੋਂ ਲੋੜੀਂਦਾ ਲਫਗ਼ ਚੁਣ ਲੈਂਦਾ। ਮਿਸਾਲ ਵਜੋਂ ਜੇ ਅੱਖਰ ਸੀ' (3) ਨੂੰ ਚੁਣਦਾ ਤਾਂ ਕੌਸਮੌਲੋਜੀ (Cosmology), ਕੌਸਕੌਸ (Cosmic), ਕੌਸਮਿਕ ਰੇਜ਼ (Cosmic ray) ਆਦਿ ਲਫਜ਼ ਸਕਰੀਨ ਤੇ ਪ੍ਰਕਾਸ਼ ਹੋ ਜਾਂਦੇ। ਇਸ ਤਰ੍ਹਾਂ ਉਹ ਲੋੜੀਂਦੇ ਸ਼ਬਦ ਬਣਾ ਕੇ ਪੂਰਾ ਲੈਕਚਰ ਜਾਂ ਲੇਖ ਲਿਖ ਲੈਂਦਾ। ਲੈਕਚਰ ਦੇਣ ਲਈ ਸ਼ਬਦਾਂ ਨੂੰ ਆਵਾਜ਼ ਚਾਹੀਦੀ ਸੀ। ਉਸੇ ਕੰਪਨੀ ਨੇ ਸ਼ਬਦ ਉਚਾਰ-ਯੰਤਰ (Voice-Synthesizer) ਬਣਾਇਆ ਜੋ ਲੈਕਚਰ ਨੂੰ ਸਰੋਤਿਆਂ ਨਾਲ ਸਾਂਝਾ ਕਰਦਾ। ਇਹ ਆਵਾਜ਼ ਹੌਕਿੰਗ ਦੀ ਨਹੀਂ, ਕੰਪਿਉਟਰ ਰਾਹੀਂ ਪੈਦਾ ਕੀਤੀ ਹੋਈ ਹੁੰਦੀ। ਉਸੇ ਤਰ੍ਹਾ ਜਿਵੇਂ ਅੱਜਕਲ ਰੋਬਾਟ ਬੋਲਦੇ ਹਨ।

ਹੌਕਿੰਗ ਨੇ ਖੋਜ ਸ਼ੁਰੂ ਕਰਨ ਤੋਂ ਪਹਿਲਾਂ ਕੁਝ ਸਵਾਲ ਖੜ੍ਹੇ ਕੀਤੇ ਜਿਵੇਂ, ਬ੍ਰਹਿਮੰਡ ਕਿਵੇਂ ਹੋਂਦ ਵਿਚ ਆਇਆ ? ਕੀ ਇਹ ਰੱਬੀ ਦਾਤ ਹੈ ? ਅਸੀਂ ਕਿੱਥੋਂ ਆਏ ਹਾਂ ? ਕੀ ਬ੍ਰਹਿਮੰਡ ਵਿਚ ਇੱਕਲੇ ਅਸੀਂ ਹੀ ਹਾਂ ? ਇਨਸਾਨੀ ਜਾਤੀ ਦਾ ਭਵਿਖ ਕੀ ਹੈ ? ਸੰਨ 1920 ਤਕ ਇਹ ਕਿਆਸ ਕੀਤਾ ਜਾਂਦਾ ਸੀ ਕਿ ਬ੍ਰਹਿਮੰਡ ਇਕ ਥਾਂ ਅਡੋਲ ਖੜ੍ਹਾ ਹੈ ਅਤੇ ਇਸ 'ਤੇ ਸਮੇਂ ਅਤੇ ਪੁਲਾੜ (Time and Space) ਦਾ ਕੋਈ ਅਸਰ ਨਹੀਂ ਹੁੰਦਾ। ਸੰਨ 1927 ਵਿਚ ਬੈਲਜੀਅਮ ਦੇ ਕੈਥੋਲਿਕ ਪਾਦਰੀ ਜੌਰਜਸ ਲਮਿਰਟੇ (Georges Lemaître-1894-1966) ਜੋ ਭੌਤਕ ਵਿਗਿਆਨ ਅਤੇ ਗਣਤ ਦਾ ਮਾਹਰ ਸੀ, ਨੇ ਪੇਪਰ ਛਾਪਿਆ, ("A homogeneous universe of constant mass and growing radius accounting for the radial velocity of extragalactic nebulae" ) । ਉਸ ਅਨੁਸਾਰ ਬ੍ਰਹਿਮੰਡ ਦਾ ਆਗਾਜ਼ ਇਕ ਆਦਿ ਕਾਲੀ", "ਸੁਪਰਐਟਮ" (Superatom) ਤੋਂ ਹੋਇਆ ਜਿਸ ਨੂੰ "ਕੌਸਮਿਕ ਐਗ" (Cosmic Egg) ਦਾ ਨਾਂ ਦਿੱਤਾ। ਰਿੱਗ ਵੇਦ ਵਿਚ ਇਸ ਇਕਾਈ ਨੂੰ "ਗੋਲਡਨ ਬੱਚੇਦਾਨੀ" (Golden Womb) ਕਿਹਾ ਗਿਆ ਹੈ। ਇਹ ਇਕਾਈ ਕਿਸੇ ਅਲੌਕਿਕ ਸ਼ਕਤੀ ਕਾਰਨ ਫਟੀ, ਮਾਦਾ ਏਧਰ ਓਧਰ ਖਿੱਲਰ ਗਿਆ ਤੇ ਬ੍ਰਹਿਮੰਡ ਪ੍ਰਕਾਸ਼ ਹੋ ਗਿਆ। ਉਸ ਨੇ ਇਹ ਮਨੌਤ ਸੰਨ 1930 ਵਿਚ ਕਿਸੇ ਕੌਂਫ੍ਰੰਸ ਵਿਚ ਪੇਸ਼ ਕੀਤੀ ਜਿਸ ਨੂੰ ਸੁਣ ਕੇ ਆਇਨਸਟਾਇਨ ਨੇ ਕਿਹਾ, This is the most beautiful and satisfactory explanation of creation to which I have ever listened. ਧਰਮਾਂ ਨੇ ਇਸ ਇਕਾਈ ਨੂੰ ਰੱਬ, ਗੌਡ, ਈਸ਼ਵਰ ਅਦਿ ਦਾ ਕ੍ਰਿਸ਼ਮਾ ਗਰਦਾਨਿਆਂ, ਵਿਗਿਆਨੀਆਂ ਨੇ "ਬਿੱਗ ਬੈਂਗ" (Big Bang) ਦਾ ਪ੍ਰਤੀਕਰਮ ਕਿਹਾ। ਯਾਦ ਰਹੇ ਕਿ ਨਾਂ, "ਮਹਾਂ ਧਮਾਕਾ" (Big Bang)", ਫਰੇਡ ਹੋਲੀ (Fred Hoyle) ਨੇ ਸੰਨ 1949 ਵਿਚ ਘੜਿਆ ਸੀ, ਪਰ ਇਸ ਦੀ ਪੁਸ਼ਟੀ ਪਹਿਲਾਂ ਹੋ ਚੁਕੀ ਸੀ।

ਅਮਰੀਕਨ ਤਾਰਾ-ਵਿਗਿਆਨੀ, ਐਡਵਿੰਨ ਹੱਬਲ (Edwin Hubble) ਨੇ 1929 ਵਿਚ "ਹੱਬਲ ਦੂਰਬੀਨ" (Hubble Space Telescope) ਦੀ ਸਹਾਇਤਾ ਨਾਲ ਲਮਿਟਰੇ ਦੀ "ਕੌਸਮਿਕ ਐਗ" ਦੇ ਫਟਣ ਦੀ ਮਨੌਤ ਦੀ ਪੁਸ਼ਟੀ ਕੀਤੀ ਇਸ ਕਰਕੇ ਦੂਰਬੀਨ ਦਾ ਨਾਂ ਹੱਬਲ ਰੱਖਿਆ।




**ਹੱਬਲ ਟੈਲੀਸਕੋਪ।**

ਇਹ ਦੂਰਬੀਨ 1990 ਵਿਚ ਅਮਰੀਕਾ ਦੇ ਹੱਬਲ ਸਪੇਸ ਸਿੰਟਰ' (Hubble Space Center) ਤੋਂ ਪੁਲਾੜ ਵਿਚ ਚੜ੍ਹਾਈ ਸੀ। ਇਸ ਦੇ ਤਾਕਤਵਰ ਕੈਮਰੇ ਪੁਲਾੜ ਵਿਚ ਤੈਰਦੀ ਇੰਫ੍ਰਾਰੈਡ-ਉਪਟੀਕਲ-ਅਲਟ੍ਰਾਵਾਇਲਿਟ' (infrared-optical-ultraviolet) ਰੌਸ਼ਨੀ ਦੀ ਫੋਟੋ ਖਿੱਚ ਸਕਦੇ ਹਨ । ਇਹ ਧਰਤੀ ਦੇ ਦੁਆਲੇ ਉਸ ਥਾਂ ਵਿਚ ਘੁੰਮ ਰਹੀ ਹੈ ਜਿੱਥੇ ਗੁਰੂਤਾ-ਖਿੱਚ (Gravitational pull) ਸਿਫ਼ਰ ਹੋ ਜਾਂਦੀ। ਅੱਜ ਵੀ ਇਸ ਰਾਹੀਂ ਤਾਰਾ-ਮੰਡਲ ਦੀਆਂ ਅਦਿੱਖ ਕੈਹਕਸ਼ਾਂ (Galaxies) ਨੂੰ ਦੇਖਿਆ ਜਾ ਰਿਹਾ ਹੈ।



**ਤਾਰਾਮੰਡਲ ਦੀਆਂ ਕੈਹਕਸ਼ਾਂ।**

ਵਿਗਿਆਨੀਆਂ ਲਈ ਮੁੱਖ ਸਵਾਲ ਅਜੇ ਵੀ ਥਾਂ-ਦੀ-ਥਾਂ ਖੜ੍ਹਾ ਸੀ ਕਿ, ਬ੍ਰਹਿਮੰਡ ਦਾ ਆਰੰਭ ਕਿਵੇਂ ਹੋਇਆ ? ਇਸ ਭੇਦ ਦੀ ਗੁੱਥੀ ਖੋਲ੍ਹਣ ਲਈ ਸਮੇਂ ਸਮੇਂ ਕਈ ਨਾਮਵਰ ਵਿਗਿਆਨੀਆਂ ਨੇ ਯੋਗਦਾਨ ਪਾਇਆ ਜਿਨ੍ਹਾਂ ਵਿਚ, ਅਰਸਤੂ (330 ਬੀ.ਸੀ.), ਟੌਲਮੀ (200 ਏ. ਡੀ.), ਕੁਪਰਨੀਕੱਸ (1473-1543), ਕਿਪਲਰ (1571-1630), ਗੈਲੀਲਿਓ(1564-1642), ਨਿਊਟਨ (1642-1727), ਕਾਂਤ (1724-1804), ਮੈਕਸਵਿਲ (1831-1879), ਆਇਨਸਟਾਇਨ (1879-1955), ਫਰੀਡਮੈਨ (1888-1925), ਹੱਬਲ (1889-1953), ਲਮਿਰਟੇ (1894-1966) ਅਤੇ ਹੌਕਿੰਗ (1924-2018) ਆਦਿ ਨਾਂ ਸ਼ਾਮਿਲ ਹਨ।

### ਆਇਨਸਟਾਇਨ ਦਾ ਰੱਬ

ਇਕ ਕਸ਼ੋਰ ਉਮਰੇ ਬੱਚੇ ਨੇ ਆਇਨਸਟਾਇਨ ਨੂੰ ਖਤ ਲਿਖ ਕੇ ਪੁੱਛਿਆ, ਕੀ ਵਿਗਿਆਨੀ ਪ੍ਰਾਰਥਨਾ ਕਰਦੇ ਹਨ ? ਉੱਤਰ ਵਿਚ ਆਇਨਸਟਾਇਨ ਨੇ ਕਿਹਾ: 'Scientific research is based on the idea that everything that takes place is determined by laws of Nature, and therefore this holds for the action of people. For this reason, a research scientist will hardly be inclined to believe that events could be influenced by a prayer, i.e. by a wish addressed to a Supernatural Being (God)". (ਵਿਗਿਆਨਿਕ ਖੋਜ ਇਸ ਵਿਚਾਰ 'ਤੇ ਆਧਾਰਤ ਹੈ ਕਿ ਸਭ ਕੁਝ ਕੁਦਰਤ ਦੇ ਨਿਜ਼ਾਮ ਅਨੁਸਰ ਚੱਲ ਰਿਹਾ ਹੈ, ਸਣੇ ਬੰਦਿਆਂ ਦੇ ਅਮਲ ਦੇ। ਫਲਸਰੂਪ, ਇਕ ਖੋਜ ਵਿਗਿਆਨੀ ਸੋਚ ਵੀ ਨਹੀਂ ਸਕਦਾ ਕਿ ਕੁਦਰਤ ਦੇ ਕਾਨੂੰਨਾਂ ਨੂੰ ਪ੍ਰਾਰਥਨਾ ਪ੍ਰਭਾਵਤ ਕਰ ਸਕਦੀ ਹੈ)। ਸਾਰੰਸ਼ ਇਹ ਕਿ ਜੋ ਕੁਝ ਸੱਜਿਆ ਸਜਾਇਆ ਹੈ, ਇਹ ਕਾਦਰ (God) ਦੇ ਹੁਕਮ ਵਿਚ ਨਹੀਂ, ਕੁਦਰਤ (Nature) ਦੇ ਨਿਯਮਾਂ ਵਿਚ ਬੱਝਾ ਹੋਇਆ ਹੈ)। ਆਇਨਸਟਾਇਨ ਨੇ ਪਹਿਲਾਂ ਕਿਤੇ ਕਿਹਾ ਸੀ ਕਿ, ਜਿੱਥੋਂ ਤਕ ਮੇਰੀ ਅਕਲ ਦੀ ਪਹੁੰਚ ਹੈ, ਓਥੋਂ ਤਕ ਤਾਂ ਰੱਬ ਮੇਰੇ ਗੇੜ ਵਿਚ ਨਹੀਂ ਆਇਆ। ਅੱਗੇ ਹੈ ਕਿ ਨਹੀਂ, ਇਹ ਅਗਲੇ ਵਿਗਿਆਨੀਆਂ 'ਤੇ ਛਡਦਾ ਹਾਂ'।

### ਹੌਕਿੰਗ ਨੇ ਕੱਢੀ ਰੱਬ ਦੀ ਪੈੜ

ਰੱਬ ਬਾਰੇ ਆਇਨਸਟਾਇਨ ਦੇ ਵਿਚਾਰਾਂ ਨੂੰ ਹੌਕਿੰਗ ਨੇ ਅੱਗੇ ਤੋਰਦਿਆਂ ਲਿਖਿਆ:

"God is the name people give to the reason we are here. But I think that reason is the laws of physics rather than someone with whom one can have a personal relationship. I believe the universe is governed by the laws of science.

The laws may have been decreed by God, but God does not intervene to break the laws. I believe the simplest explanation is, there is no God. No one created the universe and no one directs our fate. This leads me to a profound realization that there probably is no heaven and no afterlife either".

(ਬ੍ਰਹਿਮੰਡ ਵਿਚ ਸਾਡੇ ਹੋਣ ਥੀਣ ਦੇ ਸਬੱਬ ਨੂੰ ਲੋਕ ਰੱਬ ਦਾ ਨਾਂ ਦਿੰਦੇ ਹਨ। ਮੇਰੇ ਵਿਚਾਰ ਵਿਚ ਸਾਡੀ ਹੋਂਦ ਦਾ ਕਾਰਨ, ਕਿਸੇ ਦੇਵੀ ਸ਼ਕਤੀ ਨਾਲੋਂ, ਭੌਤਕ ਵਿਗਿਅਨ ਦੇ ਸਿਧਾਂਤ ਹਨ। ਮੇਰਾ ਯਕੀਨ ਹੈ ਕਿ ਬ੍ਰਹਿਮੰਡ, ਵਿਗਿਆਨ ਦੇ ਸਿਧਾਂਤਾਂ ਦੇ ਇਖਤਿਆਰ ਵਿਚ ਹੈ। ਹੋ ਸਕਦਾ ਹੈ ਸਿਧਾਂਤਾਂ ਦੇ ਪਿਛੇ ਕੋਈ ਰੱਬੀ ਹੁਕਮ ਹੋਵੇ, ਪਰ ਰੱਬ ਭੌਤਕ ਵਿਗਿਆਨ ਦੇ ਕਾਨੂਨਾਂ ਦੀ ਉਲੰਘਣਾ ਨਹੀਂ ਕਰਦਾ। ਮੇਰੀ ਸੋਚ ਅਨੁਸਾਰ ਇਸ ਦਾ ਸੌਖਾ ਜਿਹਾ ਸਪੱਸ਼ਟੀਕਰਨ ਇਹ ਹੈ ਕਿ, ਰੱਬ ਹੈ ਹੀ ਨਹੀਂ; ਨਾ ਕਿਸੇ ਨੇ ਬ੍ਰਹਿਮੰਡ ਸਾਜਿਆ ਹੈ ਅਤੇ ਨਾ ਹੀ ਕੋਈ ਸਾਡੀ ਕਿਸਮਤ ਨੂੰ ਸੇਧ ਦਿੰਦਾ ਹੈ। ਇਹ ਵਿਚਾਰ ਮੇਰੇ ਅਹਿਸਾਸ ਨੂੰ ਹੋਰ ਵੀ ਪੱਕਾ ਕਰਦਾ ਹੈ ਕਿ ਨਾ ਤਾਂ ਕੋਈ ਸਵਰਗ ਹੈ ਅਤੇ ਨਾ ਹੀ ਪੁਨਰਜਨਮ ਹੁੰਦਾ ਹੈ)।

**ਬਿੱਗ ਬੈਂਗ**

ਵਿਗਿਆਨੀਆਂ ਅਨੁਸਾਰ, ਬ੍ਰਹਿਮੰਡ ਇਕ "ਬਿੰਦੂ" (Dot) ਦੇ ਵਿਸਫੋਟ ਕਾਰਨ ਹੋਂਦ ਵਿਚ ਆਇਆ ਅਤੇ 13.8 ਅਰਬ ਸਾਲਾਂ ਦੌਰਾਨ ਮੌਜੂਦਾ ਸ਼ਕਤ ਵਿਚ ਫੈਲਿਆ। ਸਾਰੇ ਸਿਤਾਰ, ਸਿਆਰੇ, ਸਣੇ ਧਰਤੀ ਹੋਂਦ ਵਿਚ ਆਏ ਇਸ ਕਿਰਿਆ ਨੂੰ "ਮਹਾਂ ਧਮਾਕਾ" (Big Bang) ਦਾ ਨਾਂ ਦਿੱਤਾ। ਹੇਠਲੀ ਫੋਟੋ ਵਿਚ ਮਹਾਂ ਧਮਾਕੇ ਦਾ ਕਿਆਸੀ ਖਾਕਾ ਦਿੱਤਾ ਹੋਇਆ ਹੈ।




**ਮਹਾਂ ਧਮਾਕੇ ਦਾ ਆਗਾਜ਼ ਤੇ ਬ੍ਰਹਿਮੰਡ ਦਾ ਫਲਾਅ।**

ਖਾਕੇ ਅਨੁਸਾਰ ਸੁਪਰਐਟਮ, ਜਿਸ ਨੂੰ ਹੌਕਿੰਗ ਨੇ ਸਿੰਗੂਲੈਰਿਟੀ (Sigularity) ਕਿਹਾ ਹੈ, ਫਟਣ ਨਾਲ ਮਹਾਂ ਧਮਾਕਾ ਹੋਇਆ ਤਾਂ ਯਕਦਮ ਬ੍ਰਹਿਮੰਡ ਦਾ ਪਸਾਰ (Inflation) ਸ਼ੁਰੂ ਹੋ ਗਿਆ। ਅੰਨ੍ਹਾਂ ਕਰਨ ਵਾਲਾ ਲਸ਼ਕਾਰਾ (Cosmic glow) ਪਿਆ। ਪਹਿਲੇ ਸਿਤਾਰਿਆਂ (First Stars) ਦੀ ਰੂਪਰੇਖਾ ਬਨਣੀ ਸ਼ੁਰੂ ਹੋਈ। ਹੋਰ ਸਿਤਾਰੇ, ਕੈਹਕਸਾਂ (Stars, Galaxies) ਵਿਗਸੇ। ਫੈਲਾਅ ਯਕਦਮ ਤੇਜ (Expansion Accelerates) ਹੋ ਗਿਆ। ਅੱਜ ਜੋ ਬ੍ਰਹਿਮੰਡ ਸਾਡੇ ਸਾਹਮਣੇ ਹੈ ਹੋਂਦ ਵਿਚ ਆਇਆ ਜਿਸ ਵਿਚ ਸਿਤਾਰੇ, ਸਿਆਰੇ ਅਤੇ ਕੈਹਕਸ਼ਾਂ ਪ੍ਰਕਾਹੋਈਆਂ ਪਈਆਂ ਹਨ।

ਅਲੰਕਾਰਕ ਤੌਰ ਤੇ ਮਹਾਂ ਧਮਾਕੇ ਨੂੰ ਵਾਵਰੋਲੇ (Cyclone) ਨਾਲ (ਟੌਰਨੈਡ/ਤੁਫਾਨੋ ਨਾਲ ਨਹੀਂ) ਤਸ਼ਵੀਹਿਆ ਜਾ ਸਕਦਾ ਹੈ। ਵਾਵਰੋਲੇ ਗਰਮ ਰੁੱਤੇ ਆਉਂਦੇ ਹਨ। ਗਰਮ ਹਵਾ, ਹਲਕੀ ਹੋਣ ਦੇ ਨਾਤੇ, ਅਚਾਨਕ ਇਕ ਥਾਂ ਤੋਂ ਘਮੇਟੇ ਖਾਣਾ ਸ਼ੁਰੂ ਕਰਦੀ ਹੈ ਤੇ ਹੌਲੀ ਹੌਲੀ ਤੇਜ ਹੁੰਦੀ ਜਾਂਦੀ ਹੈ। ਜਿਵੇਂ ਜਿਵੇਂ ਹਵਾ ਤੇਜ਼ ਹੁੰਦੀ ਜਾਂਦੀ ਹੈ, ਵਾਵਰੋਲੇ ਦਾ ਮੂੰਹ ਅੰਬਰ ਵਲ ਖੁੱਲ੍ਹੀ ਜਾਂਦਾ ਹੈ। ਧਰਤੀ 'ਤੇ ਜੋ ਵੀ ਇਸ ਦੇ ਰਾਹ ਵਿਚ ਆਉਂਦਾ ਹੈ, ਲਪੇਟ ਕੇ ਉਤਾਂਹ ਵਲ ਸੁਟਦਾ ਹੈ ਜੋ ਉਤਲੇ ਪਾਸੇ ਜਾ ਕੇ ਅਸਮਾਨ ਵਿਚ ਖਿੱਲਰੀ ਜਾਂਦਾ ਹੈ। "ਮਹਾਂ ਧਮਾਕੇ" ਨੇ ਵੀ ਕੁਝ ਇਹੋ ਜਿਹਾ ਹੀਤਾ। ਸ਼ੁਰੂ ਵਿਚ ਜੋ ਵੀ ਸੂਖਸ਼ਮ ਐਟਮ ਜਾਂ ਸੁਪਰਐਟਮ ਵਿਚ ਬੰਦ ਪਿਆ ਸੀ, ਉਹ ਬੇਤਹਾਸ਼ਾ ਸ਼ਕਤੀ ਨਾਲ ਫਟਿਆ ਤੇ ਚਾਰੇ ਪਾਸੇ ਖਿੱਲਰ ਗਿਆ, ਫਲਸਰੂਪ, ਸਮਾਂ ਅਤੇ ਖਲਾਅ ਦਾ ਆਗਾਜ਼ ਹੋਇਆ ਤੇ ਬ੍ਰਹਿਮੰਡ ਸੱਜ ਗਿਆ।

ਵਿਗਿਆਨੀਆਂ ਲਈ ਅਹਿਮ ਸਵਾਲ ਇਹ ਸੀ ਕਿ ਮਹਾਂ ਧਮਾਕੇ ਤੋਂ ਪਹਿਲਾਂ ਕੀ ਸੀ? ਹੌਕਿੰਗ ਅਨੁਸਾਰ: ਮਹਾਂ ਧਾਮਕੇ ਤੋਂ ਪਹਿਲੇ ਦੀਆਂ ਘਟਨਾਵਾਂ ਦੀ ਗਿਣਤੀ-ਮਿਣਤੀ ਨਹੀਂ ਹੋ ਸਕਦੀ, ਇਸ ਲਈ ਇਨ੍ਹਾਂ ਨੂੰ ਸਿਧਾਂਤ 'ਚੋਂ ਖਾਰਜ ਕਰ ਦੇਣਾ ਚਾਹੀਦਾ ਹੈ। ਸਿਰਫ ਇਹ ਮੰਨ ਲੈਣਾ ਚਾਹੀਦਾ ਹੈ ਕਿ ਮਹਾਂ ਧਮਾਕੇ ਦੇ ਕਾਰਨ ਸਮਾਂ ਅਤੇ ਖਿਲਾਅ' (Time and Space) ਹੋਂਦ ਵਿਚ ਆਏ ਜਿਨ੍ਹਾਂ ਤੋਂ ਵਗੈਰ ਬ੍ਰਹਿਮੰਡ ਦੀ ਕੋਈ ਤੁਕ ਨਹੀਂ ਬਣਦੀ। ਹੁਣ ਮੁੱਖ ਸਵਾਲ ਇਹ ਬਣ ਜਾਂਦਾ ਹੈ ਕਿ ਜਿਸ ਬਿੰਦੂ ਦੇ ਫਟਣ ਨਾਲ ਬ੍ਰਹਿਮੰਡ ਹੋਂਦ ਵਿਚ ਆਇਆ, ਉਹ ਬਿੰਦੂ ਕਿਵੇਂ ਕਿਵੇਂ ਹੋਂਦ ਵਿਚ ਆਇਆ ? ਹੌਕਿੰਗ ਅਨੁਸਾਰ ਬ੍ਰਹਿਮੰਡ ਬੇਅੰਤ ਕਹਿਕਸ਼ਾਂ (Galaxies) ਦਾ ਸੰਗਮ ਹੈ ਜਿਸ ਵਿਚ ਸਿਤਾਰੇ (Stars) ਅਤੇ ਉਪਗ੍ਰਹਿ (Planets) ਹਨ। ਸਮੇਂ ਨਾਲ ਇਹ ਬੁੱਢੇ ਹੋਈ ਜਾਂਦੇ ਹਨ ਤੇ ਸ਼ਕਤੀ ਘਟਦੀ ਜਾਂਦੀ ਹੈ, ਫਲਸਰੂਪ ਭਿਸਮ ਹੋ ਕੇ "ਬਲੈਕ ਹੋਲਜ਼" (Black holes) ਵਿਚ ਤਬਦੀਲ ਹੋ ਜਾਂਦੇ ਹਨ। "ਬਲੈਕ ਹੋਲਜ਼" ਦਾ ਆਕਾਰ ਸਿਤਾਰਿਆਂ ਅਤੇ ਉਪਗ੍ਰਹਿਆਂ ਦੇ ਆਕਾਰਾਂ ਅਨੁਸਾਰ ਛੋਟ-ਵੱਡੇ ਹੈ। ਇਨ੍ਹਾਂ ਦੇ ਮਾਦੇ/ਰਾਖ (Matter) ਵਿਚ ਪੌਜ਼ੇਟਿਵ (+) ਅਤੇ ਨੈਗੇਟਿਵ (–) ਅਣੂ ਸਨ, ਜਿਨ੍ਹਾਂ ਨੂੰ ਪਾਰਟੀਕਲ-ਐਂਟੀ ਪਾਰਟੀਕਲ (Particle -Anti-particle) ਵੀ ਕਹਿੰਦੇ ਹਨ। ਬਲੈਕ ਹੋਲਜ਼ ਵਿਚਲੀ ਗੁਰੂਤਾ-ਖਿੱਚ (Gravitational pull) ਅਣੂਆਂ ਨੂੰ ਅੰਦਰ ਵਲ ਖਿੱਚਦੀ ਹੈ। ਪੌਜ਼ੇਟਿਵ ਅਣੂ ਬਾਹਰ ਨੂੰ ਖਿਸਕ ਜਾਂਦੇ ਹਨ ਅਤੇ ਨੈਗੇਟਿਵ ਅੰਦਰ ਡਿਗ ਪੈਂਦੇ ਹਨ। ਆਪਸੀ ਖਿੱਚ ਕਾਰਨ ਨੈਗੇਟਿਵ ਅਣੂ ਇਕ ਦੂਜੇ ਵਿਚ ਸਮਾਈ ਜਾਂਦੇ ਹਨ ਤੇ ਅੰਤ ਨੂੰ ਇਕ ਅਦਿੱਖ ਬਿੰਦੂ ਵਿਚ ਸਿਮਟ ਜਾਂਦੇ ਹਨ। ਇਸ ਬਿੰਦੂ ਦੀ ਕੋਈ ਲੰਬਾਈ-ਚੌੜਾਈ, ਹੇਠਾ-ਉੱਤਾ ਨਹੀਂ ਹੁੰਦੇ ਅਰਥਾਤ, ਇਕ ਪਾਸੜਾ (One-dimensional) ਹੁੰਦਾ ਹੈ। ਇਸ ਦੇ ਪੁੰਜ (Mass) (= ਮਾਦੇ ਦੀ ਮਿਕਦਾਰ ਅਤੇ ਆਕਾਰ ਜਿਸ 'ਤੇ ਗੁਰੂਤਾ ਖਿੱਚ ਦਾ ਕੋਈ ਅਸਰ ਨਾ ਹੋਵੇ) ਦੀ ਗਹਿਰਾਈ (Density) ਅਤੇ ਕਸ਼ਿਸ਼ (Gravity) ਅਸੀਮ ਹਨ। ਇਸ ਬਿੰਦੂ 'ਤੇ ਕੁਅੰਟਮ ਫਿਜ਼ਿਕਸ (Quantum Physics = Nature and behavior of matter and energy on the atomic and subatomic level.) ਦੇ ਸਿਧਾਂਤ




ਲਾਗੂ ਨਹੀਂ ਹੁੰਦੇ। ਆਇਨਸਟਾਇਨ ਅਤੇ ਹੌਕਿੰਗ ਨੇ ਇਸ ਬਿੰਦੂ ਨੂੰ "ਗ੍ਰੈਵੀਟੇਸ਼ਨਲ ਸਿੰਗੂਲੈਰਿਟੀ" (Gravitational singularity) ਦਾ ਨਾਂ ਦਿੱਤਾ ਜਿਸ ਨੂੰ ਪੰਜਾਬੀ ਵਿਚ ਸੂਖਸ਼ਮ ਅਣੂ ਕਹਿ ਸਕਦੇ ਹਾਂ। ਜਦ ਬਿੰਦੂ ਦਾ ਅੰਦਰਲਾ ਤਾਪਮਾਨ ਬੇਓੜਕ ਦਰਜੇ ਵਧ ਗਿਆ ਤਾਂ ਇਹ ਬੇਅੰਤ ਤਾਕਤ ਨਾਲ ਫਟਿਆ, ਫਲਸਰੂਪ, "ਮਹਾਂ ਧਮਾਕਾ" ਹੋਇਆ।

ਹੌਕਿੰਗ ਦੀ ਖੋਜ "ਮਹਾਂ ਧਮਾਕੇ" ਦੇ ਪ੍ਰਭਾਵ ( Effect) ਦੀ ਪੁਸ਼ਟੀ ਕਰਦੀ ਹੈ ਅਤੇ ਇਸ ਦੇ ਹੋਂਦ ਦੇ ਕਾਰਨ (Cause) ਬਾਰੇ ਨਵੀਂ ਮਨੌਤ ਵੀ ਪੇਸ਼ ਕਰਦੀ ਹੈ। ਉਸ ਦੀ ਖੋਜ ਨੇ ਬਰਹਿਮੰਡ ਦੇ ਆਦਿ ਅਤੇ ਅੰਤ ਦੇ ਚੱਕਰ ਦਾ ਹਿਸਾਬ ਕਿਤਾਬ ਕੀਤਾ ਹੈ।

ਰੱਬ ਦਾ ਸੰਕਲਪ

ਬ੍ਰਹਿਮੰਡ ਕੀ ਹੈ? ਇਹ "ਖਲਾਅ ਅਤੇ ਸਮੇ" ਦਾ ਸੰਗਮ ਹੈ। ਇਹ ਤਿੰਨੋ ਇਕਾਈਆਂ ਯਕਦਮ ਇਕੋ ਵੇਲੇ ਹੋਂਦ ਵਿਚ ਆਈਆਂ। ਅੱਜ ਦੇ ਅੰਦਾਜੇ ਅਨੁਸਾਰ ਬ੍ਰਹਿਮੰਡ ਦੀ ਉਮਰ 13.8 ਅਰਬ ਸਾਲ ਹੈ। ਬੰਦਾ ਕੋਈ 1.8 ਮਿਲੀਅਨ ਸਾਲ ਪਹਿਲਾਂ ਵਿਗਸਿਆ। ਬ੍ਰਹਿਮੰਡ ਦੀ ਲੀਲ੍ਹਾ ਤੋਂ ਪ੍ਰਭਾਵਤ ਹੋ ਕੇ ਇਨਸਾਨ ਨੇ ਇਸ ਦੇ ਸੰਚਾਲਕ ਦਾ ਨਾਮਕਰਨ ਕੀਤਾ। ਪਹਿਲਾਂ ਪਹਿਲ ਬ੍ਰਹਿਮੰਡ ਤੋਂ ਬ੍ਰਹਮ' ਅਤੇ ਕੁਦਰਤ ਤੋਂ ਕਾਦਰ' ਨਾਂ ਹੋਂਦ ਵਿਚ ਆਏ। ਧਰਮਾਂ ਦੇ ਉਤਪੰਨ ਹੋਣ ਦੇ ਨਾਲ ਇਸ ਪਰਮ ਸ਼ਕਤੀ ਦੇ ਵੱਖ ਵੱਖ ਨਾਂ ਹੋਂਦ ਆਏ ਜਿਵੇਂ, ਯਹੋਵਾ (ਯਹੂਦੀ), ਗੌਡ (ਈਸਾਈ), ਅੱਲਾ (ਇਸਲਾਮ) ਰਾਮ (ਹਿੰਦੂ) ਅਤੇ ਵਹਿਗੁਰੂ (ਸਿੱਖ) ਆਦਿ। ਵਿਗਿਆਨੀ ਨੂੰ ਇਨ੍ਹਾਂ ਨਾਵਾਂ ਨਾਲ ਕੋਈ ਸਰੋਕਾਰ ਨਹੀਂ। ਉਸ ਲਈ ਇਹ ਜਾਨਣਾ ਵੀ ਅਹਿਮੀਅਤ ਨਹੀਂ ਰਖਦਾ ਕਿ ਬ੍ਰਹਿਮੰਡ ਦਾ ਕਾਰੋਬਾਰ ਕੌਣ ਚਲਾ ਰਿਹਾ ਹੈ, ਉਹ ਸਿਰਫ ਇਹ ਜਾਨਣਾ ਚਾਹੁੰਦਾ ਹੈ ਕਿ ਬ੍ਰਹਿਮੰਡ ਦਾ ਕਾਰੋਬਾਰ ਕਿਵੇਂ ਚੱਲ ਰਿਹਾ ਹੈ? ਇਸ ਦੇ ਹੋਂਦ-ਥੀਣ ਦੇ ਸਬੱਬ ਨੂੰ ਸਮਝਣਾ ਚਾਹੁੰਦਾ ਹੈ। ਹੁਣ ਤਕ ਦੇ ਅੰਦਾਜ਼ਿਆਂ ਅਤੇ ਵਿਗਿਆਨਿਕ ਤਜਰਬਿਆਂ ਰਾਹੀਂ ਇਹ ਪਤਾ ਲੱਗਾ ਹੈ ਕਿ ਸਰਿਸ਼ਟੀ ਦਾ ਕਾਰੋਬਾਰ, ਕਿਸੇ ਅਲੌਕਿਕ ਇਕਾਈ ਦੀ ਰਜ਼ਾ ਅੰਦਰ ਨਹੀਂ, ਭੌਤਿਕ ਵਿਗਿਆਨ ਦੇ ਕਾਨੂੰਨਾਂ ਦੇ ਹੁਕਮ ਵਿਚ ਹੈ।

ਆਇਨਸਟਾਇਨ ਆਖਰੀ ਸਾਹਾਂ 'ਤੇ ਸੀ, ਸੁਰਤ ਕਦੇ ਆ ਜਾਂਦੀ ਤੇ ਕਦੇ ਵਿੱਸਰ ਜਾਂਦੀ। ਬੇਹੋਸ਼ੀ ਵਿਚ ਅਚਾਨਕ ਅੱਖਾਂ ਖੋਲ੍ਹੀਆਂ ਤਾਂ ਐਨਕ, ਪਿੰਨ ਅਤੇ ਪੇਪਰ ਮੰਗੇ। ਪੇਪਰ 'ਤੇ ਇਕ ਅਧੂਰਾ ਫਾਰਮੂਲਾ (Equation) ਲਿਖਿਆ ਹੋਇਆ ਸੀ। ਇਸ ਨੂੰ ਪੂਰਾ ਕਰਨ ਦੀ ਤਾਂਘ ਉਹਦੇ ਹਿਰਦੇ ਅੰਦਰ ਅੰਤਲੇ ਸਾਹਾਂ ਤਕ ਸੁਘਲਦੀ ਰਹੀ। ਇਹ ਫਾਰਮੂਲਾ ਰੱਬ ਦੇ ਰਹੱਸ ਨੂੰ ਖੋਲ੍ਹਣ ਬਾਰੇ ਸੀ। ਆਇਨਸਟਾਇਨ ਕਹਿੰਦਾ ਸੀ ਕਿ "ਮੇਰੀ ਦਿਲਚਸਪੀ ਏਸ ਜਾਂ ਓਸ ਕ੍ਰਿਸ਼ਮੇ ਵਿਚ ਨਹੀਂ, ਮੈਂ ਤਾਂ ਰੱਬ ਦੇ ਵਿਚਾਰ ਜਾਣਨਾ ਚਾਹੁੰਦਾ ਹਾਂ"। ("I am not interested in this phenomenon or that phenomenon, I want to know God's thoughts). ਅਤੇ ਇਹ ਵੀ ਸੋਚਦਾ ਸੀ ਕਿ, ਰੱਬ ਨਰਦਾਂ ਨਹੀਂ ਖੇਲਦਾ (God does not play dice)। ਭਾਵ, ਬ੍ਰਹਿਮੰਡ ਦਾ ਕਾਰੋਬਾਰ ਅਟਕਲ ਪੱਚੂ ਜਾਂ ਮਹਿਜ਼ ਚਾਂਨਸ 'ਤੇ ਨਿਰਭਰ ਨਹੀਂ, ਇਹ ਕਿਸੇ ਨਿਜ਼ਮ ਬੱਝਾ ਹੋਇਆ ਹੈ। ਆਇਨਸਟਾਇਨ ਦਾ ਸਮਕਾਲੀ ਵਿਗਿਆਨੀ, ਬੋਰ੍ਹ (Bohr), ਆਇਨਸਟਾਇਨ ਨੂੰ ਹਿਦਾਇਤ ਕਰਦਾ ਸੀ, "ਆਇਨਸਟਾਇਨ, ਰੱਬ ਨੂੰ ਇਹ ਦੱਸਣਾ ਬੰਦ ਕਰ ਕਿ ਉਹ ਨਰਦਾਂ ਕਿਸ ਤਰ੍ਹਾ ਖੇਡਦਾ ਹੈ"। (UEinstein, stop telling God what to do with His dice"). ਆਇਨਸਟਾਇਨ ਆਪਣੇ ਨਿਸਚੇ 'ਤੇ ਦ੍ਰਿੜ ਸੀ। ਆਖਰੀ ਫਾਰਮੂਲੇ ਰਾਹੀਂ ਉਹ ਇਕ "ਮੁਕੰਮਲ ਸਿਧਾਂਤ" (Theory of Everything) ਭਾਲ ਰਿਹਾ ਸੀ ਜੋ ਬ੍ਰਹਿਮੰਡ ਦੇ ਕਾਰੋਬਾਰ ਦੀ ਘੁੰਡੀ ਖੋਲ੍ਹ ਸਕੇ। ਹੌਕਿੰਗ ਨੇ ਇਸ ਘੁੰਡੀ ਨੂੰ ਖੋਲ੍ਹਣ ਦਾ ਯਤਨ ਕੀਤਾ ਤੇ ਰੱਬ ਦੇ ਸੰਕਲਪ ਦੀ ਵਿਗਿਆਨਿਕ ਰੂਪ ਰੇਖਾ ਪੇਸ਼ ਕੀਤੀ ਕਿ, ਬ੍ਰਹਿਮੰਡ ਇਕ ਸੂਖਸ਼ਮ ਕਣ ਦੇ ਫਟਣ ਕਾਰਨ ਹੋਂਦ ਵਿਚ ਆਇਆ। ਅਗਲਾ ਸਵਾਲ ਇਹ ਬਣ ਗਿਆ ਕਿ ਇਸ ਕਣ ਦੀ ਹੋਂਦ ਨੂੰ ਲੱਭਿਆ ਜਾਵੇ। ਸੰਮਤ 2012 ਵਿਚ ਫ੍ਰੈਂਕੂਆ ਇੰਗਲਰਟ ਅਤੇ ਪੀਟਰ ਹਿੱਗਜ਼ (François Englert and Peter Higgs) ਨੇ ਹਿੱਗਜ਼ ਬੋਸਮ (Higgs Bosom) ਲੱਭ ਲਿਆ। ਧਰਮ ਅਤੇ ਵਿਗਿਆਨ ਵਿਚ ਸਾਂਝ ਦਿਖਾਉਣ ਲਈ ਇਸ ਕਣ ਨੂੰ ਰੱਬੀ-ਕਣ (God Particle) ਕਿਹਾ ਗਿਆ।

## ਅੰਤਕਾ

ਨੀਟਸ਼ੇ (Nietzsche) ਨੇ ਸੰਨ 1882 ਵਿਚ ਕਿਹਾ ਸੀ ਕਿ "ਗੌਡ ਇੱਜ਼ ਡੈੱਡ" (God is Dead). ਉਸ ਵੇਲੇ ਗਿਆਨਵਾਨ ਯੁੱਗ (Age of Enlightenment) ਦਾ ਆਗਾਜ਼ ਹੋਇਆ ਸੀ। ਬ੍ਰਹਿਮੰਡ ਦੀ ਹੋਂਦ ਨੂੰ ਜਿਸ ਦੈਵੀ ਸ਼ਕਤੀ ਦੀ ਕਰਾਮਾਤ ਸਮਝਿਆ ਜਾਂਦਾ ਸੀ, ਭੌਤਕ ਸਿਧਾਂਤਾਂ ਦਾ ਸੱਚ ਬਣ ਗਿਆ। ਨੈਤਕਤਾ ਨੂੰ ਰੱਬੀ ਸ਼ਕਤੀ ਦੇ ਠੁਮਣੇ ਦੀ ਲੋੜ ਨਹੀਂ ਰਹੀ ਸੀ, ਇਹ ਪੱਖ ਦਰਸ਼ਨ ਅਤੇ ਵਿਗਿਆਨ ਪੂਰਾ ਕਰ ਸਕਦੇ ਸਨ। ਵਾਸਤਵ ਵਿਚ ਨੀਟਸ਼ੇ ਦਾ ਵਿਚਾਰ ਇਹ ਨਹੀਂ ਦਰਸਾਉਂਦਾ ਕਿ ਰੱਬ ਖ਼ੁਦਕਸ਼ੀ ਕਰ ਗਿਆ ਜਾਂ ਬੰਦੇ ਨੇ ਮਾਰ ਦਿੱਤਾ, ਸਗੋਂ ਵਿਗਿਆਨਿਕ ਯੁੱਗ ਦੀ ਦਾਨਿਸ਼ਮੰਦੀ ਦਾ ਪ੍ਰਟਾਵਾ ਕਰਦਾ ਹੈ। ਆਇਨਸਟਾਇਨ ਅਤੇ ਹੌਕਿੰਗ ਦੀ ਖੋਜ ਨੇ ਨੀਟਸ਼ੇ ਦੇ ਵਿਚਾਰ ਦੀ ਪੁਸ਼ਟੀ ਕੀਤੀ ਹੈ।

ਪ੍ਰੋ. ਮੋਹਨ ਸਿੰਘ ਦੀ ਕਵਿਤਾ, ਰੱਬ", ਵਿਚ ਇਕ ਬੰਦ ਹੈ:

***ਰੱਬ ਇਕ ਗੁੰਝਲਦਾਰ ਬੁਝਾਰਤ , ਰੱਬ ਇਕ ਗੋਰਖ ਧੰਦਾ।***
***ਖੋਲ੍ਹਣ ਲਗਿਆਂ ਪੇਚ ਏਸ ਦੇ, ਕਾਫ਼ਰ ਹੋ ਜਾਏ ਬੰਦਾ।***

ਜੇ ਸ਼ਬਦ ਕਾਫ਼ਰ' ਦੀ ਥਾਂ ਪਾਗਲ' ਅਤੇ ਬੰਦੇ' ਦੀ ਤਾਂ "ਵਿਗਿਆਨੀ' ਵਰਤਿਆ ਜਾਵੇ ਤਾਂ ਰੱਬ ਦੀ ਹੋਂਦ ਦੇ ਪੇਚ ਖੋਲ੍ਹਣ ਦਾ ਕੰਮ ਵਿਗਿਆਨੀਆਂ ਦੇ ਅੜਿੱਕੇ ਆ ਜਾਂਦਾ ਹੈ। ਉਨ੍ਹਾਂ ਦੀ ਖਪਤ ਨੂੰ ਪਾਗਪੰਨ' ਕਿਹਾ ਜਾਂਦਾ ਹੈ ਅਤੇ ਨਾਂ ਨਾਲ ਪਾਗਲ ਵਿਗਿਆਨੀ' (Mad Scientist) ਜੋੜ ਦਿੱਤਾ ਜਾਂਦਾ ਹੈ।

## ਸਾਰੰਸ਼

*ਜਦ ਬ੍ਰਹਿਮੰਡ ਨਹੀਂ ਸੀ ਤਾਂ ਕੁਝ ਵੀ ਨਹੀਂ ਸੀ ਫੇਰ ਰੱਬ ਕਿੱਥੋਂ ਹੋਣਾ ਸੀ। ਬ੍ਰਹਿਮੰਡ ਦੇ ਆਗਾਜ਼ ਨਾਲ "ਸਮਾਂ ਅਤੇ ਪੁਲਾੜ" (Time and Spac) ਦਾ ਆਗਾਜ਼ ਹੋਇਆ। ਇਸ ਨੁਕਤੇ ਤੋਂ ਕਿਸੇ ਸ਼ਕਤੀ ਦੀ ਹੋਂਦ ਨੂੰ ਕਿਆਸ ਕੀਤਾ ਜਾ ਸਕਦਾ ਹੈ। ਪਰ ਕਿਆਸ ਕੌਣ ਕਰਦਾ, ਬੰਦਾ ਤਾਂ ਅਜੇ ਹੋਂਦ ਵਿਚ ਨਹੀਂ ਸੀ ਆਇਆ। ਬੰਦੇ ਦੀ ਉਤਪਤੀ ਨਾਲ ਰੱਬ ਦਾ ਸੰਕਲਪ ਪੈਦਾ ਹੋਇਆ, ਭਾਵ ਕਿ ਬੰਦੇ ਨੇ ਰੱਬ ਸਾਜ ਲਿਆ। ਇਹ ਉਸ ਵਕਤ ਹੋਇਆ ਜਦ ਕੁਦਰਤ ਨੇ ਬੰਦੇ 'ਤੇ ਕਹਿਰ ਢਾਹੇ ਤਾਂ ਬੰਦੇ ਦੀ ਨਿਆਣੀ ਸੁਰਤ ਭੈਅ ਵਿਚ ਆਈ। ਸੁਰਤ ਜਦ ਸਮਝ ਵਿਚ ਬਦਲੀ ਤਾਂ ਕਿਸੇ ਅਣਦਿੱਖ ਸ਼ਕਤੀ ਦੀ ਹੋਂਦ ਨੇ ਜਨਮ ਲਿਆ। ਸਮਝ ਜਦ ਰਤਾ ਸਿਆਣੀ ਹੋਈ ਤਾਂ ਇਸ ਸ਼ਕਤੀ ਨੂੰ ਧਿਆਉਣਾ ਸ਼ੁਰੂ ਕਰ ਦਿੱਤਾ, ਫਲਸਰੂਪ, ਧਰਮ ਹੋਂਦ ਵਿਚ ਆਏ। ਸਿਆਣਪ ਜਦ ਅਕਲ ਵਿਚ ਬਦਲੀ ਤਾਂ ਦਾ ਧਰਮਾਂ ਦੀ ਰਾਜਨੀਤੀ ਸ਼ੁਰੂ ਹੋਈ। ਉਨ੍ਹਾਂ ਨੇ ਸ਼ਕਤੀ ਦੇ ਵੱਖ ਵੱਖ ਨਾਂ ਧਰ ਲਏ। ਅਕਲ ਜਦ ਗਿਆਵਾਨ ਹੋ ਗਈ ਤਾਂ ਵਿਗਿਆਨੀਆਂ ਨੇ ਇਸ ਸ਼ਕਤੀ ਦੀ ਜੜ੍ਹ ਨੂੰ ਖੋਜਣਾ ਸ਼ੁਰੂ ਕੀਤਾ ਤੇ ਬ੍ਰਹਿਮੰਡ ਦੇ ਆਗਾਜ਼ ਦਾ ਰਾਜ ਪਤਾ ਲੱਭਿਆ। ਸਟੀਫਨ ਹੌਕਿੰਗ ਇਸ ਖੋਜ-ਲੜੀ ਦਾ ਅਖ਼ੀਰਲਾ ਮੋਤੀ ਸੀ।*

# ਜਰਨੈਲ ਆਰਟ ਗੈਲਰੀ ਵਿਖੇ ਸਹਿਜਪਰੀਤ ਸਿੰਘ ਮਾਂਗਟ ਤੇ ਦਲਜੀਤ ਸਿੰਘ ਜੱਸਲ ਨਾਲ ਰੂਬਰੂ ਮੌਕੇ ਸਾਹਿਤਕ ਵਿਚਾਰਾਂ

**ਸਰੀ (ਕੈਨੇਡਾ)/ਬਿਊਰੋ ਨਿਊਜ਼:**

ਕੈਨੇਡਾ ਫੇਰੀ ਤੇ ਆਏ ਪੰਜਾਬੀ ਸਾਹਿਤ ਅਕਾਦਮੀ ਦੇ ਨਵੇਂ ਚੁਣੇ ਮੀਤ ਪ੍ਰਧਾਨ ਸਹਿਜਪਰੀਤ ਸਿੰਘ ਮਾਂਗਟ ਅਤੇ ਦਲਜੀਤ ਸਿੰਘ ਜੱਸਲ ਦੇ ਜਰਨੈਲ ਆਰਟ ਗੈਲਰੀ ਵਿਖੇ ਕਰਵਾਏ ਗਏ ਰੂਬਰੂ ਪ੍ਰੋਗਰਾਮ ਮੌਕੇ ਚੋਣਵੇਂ ਲਿਖਾਰੀ, ਬੁਧੀਜੀਵੀ ਤੇ ਸਾਹਿਤ ਪ੍ਰੇਮੀ ਸ਼ਾਮਲ ਹੋਏ। ਅਰੰਭ ਵਿਚ ਜਰਨੈਲ ਸਿੰਘ ਆਰਟਿਸਟ ਨੇ ਸ੍ਰੀ ਮਾਂਗਟ ਤੇ ਦਲਜੀਤ ਸਿੰਘ ਜੱਸਲ ਨੂੰ ਜੀ ਆਇਆਂ ਕਹਿੰਦਿਆਂ ਉਹਨਾਂ ਦੀ ਸੰਖੇਪ ਜਾਣ ਪਛਾਣ ਸਰੋਤਿਆਂ ਨਾਲ ਕਰਵਾਈ।

ਸਾਹਿਤਕਾਰ ਸਹਿਜਪ੍ਰੀਤ ਸਿੰਘ ਮਾਂਗਟ ਨੇ ਅਪਣੇ ਸਾਹਿਤਕ ਸਫਰ ਬਾਰੇ ਦਸਿਆ ਕਿ ਉਹ ਕਵਿਤਾ ਲਿਖਦੇ ਤਾਂ ਸਨ ਪਰ ਇਹ ਭਰੋਸਾ ਨਹੀਂ ਸੀ ਕਿ ਇਹ ਚੰਗੀ ਹੈ ਜਾਂ ਨਹੀਂ। ਫਿਰ ਗੁਰਭਜਨ ਗਿੱਲ ਨੂੰ ਖਰੜਾ ਦਿਖਾਉਣ ਤੋਂ ਮਗਰੋਂ ਹੌਸਲਾ ਹੋਇਆ ਤੇ ਉਸਤੋਂ ਬਾਅਦ ਲਗਾਤਾਰ ਲਿਖਦੇ ਹਨ ਤੇ ਪਿਛੇ ਮੁੜ ਕੇ ਨਹੀਂ ਦੇਖਿਆ। ਉਹਨਾਂ ਪਾਕਿਸਤਾਨੀ ਫੇਰੀ ਸਮੇਂ ਦਹਿਸ਼ਤਗਰਦਾਂ ਵਲੋਂ ਮਾਰੇ ਗਏ ਬੱਚਿਆਂ ਬਾਰੇ



ਹਿਰਦੇ ਨੂੰ ਟੁੰਬਦੀ ਰਚਨਾ ਸੁਣਾਈ। ਉਨ੍ਹਾਂ ਪੰਜਾਬੀ ਸਾਹਿਤ ਅਕਾਦਮੀ ਦੇ ਕਾਰਜ ਬਾਰੇ ਵੀ ਗੱਲਾਂ ਸਾਂਝੀਆਂ ਕੀਤੀਆਂ। ਉਹਨਾਂ ਕਿਹਾ ਕਿ ਫੰਡਾਂ ਦੀ ਘਾਟ ਹਮੇਸ਼ਾ ਹੀ ਅਕੈਡਮੀ ਨੂੰ ਰਹੀ ਹੈ ਤੇ ਕੋਸ਼ਿਸ਼ ਜਾਰੀ ਹੈ ਕਿ ਸਾਰੇ ਮੈਂਬਰਾਂ ਦੀ ਜਾਣਕਾਰੀ , ਐਡਰੈਸ, ਈਮੇਲਾਂ ਵਗੈਰਾ ਨੂੰ ਅਪਡੇਟ ਕੀਤਾ ਜਾਵੇ ਤਾਂ ਕਿ ਸੰਪਰਕ ਸੁਖਾਲਾ ਹੋ ਸਕੇ। ਵੋਟਾਂ ਵਿਚ ਵਿਦੇਸ਼ੀ ਲੇਖਕ ਮੈਂਬਰਾਂ ਦੀ ਵੀ ਸ਼ਮੂਲੀਅਤ ਇਲੇਕਟਰਾਨਿਕ ਤਰੀਕੇ ਕਰਨ ਦੇ ਯਤਨ ਹੋ ਰਹੇ ਹਨ।

ਇਸ ਤੋਂ ਬਾਦ ਦਲਜੀਤ ਸਿੰਘ ਜੱਸਲ ਨੇ ਗਲਬਾਤਕਰਦਿਆਂ ਦਸਿਆ ਕਿ ਕਾਫੀ ਦੇਰ ਤੋਂ ਲਿਖਦੇ ਰਹੇ ਸਨ ਤੇ ਕਵਿਤਾਵਾਂ ਅਖਬਾਰਾਂ ਰਸਾਲਿਆਂ ਵਿਚ ਛਪਦੀਆਂ ਰਹਿੰਦੀਆਂ ਸਨ ਪਰ ਕਦੇ ਛਪਾਉਣ ਬਾਰੇ ਸੋਚਿਆ ਹੀ ਨਹੀਂ ਸੀ ਤੇ ਨਾ ਹੀ ਉਹ ਸੰਭਾਲ ਕੇ ਰੱਖੀਆਂ। ਜਸਲ ਆਰਟ ਗੈਲਰੀ ਦਾ ਉਦਘਾਟਨ ਸ.ਸੋਭਾ ਸਿੰਘ ਚਿਤਰਕਾਰ ਨੇ ਕੀਤਾ। ਤੇ ਫਿਰ ਸਭਿਆਚਾਰਕ ਸਰਗਰਮੀਆਂ ਵਿਚ ਵਧ ਚੜ ਕੇ ਹਿਸਾ ਲਿਆ। ਮੋਹਨ ਸਿੰਘ ਮੇਲੇ ਨਾਲ ਸਰਗਰਮੀ ਨਾਲ ਜੁੜੇ ਰਹੇ। ਇਸ ਤੋਂ ਇਲਾਵਾ ਲਿਖਾਰੀਆਂ ਨਰੰਜਨ ਤਸਨੀਮ, ਸ.ਨ.ਸੇਵਕ , ਗੁਰਭਜਨ ਗਿਲ ਅਤੇ ਹੋਰਨਾਂ ਨਾਲ ਨੇੜਤਾ ਰਹੀ ਤੇ ਪੁਸਤਕ ਛਪਵਾਉਣ ਦਾ ਵਿਚਾਰ ਬਣਾਇਆ। ਪਹਿਲੀ ਕਵਿਤਾਵਾਂ ਗੀਤਾਂ ਦੀ ਪੁਸਤਕ ਗੀਤ ਪਰਾਗਾ' ਛਾਪੀ। ਵਿਰਾਸਤ ਭਵਨ ਦੀ ਸਥਾਪਨਾ ਤੇ ਉਥੇ ਪ੍ਰਦਰਸ਼ਨੀਆਂ ਸਭਿਆਚਾਰਕ ਪ੍ਰੋਗਰਾਮ ਕਰਵਾਉਣ ਬਾਰੇ ਦਸਿਆ। ਉਹਨਾਂ ਅਪਣੇ ਚੋਣਵੇਂ ਗੀਤ ਕਵਿਤਾਵਾਂ ਸੁਣਾਈਆਂ ਤੇ ਵਿਚਾਰ ਚਰਚਾ ਵੀ ਹੋਈ। ਇਸ ਮੌਕੇ ਉਹਨਾਂ ਦੀ ਨਵੀਂ ਪੁਸਤਕ 'ਭੋਰ ਚੂਰ' ਰਲੀਜ਼ ਕੀਤੀ ਗਈ।

ਅਖੀਰ ਵਿਚ ਉਘੇ ਨਾਵਲਕਾਰ ਜਰਨੈਲ ਸਿੰਘ ਸੇਖਾ ਨੇ ਆਏ ਸਜਣਾ ਦਾ ਧੰਨਵਾਦ ਕੀਤਾ। ਇਸ ਮਿਲਣੀ ਵਿਚ ਭੁਪਿੰਦਰ ਮੱਲੀ, ਡਾ. ਸ਼ਬਨਮ ਮੱਲੀ, ਅੰਗਰੇਜ਼ ਬਰਾੜ, ਮੋਹਨ ਗਿਲ, ਨਦੀਮ ਪਰਮਾਰ, ਗੁਰਚਰਨ ਟੱਲੇਵਾਲੀਆ, ਜੋਗਿੰਦਰ ਸ਼ਮਸ਼ੇਰ, ਹਰਦਮ ਸਿੰਘ ਮਾਨ, ਨਰਿੰਦਰ ਸਿੰਘ ਕਾਲਹਾ, ਹਰਪ੍ਰੀਤ ਸਿੰਘ ਅਤੇ ਰਮੇਸ਼ ਚੰਦਰ ਸ਼ਾਮਲ ਸਨ।

## ਵੈਨਕੂਵਰ ਵਿਚਾਰ ਮੰਚ ਵਲੋਂ ਡਾ. ਐਸ ਪੀ ਸਿੰਘ ਤੇ ਸ. ਮਾਂਗਟ ਦਾ ਸਨਮਾਨ

ਵੈਨਕੂਵਰ ਵਿਚਾਰ ਮੰਚ ਵਲੋਂ ਗੁਰੂ ਨਾਨਕ ਯੂਨੀਵਰਸਿਟੀ ਦੇ ਸਾਬਕਾ ਵਾਈਸ ਚਾਂਸਲਰ ਡਾ ਐਸ ਪੀ ਸਿੰਘ ਤੇ ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦੇ ਨਵੇਂ ਚੁਣੇ ਮੀਤ ਪ੍ਰਧਾਨ



ਸਹਿਜਪ੍ਰੀਤ ਸਿੰਘ ਮਾਂਗਟ ਨਾਲ ਇਕ ਰੂਬਰੂ ਪੰਜਾਬ ਭਵਨ ਸਰੀ ਵਿਖੇ ਕੀਤਾ ਗਿਆ। ਡਾ. ਐਸ ਪੀ ਸਿੰਘ ਤੇ ਸਹਿਜਪ੍ਰੀਤ ਸਿੰਘ ਮਾਂਗਟ ਨੇ ਅਪਣੇ ਵਿਚਾਰ ਸਰੋਤਿਆਂ ਨਾਲ ਸਾਂਝੇ ਕੀਤੇ। ਇਸ ਮੌਕੇ ਉਹਨਾਂ ਨੂੰ ਸ੍ਰੀ ਸੁਖੀ ਬਾਠ ਵਲੋਂ ਪੰਜਾਬ ਭਵਨ ਵਲੋਂ ਸਨਮਾਨਿਤ ਕੀਤਾ ਗਿਆ।

# ਆਰ ਐਸ ਐਸ ਦੇਸ਼ ਨੂੰ ਲੈ ਡੁੱਬੇਗੀ



***ਆਰ ਐਸ ਐਸ ਦਾ ਸੁਪਨਾ ਮੁਸਲਮਾਨ ਮੁਕਤ ਭਾਰਤ ਸਿਰਜਣਾ ਹੈ। ਭਾਜਪਾ ਦੀ ਹੀ ਸਰਕਾਰ ਨੇ ਰਾਜਸਥਾਨ ਵਿਚ ਹਾਈਕੋਰਟ ਦੇ ਸਾਹਮਣੇ ਹਿੰਦੂਆਂ ਦੇ ਨੀਤੀਘਾੜੇ ਮਨੂੰ ਦਾ ਬੁੱਤ ਲਗਵਾ ਦਿੱਤਾ ਸੀ। ਇਕ ਹੈ ਵਰਤਮਾਨ ਦੀ ਮਜ਼ਬੂਰੀ ਅਰਥਾਤ ਸੰਵਿਧਾਨ ਦੀ ਰੱਖਿਆ ਦੇ ਲਈ ਅਦਾਲਤ ਤੇ ਦੂਸਰਾ ਹੈ ਭਵਿੱਖ ਦਾ ਨਿਸ਼ਾਨਾ ਮਨੂੰਸਿਮਰਤੀ ਦਾ ਭਾਰਤ। ਇਤਿਹਾਸ ਗਵਾਹ ਹੈ ਕਿ ਜਿਸ ਛੂਆਛਾਤ ਦੇ ਲਈ ਅੰਬੇਡਕਰ ਜੀਵਨ ਭਰ ਸੰਘਰਸ਼ ਕਰਦੇ ਰਹੇ, ਉਹ ਵਿਵਸਥਾ ਅਜੇ ਤੱਕ ਜਿਉਂਦੀ ਹੈ। ਦਲਿਤਾਂ ਨਾਲ ਵਿਤਕਰਾ, ਛੂਆਛਾਤ ਤੇ ਮੰਦਰਾਂ ਵਿਚ ਜਾਣ ਤੋਂ ਪਾਬੰਦੀ ਵਰਗੀ ਵਿਵਸਥਾ ਹੁਣ ਤੱਕ ਜਿਉਂਦੀ ਹੈ***

**ਅਪੂਰਵਾਨੰਦ ਪ੍ਰੋ.ਫ਼ੈਸਰ ਦਿੱਲੀ ਯੂਨੀਵਰਸਿਟੀ**

ਭਾਰਤ ਦੀ ਅਜ਼ਾਦੀ ਦੇ ਅੰਦੋਲਨ ਨੇ ਆਪਣੇ ਆਪ ਨੂੰ ਰਾਸ਼ਟਰਵਾਦ ਤੋਂ ਮੁਕਤ ਰੱਖਿਆ ਸੀ। ਮਹਾਤਮਾ ਗਾਂਧੀ, ਅਮਰ ਸ਼ਹੀਦ ਭਗਤ ਸਿੰਘ, ਜਵਾਹਰ ਲਾਲ ਨਹਿਰੂ ਭਾਰਤ



ਦੀ ਅਜ਼ਾਦੀ ਦੇ ਲਈ ਲੜਦੇ ਹੋਏ ਵੀ ਰਾਸ਼ਟਰਵਾਦ ਦੇ ਜਨੂੰਨ ਦੇ ਖਿਲਾਫ਼ ਸਨ ਤੇ ਰਵਿੰਦਰ ਨਾਥ ਟੈਗੋਰ ਰਾਸ਼ਟਰਵਾਦ ਦੇ ਸਭ ਤੋਂ ਵੱਡੇ ਆਲੋਚਕ ਸਨ। ਰਾਸ਼ਟਰਵਾਦ ਦਾ ਆਧਾਰ ਹਿੰਸਾ ਤੇ ਵੱਖਵਾਦ ਹੁੰਦਾ ਹੈ ਤੇ ਇਸ ਦਾ ਘੇਰਾ ਬਹੁਤ ਸੀਮਤ ਜਿਹਾ ਹੁੰਦਾ ਹੈ। ਹਿੰਦੂਆਂ ਦਾ ਹਿੰਦੂਆਂ ਨਾਲ ਰਹਿਣਾ, ਮੁਸਲਮਾਨਾਂ ਦਾ ਮੁਸਲਮਾਨਾਂ ਨਾਲ ਰਹਿਣਾ ਸੋਚਣ ਦੇ ਲਈ ਚੰਗਾ ਲਗਦਾ ਹੈ। ਪਰ ਇਹ ਵਿਚਾਰ ਇਨਸਾਨੀਅਤ ਦੇ ਪੱਖ ਵਿਚ ਨਹੀਂ। ਭਾਰਤ ਦੇ ਅੰਦਰ ਅਜਿਹਾ ਵਾਤਾਵਰਨ ਬਣਾ ਦਿੱਤਾ ਹੈ ਕਿ ਯੂਨੀਵਰਸਿਟੀਆਂ ਤੇ ਕਾਲਜਾਂ ਨੂੰ ਸ਼ੱਕ ਦੀ ਨਜ਼ਰ ਨਾਲ ਦੇਖਿਆ ਜਾ ਰਿਹਾ ਹੈ। ਘੱਟ ਗਿਣਤੀਆਂ ਦੇ ਲਈ ਭਾਰਤ ਵਿਚ ਖਤਰਨਾਕ ਮਾਹੌਲ ਸਿਰਜਿਆ ਜਾ ਰਿਹਾ ਹੈ। ਕੇਂਦਰ ਵਿਚ ਇਕ ਅਜਿਹੀ ਤਾਕਤ ਕਾਬਜ਼ ਹੋ ਗਈ ਹੈ, ਜੋ ਸੰਵਿਧਾਨ ਤੇ ਬਰਾਬਰੀ ਵਿਚ ਯਕੀਨ ਨਹੀਂ ਕਰਦੀ। ਆਰ ਐਸ ਐਸ ਸਿੱਖਾਂ, ਬੋਧੀਆਂ ਤੇ ਜੈਨੀਆਂ ਨੂੰ ਹਿੰਦੂ ਧਰਮ ਦਾ ਅੰਗ ਮੰਨਦੀ ਹੈ। ਉਸ ਵਲੋਂ ਇਸ ਸੰਬੰਧ ਵਿਚ ਇਕ ਵਿਚਾਰਕ ਮੰਚ ਤਿਆਰ ਕੀਤਾ ਜਾ ਰਿਹਾ ਹੈ, ਜਿਸ ਵਿਚ ਮੁਸਲਮਾਨ ਤੇ ਇਸਾਈ ਸ਼ਾਮਲ ਹਨ।

1984 ਤੇ 2000 ਦੀ ਹਿੰਸਾ ਵਿਚ ਫਰਕ ਹੈ ਜਾਂ ਨਹੀਂ, ਇਸ 'ਤੇ ਬਹਿਸ ਫਿਰ ਸ਼ੁਰੂ ਹੋ ਗਈ ਹੈ। 1984 ਦੀ ਹਿੰਸਾ ਸੱਤਾਧਾਰੀ ਕਾਂਗਰਸ ਦੀ ਦੇਣ ਸੀ ਜਾਂ ਨਹੀਂ। ਇਸ 'ਤੇ ਬਹਿਸ ਹੋ ਸਕਦੀ ਹੈ। ਪਰ ਇਸ ਵਿਚ ਕੋਈ ਇਨਕਾਰ ਨਹੀਂ ਕਰ ਸਕਦਾ ਹੈ ਕਿ ਇਸ ਹਿੰਸਾ ਨੂੰ ਰੋਕਣ ਦੇ ਲਈ ਕਾਂਗਰਸ ਸਰਕਾਰ ਨੇ ਦਿਲਚਸਪੀ ਨਹੀਂ ਦਿਖਾਈ ਸੀ। ਇਸ ਹਿੰਸਾ ਵਿਚ ਉਸ ਦੇ ਰਾਜਤੰਤਰ ਦੀ ਸਰਗਰਮੀ ਤੇ ਹਿੱਸੇਦਾਰੀ ਦੇ ਪ੍ਰਮਾਣ ਵੀ ਮਿਲਦੇ ਹਨ। ਪਟਨਾ ਵਿਚ ਸਾਡੇ ਸਾਹਮਣੇ ਸਿੱਖਾਂ ਦੀਆਂ ਦੁਕਾਨਾਂ ਲੁੱਟੀਆਂ ਜਾ ਰਹੀਆਂ ਸਨ ਤੇ ਪੁਲੀਸ ਸੜਕ 'ਤੇ ਤਮਾਸ਼ਾ ਦੇਖ ਰਹੀ ਸੀ। 1984 ਦੀ ਹਿੰਸਾ ਨੇ ਬਿਹਾਰ ਦੇ ਕਈ ਸ਼ਹਿਰਾਂ ਵਿਚ ਸਿੱਖਾਂ ਨੂੰ ਹਿਜ਼ਰਤ ਕਰਨ ਲਈ ਮਜ਼ਬੂਰ ਕੀਤਾ। ਅਜਿਹਾ ਹੀ ਦੂਸਰੀਆਂ ਥਾਂਵਾਂ 'ਤੇ ਵੀ ਹੋਇਆ। ਟਰੇਨਾਂ ਵਿਚ ਸਿੱਖਾਂ 'ਤੇ ਹਮਲੇ ਤੇ ਉਨ੍ਹਾਂ ਦੀਆਂ ਕਤਲਾਂ ਦੀਆਂ ਖ਼ਬਰਾਂ ਆਉਂਦੀਆਂ ਹੀਆਂ। ਸਿੱਖ ਜਿਨ੍ਹਾਂ ਨੂੰ ਹਿੰਦੂ ਧਰਮ ਦੇ ਰੱਖਿਅਕ ਰੂਪ ਵਿਚ ਪ੍ਰਚਾਰਿਆ ਜਾ ਰਿਹਾ ਸੀ, ਹਿੰਦੂਆਂ ਦੇ ਹੱਥੋਂ ਮਾਰੇ, ਲੁੱਟੇ ਤੇ ਬੇਇਜ਼ਤ ਕੀਤੇ ਜਾ ਰਹੇ ਸਨ। ਪਟਨਾ ਯੂਨੀਵਰਸਿਟੀ ਦੇ ਇਕ ਸਿੱਖ ਅਧਿਆਪਕ ਦੀ ਦਾੜੀ ਤੇ ਵਾਲ ਕੱਟਣ ਦੀ ਜਦ ਖਬਰ ਮਿਲੀ ਤਦ ਮੇਰੇ ਕਠੋਰ ਨਾਸਤਕ ਮਨ ਨੂੰ ਡੂੰਘੀ ਸੱਟ ਵੱਜੀ। ਉਸ ਹਿੰਸਾ ਨੂੰ ਸਹੀ ਠਹਿਰਾਉਣ ਦੇ ਲਈ ਇੰਦਰਾ ਗਾਂਧੀ ਦੀ ਉਨ੍ਹਾਂ ਦੇ ਅੰਗ-ਰੱਖਿਅਕਾਂ ਦੁਆਰਾ ਕੀਤੀ ਗਈ ਹੱਤਿਆ ਨੂੰ ਹਮੇਸ਼ਾ ਸਾਹਮਣੇ ਰੱਖਿਆ ਗਿਆ।

ਕਾਂਗਰਸ ਪਾਰਟੀ ਨੇ ਸਿੱਖ ਵੱਖਵਾਦ ਦੇ ਖਤਰੇ ਨੂੰ ਚੋਣ ਦਾ ਮੁੱਦਾ ਬਣਾਇਆ, ਇਸ ਕਾਰਨ ਸਿੱਖਾਂ ਨੂੰ ਭਾਰਤ ਵਿਚ ਘੱਟ ਗਿਣਤੀ ਹੋਣ ਦਾ ਅਹਿਸਾਸ ਪਹਿਲੀ ਵਾਰ ਹੋਇਆ। ਇਸ ਦੇ ਬਾਅਦ ਸਿੱਖ ਰਾਜਨੀਤੀ ਦਾ ਭਗਵੀਂ ਰਾਜਨੀਤੀ ਨਾਲ ਗੱਠਜੋੜ ਹੋ ਗਿਆ।

ਅਸੀਂ 1984 ਦੀ ਹਿੰਸਾ ਵਿਚ ਹੋਰ ਰਾਜਨੀਤਕ ਦਲਾਂ ਦੀ ਭੂਮਿਕਾ ਨੂੰ ਯਾਦ ਕਰ ਲਈਏ। ਆਰ ਐਸ ਐਸ 'ਤੇ ਦੋਸ਼ ਹੈ ਕਿ ਉਸ ਦੇ ਮੈਂਬਰਾਂ ਨੇ ਇਸ ਹਿੰਸਾ ਵਿਚ ਹਿੱਸਾ ਲਿਆ। ਉਸ ਸਮੇਂ ਭਾਜਪਾ ਨੂੰ ਵੀ ਘੱਟ ਤੋਂ ਘੱਟ ਪਟਨਾ ਵਿਚ ਇਸ ਹਿੰਸਾ ਦਾ ਵਿਰੋਧ ਕਰਦੇ ਹੋਏ ਨਹੀਂ ਦੇਖਿਆ ਗਿਆ। ਕਾਂਗਰਸ ਪਾਰਟੀ ਤੇ ਇਹ ਦੋਸ਼ ਰਹੇਗਾ ਹੀ ਕਿ ਉਸ ਨੇ ਹਿੰਸਾ ਨੂੰ ਆਪਣੇ ਲਈ ਲਾਭਦਾਇਕ ਮੰਨਿਆ। ਉਹ ਇਸ ਹਿੰਸਾ ਦੀ ਜਨਮਦਾਤੀ ਸੀ। ਇਸ ਤੋਂ ਵੱਡਾ ਦੋਸ਼ ਹੈ ਕਿ ਉਸ ਨੇ ਇਸ ਹਿੰਸਾ ਦਾ ਵਿਰੋਧ ਨਹੀਂ ਕੀਤਾ। ਉਸ ਨੇ ਆਪਣੇ ਪਾਰਟੀ ਮੈਂਬਰਾਂ ਨੂੰ ਇਹ ਸੁਨੇਹਾ ਨਹੀਂ ਦਿੱਤਾ ਕਿ ਦੋ ਸਿੱਖਾਂ ਦੇ ਅਪਰਾਧ ਦਾ ਬਦਲਾ ਹਜ਼ਾਰਾਂ ਸਿੱਖਾਂ ਤੋਂ ਨਹੀਂ ਲਿਆ ਜਾ ਸਕਦਾ।

ਭਾਰਤੀ ਜਨਤਾ ਪਾਰਟੀ ਤੇ ਉਸ ਦੀ ਜਨਮਦਾਤੀ ਆਰ ਐਸ ਐਸ ਨੂੰ 1984 ਦੀ ਹਿੰਸਾ ਉਪਯੋਗੀ ਲੱਗਦੀ ਹੈ, ਕਿਉਂਕਿ ਉਹ ਹਿੰਦੂ ਸਮਾਜ ਦੇ ਲੜਾਕੂਪਨ ਨੂੰ ਸੰਗਠਿਤ ਕਰ ਰਹੀ ਹੈ। 1984 ਦੀ ਹਿੰਸਾ ਦਾ ਵਿਰੋਧ ਕਰਨਾ ਤੇ ਕਾਂਗਰਸ ਨੂੰ ਬਦਨਾਮ ਕਰਨਾ ਉਸ ਦੀ ਲੰਬੀ ਰਣਨੀਤੀ ਦਾ ਹਿੱਸਾ ਹੈ ਤਾਂ ਜੋ ਸਿੱਖ ਸਮਾਜ ਨੂੰ ਆਪਣੇ ਨਾਲ ਜੋੜਿਆ ਜਾ ਸਕੇ ਤੇ ਕਾਂਗਰਸ ਨੂੰ ਬਦਨਾਮ ਕਰਕੇ 2002 ਦੀ ਗੁਜਰਾਤ ਹਿੰਸਾ ਦੀ ਬਦਨਾਮੀ ਤੋਂ ਬਚਿਆ ਜਾ ਸਕੇ। ਭਾਜਪਾ ਮੁਸਲਮਾਨਾਂ ਦਾ ਵਿਰੋਧ ਕਰਕੇ ਹਿੰਦੂ ਭਾਈਚਾਰੇ ਨੂੰ ਇਕਮੁੱਠ ਕਰਨਾ ਚਾਹੁੰਦੀ ਹੈ। ਇਸੇ ਕਾਰਨ ਉਹ ਗਾਂਧੀ ਦਾ ਵੀ ਵਿਰੋਧ ਕਰ ਰਹੀ ਹੈ। ਭਾਰਤ ਵਿਚ ਗਾਂਧੀ ਨੇ ਹਿੰਦੂਆਂ ਨੂੰ ਕਿਹਾ ਸੀ ਕਿ ਉਹ ਪਾਕਿਸਤਾਨ ਵਿਚ ਹੋਈ ਹਿੰਦੂ ਵਿਰੋਧੀ ਹਿੰਸਾ ਦਾ ਬਦਲਾ ਇਥੋਂ ਦੇ ਮੁਸਲਮਾਨਾਂ ਤੋਂ ਨਹੀਂ ਲੈ ਸਕਦੇ। ਗਾਂਧੀ ਆਪਣੀ ਹੱਤਿਆ ਤੱਕ ਹਿੰਦੂਆਂ ਨਾਲ ਗੱਲਬਾਤ ਕਰਦੇ ਰਹੇ ਤੇ ਮੁਸਲਮਾਨਾਂ ਨੂੰ ਕਹਿੰਦੇ ਰਹੇ ਕਿ ਉਹ ਹਿੰਦੂ ਦਹਿਸ਼ਤ ਕਾਰਨ ਭਾਰਤ ਛੱਡ ਕੇ ਨਾ ਜਾਣ, ਇਹ ਤਾਂ ਉਨ੍ਹਾਂ ਦਾ ਦੇਸ਼ ਹੈ। ਉਨ੍ਹਾਂ ਨੇ ਸਾਫ਼ ਕਿਹਾ ਸੀ ਕਿ ਅਜ਼ਾਦ ਭਾਰਤ ਵਿਚ ਹਿੰਦੂਆਂ ਦੀ ਸਰਪ੍ਰਸਤੀ ਨਹੀਂ ਚੱਲੇਗੀ ਤੇ ਅਸੀਂ ਆਰ ਐਸ ਐਸ ਨੂੰ ਖਾਰਿਜ ਕਰਦੇ ਹਾਂ। ਗਾਂਧੀ ਦੇਸ਼-ਵੰਡ ਦੇ ਹੱਕ ਵਿਚ ਨਹੀਂ ਸਨ। ਉਨ੍ਹਾਂ ਨੇ ਇਸ ਸੰਬੰਧ ਵਿਚ ਜਿਨਾਹ ਨੂੰ ਵੀ ਸਮਝਾਇਆ ਸੀ। ਪਰ ਫਿਰਕਾਪ੍ਰਸਤੀ ਕਾਰਨ ਉਹ ਦੇਸ਼ ਵੰਡ ਨਾ ਰੋਕ ਸਕੇ। ਗਾਂਧੀ ਨੇ ਕਿਹਾ ਸੀ ਕਿ ਹਿੰਦੋਸਤਾਨ ਵਿਚ ਮੁਸਲਮਾਨਾਂ ਨੂੰ ਪੂਰਨ ਅਜ਼ਾਦੀ ਮਿਲਣੀ ਚਾਹੀਦੀ ਹੈ ਤੇ ਪਾਕਿਸਤਾਨ ਵਿਚ ਹਿੰਦੂਆਂ ਤੇ ਗ਼ੈਰ ਮੁਸਲਮਾਨਾਂ ਨੂੰ ਵੀ। ਗਾਂਧੀ ਦੀ ਹਿੰਦੂਆਂ ਨਾਲ ਗੱਲਬਾਤ ਕਰਨ ਦੀ ਸਮਰੱਥਾ ਤੇ ਪ੍ਰਭਾਵਸ਼ਾਲੀ ਤਰਕ ਕਾਰਨ ਏਨਾ ਵੱਡਾ ਖਤਰਾ ਹੋ ਗਿਆ ਕਿ ਫਿਰਕੂਆਂ ਲਈ ਗਾਂਧੀ ਨੂੰ ਮਾਰਨਾ ਜ਼ਰੂਰੀ ਹੋ ਗਿਆ। ਗਾਂਧੀ ਦੀ ਮੌਤ ਤੋਂ ਬਾਅਦ ਹਿੰਦੂਆਂ ਨਾਲ ਸੰਵਾਦ ਜਾਰੀ ਰੱਖਣ ਵਾਲਾ ਕੋਈ ਨਹੀਂ ਸੀ।

ਹੁਣ ਹਿੰਦੂ ਰਾਸ਼ਟਰਵਾਦ ਕਾਰਨ ਭਾਰਤ ਵਿਚ ਅਜਿਹਾ ਵਾਤਾਵਰਨ ਬਣ ਗਿਆ ਹੈ ਕਿ ਸਾਰੇ ਲੋਕ ਡਰੇ ਹੋਏ ਮਹਿਸੂਸ ਕਰਦੇ ਹਨ। ਇਸੇ ਕਾਰਨ ਲੋਕ ਆਪਣੇ ਆਪ ਨੂੰ ਰਾਸ਼ਟਰਵਾਦੀ ਸਾਬਤ ਕਰਨ ਵਿਚ ਰੁਝੇ ਹੋਏ ਹਨ। ਮੈਂ ਸਮਝਦਾ ਹਾਂ ਕਿ ਜੇਕਰ ਅਸੀਂ ਇਨ੍ਹਾਂ ਦੀ ਪਰਿਭਾਸ਼ਾ ਅਨੁਸਾਰ ਆਪਣੇ ਆਪ ਨੂੰ ਰਾਸ਼ਟਰਵਾਦੀ ਸਾਬਤ ਕਰਨ ਵਿਚ ਰੁਝ ਗਏ ਤਾਂ ਇਨ੍ਹਾਂ ਦੀ ਤਾਕਤ ਵਧੇਗੀ। ਤੁਸੀਂ ਕਦੇ ਵੀ ਰਾਸ਼ਟਰਵਾਦ ਦੇ ਬੁਲਾਰੇ ਨਹੀਂ ਮੰਨੇ ਜਾਵੋਗੇ। ਰਾਸ਼ਟਰਵਾਦ ਦੇ ਬੁਲਾਰੇ ਇਹੀ ਰਹਿਣਗੇ, ਇਹੀ ਉਸ ਦੇ ਪ੍ਰਤੀਨਿਧ ਰਹਿਣਗੇ। ਇਨ੍ਹਾਂ ਲਈ ਕਿਸੇ ਨੂੰ ਰਾਸ਼ਟਰ ਧ੍ਰੋਹੀ ਸਾਬਤ ਕਰਨਾ ਬਹੁਤ ਸੌਖਾ ਹੈ। ਇਨ੍ਹਾਂ ਦੇ ਪ੍ਰਤੀਕ ਚਿੰਨ੍ਹ ਸੰਕੇਤ ਸਾਰੇ ਅਜਿਹੇ ਹਨ, ਜਿਸ ਨੂੰ ਤੁਸੀਂ ਹਿੰਦੂ ਧਰਮ ਨਾਲ ਜੋੜ ਕੇ ਦੇਖ ਸਕਦੇ ਹੋ। ਇਨ੍ਹਾਂ ਵਲੋਂ ਜਵਾਹਰ ਲਾਲ ਨਹਿਰੂ ਨੂੰ ਦੋਸ਼ੀ ਠਹਿਰਾਇਆ ਜਾ ਰਿਹਾ ਹੈ ਕਿ ਨਹਿਰੂ ਅੱਧਾ ਈਸਾਈ ਤੇ ਅੱਧਾ ਮੁਸਲਮਾਨ ਸੀ। ਇਨ੍ਹਾਂ ਵਲੋਂ ਨਫ਼ਰਤ ਦਾ ਵਾਤਾਵਰਨ ਜਾਰੀ ਹੈ। ਤੁਹਾਡੇ ਲਈ ਇਸ ਚੀਜ਼ ਨੂੰ ਸਮਝਣਾ ਅਤਿ ਜ਼ਰੂਰੀ ਹੈ ਕਿ ਇਨ੍ਹਾਂ ਦੇ ਨਿਸ਼ਾਨੇ 'ਤੇ ਹੁਣ ਸਭ ਤੋਂ ਜ਼ਿਆਦਾ ਰਾਹੁਲ ਗਾਂਧੀ ਹੈ। ਰਾਹੁਲ ਗਾਂਧੀ ਸੋਨੀਆ ਦਾ ਬੇਟਾ ਹੈ ਤੇ ਨਹਿਰੂ ਪਰਿਵਾਰ ਨਾਲ ਜੁੜਿਆ ਹੋਇਆ ਹੈ। ਇਹ ਇਨ੍ਹਾਂ ਦੀ ਪੁਰਾਣੀ ਘਿਰਣਾ ਹੈ। ਇਸ ਨੂੰ ਇਟਲੀ ਨਾਲ ਜੋੜ ਕੇ ਹੋਰ ਤਾਜ਼ਾ ਕੀਤਾ ਜਾ ਰਿਹਾ ਹੈ।

ਮੋਦੀ ਸਰਕਾਰ ਸਰਕਾਰ ਤੇ ਯੋਗੀ ਸਰਕਾਰ ਦੇ ਰਾਜ ਵਿਚ ਘੱਟ ਗਿਣਤੀਆਂ 'ਤੇ ਕੁਝ ਜ਼ਿਆਦਾ ਹੀ ਜ਼ੁਲਮ ਵਧ ਚੁੱਕਾ ਹੈ। ਗਊ ਰੱਖਿਆ ਦੇ ਨਾਮ 'ਤੇ ਭਗਵੇਂ ਗੁੰਡੇ ਖੁੱਲ੍ਹੇਆਮ ਸੜਕਾਂ 'ਤੇ ਗੁੰਡਾਗਰਦੀ ਕਰਦੇ ਹੋਏ ਦਿਖਾਈ ਦੇ ਰਹੇ ਹਨ। ਇਹ ਵਿਸ਼ਾ ਦੇਸ਼ ਦੇ ਲਈ ਬਹੁਤ ਹੀ ਚਿੰਤਾ ਦਾ ਵਿਸ਼ਾ ਬਣ ਚੁੱਕਾ ਹੈ, ਕਿਉਂਕਿ ਅਜਿਹਾ ਹੀ ਚਲਦਾ ਰਿਹਾ ਤਾਂ ਹੁਣ ਉਹ ਦਿਨ ਦੂਰ ਨਹੀਂ, ਜਦ ਸਾਡੇ ਦੇਸ਼ ਵਿਚ ਵੀ ਉਨ੍ਹਾਂ ਦੇਸ਼ਾਂ ਵਰਗੇ ਹਾਲਾਤ ਪੈਦਾ ਹੋ ਜਾਣਗੇ, ਜੋ ਧਰਮ ਦੇ ਨਾਮ 'ਤੇ ਭੜਕਾਉਣ 'ਤੇ ਦੂਸਰੇ ਦੇਸ਼ਾਂ ਵਿਚ ਹੋਇਆ ਕਰਦੇ ਸਨ। ਯੋਗੀ ਸਰਕਾਰ ਨੇ ਜਾਣ ਬੁੱਝ ਕੇ ਅਜਿਹੀਆਂ ਫਾਸ਼ੀਵਾਦੀ ਤਾਕਤਾਂ ਨੂੰ ਉਤਸ਼ਾਹਿਤ ਕੀਤਾ ਹੈ ਜੋ ਮੁਸਲਮਾਨਾਂ, ਦਲਿਤਾਂ ਤੇ ਪਸ਼ੂ ਵਪਾਰੀਆਂ ਨੂੰ ਕੁੱਟਮਾਰ ਰਹੇ ਹਨ ਤੇ ਲੁੱਟ ਰਹੇ ਹਨ। ਇਹ ਸਭ ਕੁਝ ਸੱਤਾ ਦੀ ਮਰਜ਼ੀ ਤੋਂ ਬਿਨਾਂ ਨਹੀਂ ਹੋ ਰਿਹਾ। ਇੰਝ ਜਾਪ ਰਿਹਾ ਹੈ ਕਿ ਦੇਸ਼ ਗੁੰਡਿਆਂ ਦੇ ਹੱਥ ਚਲਾ ਗਿਆ ਹੈ। ਦੇਸ਼ ਵਿਚ ਮੁਸਲਮਾਨਾਂ ਦੀਆਂ ਔਰਤਾਂ ਦੀ ਸੁਰੱਖਿਆ ਨੂੰ ਲੈ ਕੇ ਮਾਮਲੇ ਉਠ ਰਹੇ ਹਨ। ਮੁਸਲਮਾਨ ਔਰਤਾਂ ਨਾਲ ਬਲਾਤਕਾਰ ਉਨ੍ਹਾਂ ਨੂੰ ਉਜਾੜਨ ਦੀ ਇੱਛਾ ਕਾਰਨ ਵਾਪਰ ਰਹੇ ਹਨ। ਇਨ੍ਹਾਂ ਤੋਂ ਵੱਖਰੀ ਰਾਇ ਰੱਖਣ ਵਾਲੇ ਬੁੱਧੀਜੀਵੀਆਂ 'ਤੇ ਹਮਲੇ ਹੋ ਰਹੇ ਹਨ। ਜਿਹੋ ਜਿਹਾ ਮਾਹੌਲ ਹੈ ਤੁਸੀਂ ਤਰਕ ਨਹੀਂ ਕਰ ਸਕਦੇ। ਤੁਸੀਂ ਬਾਬਾ ਰਾਮਦੇਵ, ਸ੍ਰੀ ਸ੍ਰੀ ਰਵਿਸ਼ੰਕਰ 'ਤੇ ਟਿੱਪਣੀ ਨਹੀਂ ਕਰ ਸਕਦੇ। ਜੇ ਕਰੋਗੇ ਤਾਂ ਤੁਹਾਡੇ 'ਤੇ ਕੇਸ ਵੀ ਪੈ ਸਕਦੇ ਹਨ ਤੇ ਤੁਹਾਡੇ ਵਿਰੁੱਧ ਹਿੰਸਾ ਵੀ ਹੋ ਸਕਦੀ ਹੈ। ਸ਼ੋਸ਼ਲ ਮੀਡੀਆ ਵਿਚ ਤੁਸੀਂ ਆਪਣੇ ਇਨ੍ਹਾਂ ਵਿਰੁੱਧ ਆਪਣੇ ਨਿਰਪੱਖ ਵਿਚਾਰ ਨਹੀਂ ਪੇਸ਼ ਸਕਦੇ। ਜੇਕਰ ਤੁਸੀਂ ਇਕ ਵੀ ਸ਼ਬਦ ਕਿਹਾ ਤਾਂ ਤੁਹਾਡੇ 'ਤੇ ਨਕਲੀ ਆਈਡੀਆ ਰਾਹੀਂ ਅਸ਼ਲੀਲ ਹਮਲੇ ਕਰ ਦਿੱਤੇ ਜਾਣਗੇ ਤੇ ਸ਼ੋਸ਼ਲ ਮੀਡੀਆ ਵਿਚ ਤੁਹਾਡੀਆਂ ਇਤਰਾਜ਼ਯੋਗ ਤਸਵੀਰਾਂ ਬਣਾ ਕੇ ਪੇਸ਼ ਕਰ ਦਿੱਤੀਆਂ ਜਾਣਗੀਆਂ। ਸਾਡੇ ਦੇਸ਼ ਦੇ ਲੋਕਾਂ ਨੂੰ ਇਹ ਸਮਝਣਾ ਹੋਵੇਗਾ ਕਿ ਜੇਕਰ ਦੇਸ਼ ਅਜਿਹੇ ਲੋਕਾਂ ਦੇ ਹੱਥ ਵਿਚ ਚਲਾ ਗਿਆ ਜੋ ਦੇਸ਼ ਨੂੰ ਆਪਣੀ ਸ਼ਕਲ ਦਾ ਹਿੰਦੂ ਰਾਸ਼ਟਰ ਬਨਾਉਣ ਦੀ ਸੋਚ ਰਹੇ ਹਨ। ਭਾਰਤ ਦੀ ਜਮਹੂਰੀਅਤ ਲਈ ਬਹੁਤ ਖਤਰਨਾਕ ਹੋਵੇਗਾ। ਆਰ ਐਸ ਐਸ ਵਲੋਂ ਬਾਬਾ ਸਾਹਿਬ ਅੰਬੇਡਕਰ ਦਾ ਵੀ ਭਗਵਾਂਕਰਨ ਕੀਤਾ ਜਾ ਰਿਹਾ ਹੈ। ਬਾਬਾ ਸਾਹਿਬ ਅੰਬੇਡਕਰ ਲੋਕ ਨਾਇਕ ਵਜੋਂ 25 ਸਾਲਾਂ ਤੋਂ ਸਥਾਪਤ ਹੋ ਚੁੱਕੇ ਹਨ। ਬਹੁਜਨ ਸਮਾਜ ਦੇ ਲਈ ਉਹ ਰੱਬ ਵਜੋਂ ਪ੍ਰਵਾਨ ਹੋ ਚੁੱਕੇ ਹਨ, ਕਿਉਂਕਿ ਬਾਬਾ ਸਾਹਿਬ ਅੰਬੇਡਕਰ ਕਾਰਨ ਹੀ ਬਹੁਜਨ ਸਮਾਜ ਦੀ ਹਾਲਤ ਸੁਧਰੀ ਹੈ। ਬਾਬਾ ਸਾਹਿਬ ਅੰਬੇਡਕਰ ਨੇ ਕਿਹਾ ਸੀ ਕਿ ਅਸੀਂ ਬੰਜਰ ਜ਼ਮੀਨ 'ਤੇ ਫੁੱਲ ਉਗਾਉਣ ਦੀ ਕੋਸ਼ਿਸ਼ ਕਰ ਰਹੇ ਹਾਂ। ਇਹ ਬੰਜਰ ਜ਼ਮੀਨ ਹੁਣ ਜਾ ਕੇ ਟੁੱਟੀ ਹੈ ਤੇ ਬਾਬਾ ਸਾਹਿਬ ਅੰਬੇਡਕਰ ਦੀ ਮਹਾਨਤਾ ਹੋਰ ਵਧੀ ਹੈ। ਬਹੁਜਨ ਸਮਾਜ ਦੀ ਇਕਮੁੱਠਤਾ ਕਾਰਨ ਤੇ ਬਾਬਾ ਸਾਹਿਬ ਅੰਬੇਡਕਰ ਦੀ ਮਹਾਨਤਾ ਵਧਣ ਕਾਰਨ ਆਰ ਐਸ ਐਸ ਨੇ ਆਪਣੀ ਰਣਨੀਤੀ ਵੀ ਬਦਲ ਲਈ ਹੈ। ਆਰ ਐਸ ਐਸ ਰਾਸ਼ਟਰੀ ਬਹਿਸ ਵਿਚ ਗਾਂਧੀ ਤੇ ਨਹਿਰੂ ਨੂੰ ਹਟਾਉਣਾ ਚਾਹੁੰਦੀ ਹੈ। ਜੇਕਰ ਦੋਨੋਂ ਹਟ ਜਾਣਗੇ ਤਾਂ ਲੋਕਤੰਤਰ ਤੇ ਜਮਹੂਰੀਅਤ ਬਾਰੇ ਬਹਿਸ ਖਤਮ ਹੋ ਜਾਵੇਗੀ। ਇਹ ਲੋਕ ਗਾਂਧੀ ਨਹਿਰੂ ਨੂੰ ਬਾਬਾ ਸਾਹਿਬ ਅੰਬੇਡਕਰ ਦਾ ਦੁਸ਼ਮਣ ਬਨਾਉਣ ਦੀ ਚਾਲ ਇਸੇ ਲਈ ਚਲ ਰਹੇ ਹਨ।

ਹਾਲਾਂਕਿ ਆਰ ਐਸ ਐਸ ਬਾਬਾ ਸਾਹਿਬ ਅੰਬੇਡਕਰ ਨੂੰ ਉਸ ਰੂਪ ਵਿਚ ਅਪਨਾਉਣ ਨੂੰ ਰਾਜ਼ੀ ਨਹੀਂ, ਜਿਸ ਰੂਪ ਵਿਚ ਬਾਬਾ ਸਾਹਿਬ ਅੰਬੇਡਕਰ ਸੰਘਰਸ਼ਸ਼ੀਲ ਰਹੇ ਹਨ। ਆਰ ਐਸ ਐਸ ਦਲਿਤਾਂ ਨੂੰ ਬਾਬਾ ਸਾਹਿਬ ਅੰਬੇਡਕਰ ਦੇ ਫਲਸਫੇ ਤੋਂ ਕਟ ਕੇ ਗੋਏਬਲੀ (ਗੋਇਬਲ ਹਿਟਲਰ ਦਾ ਪ੍ਰਚਾਰ ਮੰਤਰੀ ਸੀ) ਪ੍ਰਚਾਰ ਤੰਤਰ ਵਿਚ ਲਪੇਟ ਕੇ ਪੇਸ਼ ਕਰ ਰਿਹਾ ਹੈ, ਉਸ ਨੇ ਅੰਬੇਡਕਰ ਦੇ ਭਗਵਾਂਕਰਨ ਦਾ ਕੰਮ ਕਰਨਾ ਸ਼ੁਰੂ ਕਰ ਦਿੱਤਾ ਹੈ। ਹੇਡਗੇਵਾਰ ਦੀ ਬਾਬਾ ਸਾਹਿਬ ਅੰਬੇਡਕਰ ਨਾਲ ਤੁਲਨਾ, ਉਨ੍ਹਾਂ ਨੂੰ ਮੁਸਲਮਾਨ ਵਿਰੋਧੀ ਤੇ ਘਰ ਵਾਪਸੀ ਦਾ ਸਮਰਥਕ ਦੱਸਣਾ ਜਾਂ ਰਾਸ਼ਟਰਵਾਦੀ ਹਿੰਦੂ ਦੱਸਣਾ, ਇਸੇ ਝੂਠੇ ਪ੍ਰਚਾਰ ਤੰਤਰ ਦਾ ਹਿੱਸਾ ਹੈ। ਸੰਘ ਪਰਿਵਾਰ ਦੀ ਦੇਸ਼ ਤੇ ਸਮਾਜ ਦੀ ਜੋ ਕਲਪਨਾ ਹੈ, ਬਾਬਾ ਸਾਹਿਬ ਅੰਬੇਡਕਰ ਉਸ 'ਤੇ ਉਲਟ ਖਲੌਤੇ ਸਨ। ਸਾਮਾਜਿਕ ਨਿਆਂ ਲਈ ਸੰਘਰਸ਼ਸ਼ੀਲ ਤੇ ਜਾਤੀਵਾਦ ਤੋਂ ਮੁਕਤ ਸਮਾਜ ਦੀ ਇੱਛਾ ਰੱਖਣ ਵਾਲੇ ਬਾਬਾ ਸਾਹਿਬ ਅੰਬੇਡਕਰ ਨੂੰ ਸੰਘ ਪਰਿਵਾਰ ਭਗਵੇਂਵਾਦੀ ਰਾਸ਼ਟਰਵਾਦੀ ਬਣਾ ਕੇ ਪੇਸ਼ ਕਰਦਾ ਹੈ। ਯਾਦ ਰੱਖਣ ਵਾਲੀ ਗੱਲ ਇਹ ਹੈ ਕਿ ਬਾਬਾ ਸਾਹਿਬ ਅੰਬੇਡਕਰ ਨੇ ਭਾਰਤ ਦੇ ਲੋਕਾਂ ਨੂੰ ਸੁਚੇਤ ਕੀਤਾ ਸੀ ਕਿ ਹਿੰਦੂ ਰਾਸ਼ਟਰ ਤਬਾਹੀ ਲਿਆਉਣ ਵਾਲਾ ਹੋਵੇਗਾ। ਬਾਬਾ ਸਾਹਿਬ ਅੰਬੇਡਕਰ ਨੇ ਸਹੁੰ ਲਈ ਸੀ ਕਿ ਉਹ ਇਕ ਹਿੰਦੂ ਦੇ ਰੂਪ ਵਿਚ ਨਹੀਂ ਮਰਨਗੇ। ਇਸ ਦੇ ਬਾਵਜੂਦ ਬਾਬਾ ਸਾਹਿਬ ਅੰਬੇਡਕਰ ਨੂੰ ਸੰਘ ਪਰਿਵਾਰ ਵਲੋਂ ਇਕ ਮਹਾਨ ਹਿੰਦੂ ਦੇ ਰੂਪ ਵਿਚ ਪੇਸ਼ ਕਰਨਾ ਸਰਾਸਰ ਜ਼ਿਆਦਤੀ ਹੈ। ਜਦ ਕਿ ਉਨ੍ਹਾਂ ਨੇ ਹਿੰਦੂ ਧਰਮ ਨਾਲੋਂ ਨਾਤਾ ਤੋੜ ਕੇ ਬੁੱਧ ਧਰਮ ਅਪਨਾ ਲਿਆ ਸੀ। ਸੰਘ ਪਰਿਵਾਰ ਬੁੱਧ ਧਰਮ ਨੂੰ ਹਿੰਦੂ ਧਰਮ ਦੀ ਸੰਪਰਦਾ ਦੱਸਦਾ ਹੈ।

ਆਰ ਐਸ ਐਸ ਦਾ ਸੁਪਨਾ ਮੁਸਲਮਾਨ ਮੁਕਤ ਭਾਰਤ ਸਿਰਜਣਾ ਹੈ। ਭਾਜਪਾ ਦੀ ਹੀ ਸਰਕਾਰ ਨੇ ਰਾਜਸਥਾਨ ਵਿਚ ਹਾਈਕੋਰਟ ਦੇ ਸਾਹਮਣੇ ਹਿੰਦੂਆਂ ਦੇ ਨੀਤੀਘਾੜੇ ਮਨੂੰ ਦਾ ਬੁੱਤ ਲਗਵਾ ਦਿੱਤਾ ਸੀ। ਇਕ ਹੈ ਵਰਤਮਾਨ ਦੀ ਮਜ਼ਬੂਰੀ ਅਰਥਾਤ ਸੰਵਿਧਾਨ ਦੀ ਰੱਖਿਆ ਦੇ ਲਈ ਅਦਾਲਤ ਤੇ ਦੂਸਰਾ ਹੈ ਭਵਿੱਖ ਦਾ ਨਿਸ਼ਾਨਾ ਮਨੂੰਸਿਮਰਤੀ ਦਾ ਭਾਰਤ। ਇਤਿਹਾਸ ਗਵਾਹ ਹੈ ਕਿ ਜਿਸ ਛੂਆਛਾਤ ਦੇ ਲਈ ਅੰਬੇਡਕਰ ਜੀਵਨ ਭਰ ਸੰਘਰਸ਼ ਕਰਦੇ ਰਹੇ, ਉਹ ਵਿਵਸਥਾ ਅਜੇ ਤੱਕ ਜਿਉਂਦੀ ਹੈ। ਦਲਿਤਾਂ ਨਾਲ ਵਿਤਕਰਾ, ਛੂਆਛਾਤ ਤੇ ਮੰਦਰਾਂ ਵਿਚ ਜਾਣ ਤੋਂ ਪਾਬੰਦੀ ਵਰਗੀ ਵਿਵਸਥਾ ਹੁਣ ਤੱਕ ਜਿਉਂਦੀ ਹੈ। ਜੇ ਦਲਿਤਾ ਮੰਦਰਾਂ ਵਿਚ ਜਾਂਦੇ ਹਨ ਤਾਂ ਉਨ੍ਹਾਂ ਨੂੰ ਅਹਿਸਾਸ ਕਰਵਾਇਆ ਜਾਂਦਾ ਹੈ ਕਿ ਤੂੰ ਹਿੰਦੂ ਨਹੀਂ, ਤੂੰ ਮੰਦਰ ਵਿਚ ਨਹੀਂ ਜਾ ਸਕਦਾ। ਜੇਕਰ ਦਲਿਤ ਮੰਦਰ ਜਾਂਦਾ ਹੈ ਤਾਂ ਉਸ ਦੀ ਕੁੱਟਮਾਰ ਕੀਤੀ ਜਾਂਦੀ ਹੈ। ਪਰ ਜੋ ਦਲਿਤ ਧਰਮ ਬਦਲੀ ਕਰਕੇ ਇਸਾਈ ਅਤੇ ਬੁੱਧ ਧਰਮ ਵਿਚ ਚਲੇ ਗਏ ਹਨ, ਉਨ੍ਹਾਂ ਬਾਰੇ ਹਿੰਦੂ ਰਾਸ਼ਟਰਵਾਦੀਆਂ ਨੇ 'ਘਰ ਵਾਪਸੀ' ਦੇ ਨਾਮ 'ਤੇ ਮੁਹਿੰਮ ਛੇੜ ਰੱਖੀ ਹੈ। ਕੀ ਇਹ ਪਾਖੰਡ ਨਹੀਂ ? ਜੇਕਰ ਤੁਸੀਂ ਉਸ ਨੂੰ ਹਿੰਦੂ ਨਹੀਂ ਮੰਨਦੇ ਤਾਂ ਇਹ 'ਘਰ ਵਾਪਸੀ' ਕਾਹਦੇ ਲਈ ? ਤੁਹਾਡੇ 'ਤੇ ਦਲਿਤ ਕਿਵੇਂ ਵਿਸ਼ਵਾਸ ਕਰਨ ? ਪ੍ਰਧਾਨ ਮੰਤਰੀ ਮੋਦੀ ਸਮੇਤ ਸੰਘ-ਭਾਜਪਾ ਤੇ ਕਾਂਗਰਸ ਦੇ ਅੰਬੇਡਕਰ ਪ੍ਰੇਮ ਵਿਚ ਇਸ ਬੇਇਨਸਾਫ਼ੀ ਨੂੰ ਖਤਮ ਕਰਨ ਦਾ ਕੋਈ ਜ਼ਿਕਰ ਹੁਣ ਤੱਕ ਨਹੀਂ ਸੁਣਨ ਨੂੰ ਮਿਲਿਆ ਹੈ।


Sir Speedy Tustin
Printers to the Community
SUBWAY eat fresh.
OPEN 24 HOURS
7 ELEVEN
DRY CLEANER
LIQUOR
PIZZA
Outdoor 3'x11' Promo Flag
Only $29/-
Pole & Spike $55/-
GURU NANAK SIKH TEMPLE
FAIRFIELD
Visit Our Website:
www.FairfieldGurudwara.com
Outdoor 3'x6' Durable Banner
All weather, durable to sunlight, rain and wear & tear. Text only.
Only $69/-
Baltimore Sikh Society Inc.
Receipt Books
Customized with your information and design. 2 part carbonless with numbering and perforation.
Call for Price
Love
Cartier
Retractable 33"x 80" Banner
Includes stand and carry bag. Hi-res imaging, durable and Brilliant colors!
Only $225/-
ELEVEN
OPEN 24 HOURS
OPEN HOUSE!
Welcome
Century 21
Call Toll Free: 855 360-HOME
All Weather 18"x24" Yard Signs
Includes H-stakes. Single sided, durable to sunlight and rain. Reusable!
$49/- for 4
ਲੱਖ ਲੱਖ ਵਧਾਈ
11" Printed Balloons
Printed with your logo and info. One color, one location. Min. qty 1000
19¢ each
YOUR LOGO OR MESSAGE PRINTED HERE
White T-Shirts, 1 color screen printing in 1 position. Min Qty. 100
Your Printed T-Shirts
Only $4.99
YOUR LOGO HERE
1 color in 1 position. Min Qty. 100
Your Printed Caps
Only $4.99
DAILY TRIP ENVELOPE
Trip Envelopes Qty 1000
Only $199/-
What we can do for you today?
• Printing & Copying
• Creative Services
• Mailing Services
• Mailing List Aquisition
• Signs Posters & Banners
• Promotional Product
• Website design and development
1045 East Main Street, Tustin, CA 92780
Call 562-881-7430
Fax: 714-731-8931
E-mail: sirspeedy_tustin@yahoo.com
www.sirspeedy.com/tustin
Jagjit Singh Bains
CUSTOMIZED SWEET BOXES
Thank You
South Asian Wedding Cards
CALL NOW

## ਪੰਥਕ ਧਿਰਾਂ ਦੇ ਭਾਰੀ ਦਬਾਅ ਕਾਰਨ ਵਿਵਾਦਤ ਕਿਤਾਬ ’ਤੇ ਰੋਕ ਲੱਗੀ

ਮੁੱਖ ਮੰਤਰੀ ਨੇ ਇਹ ਵੀ ਕਿਹਾ ਕਿ ਹੁਣ ਜੋ ਵਿਵਾਦ ਛਿੜਿਆ ਹੋਇਆ ਹੈ ਉਹ ਸਿਆਸੀ ਤੌਰ ‘ਤੇ ਪ੍ਰੇਰਿਤ ਹੈ ਜਦਕਿ ਹਕੀਕਤ ਇਹ ਹੈ ਕਿ ਸਾਲ 2014 ਵਿੱਚ ਅਕਾਲੀ ਭਾਜਪਾ ਸਰਕਾਰ ਦੌਰਾਨ ਐਨ ਸੀ ਆਈ ਆਰ ਟੀ ਦੇ ਸਿਲੇਬਸ ਤੇ ਕਿਤਾਬਾਂ ਪ੍ਰਕਾਸ਼ਤ ਕਰਨ ਸਬੰਧੀ ਨਜ਼ਰਸਾਨੀ ਕਰਨ ਦੀ ਫੈਸਲਾ ਕੀਤਾ ਗਿਆ ਸੀ। ਅਸਲ ਵਿੱਚ ਇਸ ਤੋਂ ਪਹਿਲਾਂ ਇਤਿਹਾਸ ਦੀ ਕੋਈ ਕਿਤਾਬ ਹੀ ਨਹੀਂ ਸੀ ਜਿਸਦਾ ਜ਼ਿਕਰ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਕੀਤਾ ਜਾ ਰਿਹਾ ਹੈ। ਜਿਸ ਕਿਤਾਬ ਦਾ ਉਹ ਜ਼ਿਕਰ ਕਰਦੇ ਹਨ ਉਹ ਮਹਿਜ਼ ਗਾਈਡ ਹੈ।

ਇਸ ਕਮੇਟੀ ਵਿੱਚ ਉੱਘੇ ਇਤਿਹਾਸਕਾਰ ਡਾ. ਕਿਰਪਾਲ ਸਿੰਘ ਪ੍ਰਧਾਨ ਹੋਣਗੇ ਜਦਕਿ ਉਨਾਂ ਦੋਂ ਇਲਾਵਾ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਾਬਕਾ ਉਪ ਕੁਲਪਤੀ ਅਤੇ ਇਤਿਹਾਸਕਾਰ ਡਾ. ਜੇ.ਐਸ. ਗਰੇਵਾਲ, ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਪ੍ਰਿਥੀਪਾਲ ਸਿੰਘ ਕਪੂਰ ਅਤੇ ਪੰਜਾਬ ਯੂਨੀਵਰਸਿਟੀ ਦੇ ਇਤਿਹਾਸ ਦੇ ਐਮੀਰਾਈਟਸ ਡਾ. ਇੰਦੂ ਬੰਗਾ ਇਸ ਦੇ ਮੈਂਬਰ ਹੋਣਗੇ। ਇਸ ਕਮੇਟੀ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਨਾਮਜ਼ਦ ਕੀਤੇ ਜਾਣ ਵਾਲੇ ਦੋ ਉਘੇ ਇਤਿਹਾਸਕਾਰ ਵੀ ਸ਼ਾਮਿਲ ਹੋਣਗੇ।

ਨਵੀਂ ਕਮੇਟੀ ਸਾਲ 2014 ਵਿੱਚ ਗਠਿਤ ਕੀਤੇ ਮਾਹਰਾਂ ਦੇ ਗਰੁੱਪ ਦੀਆਂ ਸਿਫਾਰਸ਼ਾਂ ‘ਤੇ ਵਿਚਾਰ ਕਰਕੇ ਰਿਪੋਰਟ ਪੇਸ਼ ਕਰੇਗੀ ਅਤੇ ਅਤੇ ਗਰੁੱਪ ਦੀਆਂ ਸਿਫਾਰਸ਼ਾਂ ਤੋਂ ਬਾਅਦ ਗਿਆਰਵੀਂ ਤੇ ਬਾਰਵੀਂ ਜਮਾਤ ਦੇ ਇਤਿਹਾਸ ਦੇ ਨਵੇਂ ਸਿਲੇਬਸ ਵਿੱਚ ਕੀਤੀਆਂ ਤਬਦੀਲੀਆਂ ਵੀ ਘੋਖੇਗੀ ਅਤੇ ਜੇਕਰ ਕੋਈ ਦਰੁਸਤੀ ਕਰਨੀ ਹੋਈ ਤਾਂ ਉਸ ਬਾਰੇ ਆਪਣਾ ਸੁਝਾਅ ਦੇਵੇਗੀ। ਕਮੇਟੀ ਨੂੰ ਗਿਆਰਵੀਂ ਤੇ ਬਾਰਵੀਂ ਜਮਾਤ ਲਈ ਪਾਠ ਪੁਸਤਕਾਂ ਦੇ ਵਿਸ਼ਾ-ਵਸਤੂ ਨੂੰ ਘੋਖਣ ਅਤੇ ਜੇਕਰ ਤੱਥਾਂ ‘ਚ ਹੋਰ ਗਲਤੀਆਂ ਹੋਈਆਂ ਤਾਂ ਉਨਾਂ ਨੂੰ ਸੋਧਣ ਬਾਰੇ ਸੁਝਾਅ ਦੇਣ ਦੇ ਨਾਲ-ਨਾਲ ਐਨ.ਸੀ.ਈ.ਆਰ.ਟੀ. ਵੱਲੋਂ ਨਿਰਧਾਰਤ ਇਤਿਹਾਸ ਦੇ ਸਿਲੇਬਸ ਦੇ ਮੁਤਾਬਕ ਕਰਨ ਲਈ ਆਖਿਆ ਗਿਆ ਹੈ। ਇਨਾਂ ਤੋਂ ਇਲਾਵਾ ਕਮੇਟੀ ਨੇ ਪੰਜਾਬ ਸਕੂਲ ਸਿੱਖਿਆ ਬੋਰਡ ਵਿੱਚ ਸਾਰੀਆਂ ਜਮਾਤਾਂ ਲਈ ਇਤਿਹਾਸ ਦੀਆਂ ਪਾਠ ਪੁਸਤਕਾਂ ਦੇ ਸਿਲੇਬਸ ਤੇ ਵਿਸ਼ਾ-ਵਸਤੂ ਦੀ ਨਜ਼ਰਸਾਨੀ ਕਰਨ ਅਤੇ ਤੱਥਾਂ ‘ਚ ਉਕਾਈ ਨਾ ਰਹਿਣ ਨੂੰ ਯਕੀਨੀ ਬਣਾਉਣ ਦੀ ਨਿਗਰਾਨੀ ਕਰਨ ਦੀ ਹਦਾਇਤ ਕੀਤੀ ਗਈ ਹੈ।

ਜ਼ਿਕਰਯੋਗ ਹੈ ਕਿ ਇਹ ਪਹਿਲੀ ਵਾਰ ਹੈ ਜਦੋਂ ਪੰਜਾਬ ਸਕੂਲ ਸਿੱਖਿਆ ਬੋਰਡ ਨੇ ਗਿਆਰਵੀਂ ਅਤੇ ਬਾਰਵੀਂ ਦੀਆਂ ਇਤਿਹਾਸ ਦੀਆਂ ਕਿਤਾਬਾਂ ਛਾਪੀਆਂ ਹਨ। ਪਹਿਲਾਂ ਪ੍ਰਾਈਵੇਟ ਪ੍ਰਕਾਸ਼ਕ ਹੀ ਸਕੂਲ ਸਿੱਖਿਆ ਬੋਰਡ ਦੇ ਸਿਲੇਬਸ ਦੇ ਅਧਾਰ ‘ਤੇ ਕਿਤਾਬਾਂ ਛਾਪਿਆ ਕਰਦੇ ਸਨ ਜਿਨਾਂ ਨੂੰ ਆਮ ਕਰਕੇ ਗਾਈਡ ਹੀ ਕਿਹਾ ਜਾਂਦਾ ਹੈ। ਅਮਰਿੰਦਰ ਸਿੰਘ ਨੂੰ ਇਤਰਾਜ਼ ਇਸ ਗੱਲ ਦਾ ਹੈ ਕਿ ਸੁਖਬੀਰ ਸਿੰਘ ਬਾਦਲ ਗਾਈਡਾਂ ਨੂੰ ਇਤਿਹਾਸ ਦੀਆਂ ਕਿਤਾਬਾਂ ਕਹਿ ਰਹੇ ਹਨ। ਸੂਤਰਾਂ ਮੁਤਾਬਕ ਇਸ ਸਮੇਂ ਬਾਰਵੀਂ ਜਮਾਤ ਦੀਆਂ 18 ਤੋਂ 20 ਹਜ਼ਾਰ ਦੇ ਕਰੀਬ ਕਿਤਾਬਾਂ ਬੋਰਡ ਦੇ ਵੱਖ ਵੱਖ ਡਿੱਪੂਆਂ ਵਿੱਚ ਪਈਆਂ ਹਨ ਜਦਕਿ ਗਿਆਰਵੀਂ ਜਮਾਤ ਦੀ ਕਿਤਾਬ ਅਜੇ ਛਪੀ ਹੀ ਨਹੀਂ ਹੈ।

ਮੁੱਖ ਮੰਤਰੀ ਪੰਜਾਬ ਭਾਵੇਂ ਵਾਰ ਵਾਰ ਆਖ ਰਹੇ ਹਨ ਕਿ ਗੁਰੂ ਸਾਹਿਬਾਨ ਨਾਲ ਸਬੰਧਤ ਸਿਲੇਬਸ ਹਟਾਇਆ ਨਹੀਂ ਗਿਆ ਅਤੇ ਸਿੱਖ ਗੁਰੂ ਸਾਹਿਬਾਨ ਅਤੇ ਬਾਬਾ ਬੰਦਾ ਸਿੰਘ ਬਹਾਦਰ ਨਾਲ ਸਬੰਧਤ ਸਿਲੇਬਸ ਨੂੰ ਕ੍ਰਮਵਾਰ ਗਿਆਰਵੀਂ ਅਤੇ ਬਾਰਵੀਂ ਜਮਾਤ ਦੇ ਸਿਲੇਬਸ ਵਿੱਚ ਸ਼ਾਮਿਲ ਕੀਤਾ ਗਿਆ ਹੈ ਪਰ ਇਹ ਬਿਆਨ ਹਕੀਕਤ ਨਾਲ ਮੇਲ ਨਹੀਂ ਖਾ ਰਹੇ। ਸਿੱਖ ਵਿਦਵਾਨ ਵੀ ਸਰਕਾਰ ਦੀ ਇਸ ਗੱਲ ਨੂੰ ਸਵੀਕਾਰ ਕਰਨ ਲਈ ਤਿਆਰ ਨਹੀਂ ਹਨ। ਸਿਲੇਬਸ ਵਿੱਚ ਵੱਡੀਆਂ ਤਬਦੀਲੀਆਂ ਹੀ ਨਹੀਂ ਕੀਤੀਆਂ ਗਈਆਂ ਸਗੋਂ ਸਿਲੇਬਸ ਨੂੰ ਘਟਾ ਵੀ ਦਿੱਤਾ ਗਿਆ ਹੈ। ਸਿੱਖ ਇਤਿਹਾਸਕਾਰ ਡਾ ਗੁਰਦਰਸ਼ਨ ਸਿੰਘ ਢਿੱਲੋਂ, ਸਿੱਖ ਵਿਦਵਾਨ ਸਾਬਕਾ ਆਈਏਐਸ ਗੁਰਤੇਜ ਸਿੰਘ ਅਤੇ ਸ੍ਰੀ ਗੁਰੂ ਕੇਂਦਰੀ ਸਿੰਘ ਸਭਾ ਦੇ ਸਕੱਤਰ ਜਨਰਲ ਗੁਰਦੀਪ ਸਿੰਘ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ‘ਤੇ ਦੋਸ਼ ਲਗਾਏ ਹਨ ਕਿ ਬਾਰ੍ਹਵੀਂ ਅਤੇ ਗਿਆਰਵੀਂ ਕਲਾਸ ਦੇ ਇਤਿਹਾਸ ਦੀਆਂ ਕਿਤਾਬਾਂ ਦੇ ਮਾਮਲੇ ਵਿੱਚ ਉਹ ਆਰਐਸਐਸ ਦਾ ਏਜੰਡਾ ਲਾਗੂ ਕਰ ਰਹੇ ਹਨ ।

ਇਨ੍ਹਾਂ ਵਿਦਵਾਨਾਂ ਨੇ ਕਿਹਾ ਕਿ ਵਿਵਾਦਿਤ ਕਿਤਾਬਾਂ 20 14 ਵਿੱਚ ਤਿਆਰ ਕਰਨੀਆਂ ਸ਼ੁਰੂ ਕੀਤੀਆਂ ਸਨ ਜਿਨ੍ਹਾਂ ਵਿੱਚ ਭਗਵੇਂਕਰਨ ਨੂੰ ਵਧੇਰੇ ਤਵੱਜੋਂ ਦਿੱਤੀ ਗਈ ਹੈ । ਪੰਜਾਬ ਦੀ ਸਰਕਾਰ ਬਦਲਣ ਤੋਂ ਬਾਅਦ ਚਾਹੀਦਾ ਤਾਂ ਇਹ ਸੀ ਕਿ ਸਿੱਖ ਇਤਿਹਾਸ ਨੂੰ ਸਹੀ ਤਰ੍ਹਾਂ ਇਨ੍ਹਾਂ ਕਿਤਾਬਾਂ ਵਿੱਚ ਰੱਖਿਆ ਜਾਂਦਾ ਪਰ ਸਿੱਖਿਆ ਵਿਭਾਗ ਦੇ ਅਧਿਕਾਰੀਆਂ ਨੇ ਇਨ੍ਹਾਂ ਕਿਤਾਬਾਂ ਨੂੰ ਹੂ ਬ ਹੂ ਛਾਪ ਤਿਆਰ ਕਰਕੇ ਪ੍ਰਕਾਸ਼ਿਤ ਕਰਨਾ ਸ਼ੁਰੂ ਕਰ ਦਿੱਤਾ। ਬਾਰ੍ਹਵੀਂ ਦੀ ਕਿਤਾਬ ਜੋ ਛਪ ਕੇ ਤਿਆਰ ਹੋ ਗਈ, ਵਿੱਚ ਢੇਰ ਸਾਰੀਆਂ ਗ਼ਲਤੀਆਂ ਹਨ ਪਰ ਗਿਆਰ੍ਹਵੀਂ ਦੀ ਕਿਤਾਬ ਅਜੇ ਛਪਣ ਲਈ ਦਿੱਤੀ ਹੋਈ ਹੈ ।ਇਨ੍ਹਾਂ ਵਿਦਵਾਨਾਂ ਨੇ ਦੱਸਿਆ ਕਿ ਬਾਰ੍ਹਵੀਂ ਦੀ ਕਲਾਸ ਵਿੱਚ ਵਧੇਰੇ ਤਵੱਜੋ ਰਾਸ਼ਟਰਵਾਦ ਨੂੰ ਦਿੱਤੀ ਗਈ ਹੈ ਅਤੇ ਜੋ ਇਤਿਹਾਸ ਅਤੇ ਕੌਮ ਦੇ ਹੀਰੋ ਨਹੀਂ ਉਨ੍ਹਾਂ ਨੂੰ ਵਾਧੂ ਦਾ ਹੀਰੋ ਬਣਾ ਕੇ ਪੇਸ਼ ਕੀਤਾ ਗਿਆ ਹੈ । ਇਨ੍ਹਾਂ ਵਿਦਵਾਨਾਂ ਨੇ ਕਿਹਾ ਕਿ ਇਤਿਹਾਸ ਦੀਆਂ ਕਿਤਾਬਾਂ ਨੂੰ ਤਿਆਰ ਕਰਨ ਵਾਲੇ ਪੰਜਾਬ ਤੋਂ ਬਾਹਰ ਦੇ ਵਿਦਵਾਨ ਸਨ ਅਤੇ ਬਹੁਤੇ ਆਰਐਸਐਸ ਦੇ ਨਾਲ ਕੰਮ ਕਰਦੇ ਹਨ । ਕਿਤਾਬਾਂ ਤਿਆਰ ਕਰਨ ਵਾਲੇ ਵਿਦਵਾਨ ਇਤਿਹਾਸ ਵਿਸ਼ੇ ਨਾਲ ਸਬੰਧਿਤ ਵੀ ਨਹੀਂ। ਉਹ ਹੋਰਨਾਂ ਵਿਸ਼ਿਆਂ ਦੇ ਮਾਹਰ ਹਨ । ਇਨ੍ਹਾਂ ਵਿਦਵਾਨਾਂ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੇ ਆਗੂ ਸੁਖਪਾਲ ਸਿੰਘ ਖਹਿਰਾ ਦਾ ਬਿਆਨ ਸੱਚ ਹੋ ਸਕਦਾ ਹੈ ਕਿ ਕੈਪਟਨ ਅਮਰਿੰਦਰ ਸਿੰਘ ਦਾ ਜਵਾਈ ਅਤੇ ਪੁੱਤਰ ਉਲਝਣ ਵਿੱਚ ਹਨ। ਜਿਨ੍ਹਾਂ ਨੂੰ ਉਲਝਣ ਵਿੱਚੋਂ ਕਢਵਾਉਣ ਲਈ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ, ਭਾਜਪਾ ਦੇ ਹੱਥਾਂ ਵਿਚ ਖੇਡ ਰਹੇ ਹਨ। ਇਨ੍ਹਾਂ ਵਿਦਵਾਨਾਂ ਨੇ ਮੰਗ ਕੀਤੀ ਕਿ ਪਹਿਲਾਂ ਦੀ ਤਰ੍ਹਾਂ ਹੀ ਪੰਜਾਬ ਦਾ ਇਤਿਹਾਸ ਵਿਦਿਆਰਥੀਆਂ ਨੂੰ ਪੜ੍ਹਾਇਆ ਜਾਵੇ। ਨਾ ਕਿ ਆਰਐਸਐਸ ਦਾ ਏਜੰਡਾ ਲਾਗੂ ਕਰਨ ਲਈ ਸਿੱਖ ਇਤਿਹਾਸ ਨਾਲ ਖਿਲਵਾੜ ਕੀਤਾ ਜਾਵੇ। ਚਾਹੀਦਾ ਤਾਂ ਇਹ ਸੀ ਕਿ ਹੋਰਨਾਂ ਰਾਜਾਂ ਵਿੱਚ ਵੀ ਸਿੱਖ ਇਤਿਹਾਸ ਨੂੰ ਪੜ੍ਹਾਇਆ ਜਾਂਦਾ ਪਰ ਸਿੱਖ ਇਤਿਹਾਸ ਨੂੰ ਤਾਂ ਪੰਜਾਬ ਦੇ ਸਿਲੇਬਸ ਵਿੱਚੋਂ ਵੀ ਮਨਫ਼ੀ ਕੀਤਾ ਜਾਣ ਲੱਗਿਆ ਹੈ।

ਪੰਜਾਬ ਸਰਕਾਰ ਦੇ ਗਲ ਦੀ ਫਾਹੀ ਬਣੀ ਬਾਰ੍ਹਵੀਂ ਜਮਾਤ ਦੀ ਵਿਵਾਦਤ ਕਿਤਾਬ ਬਾਰੇ ਇਕ ਸਿੱਖ ਵਿਦਵਾਨ ਡਾ. ਗੁਰਮੀਤ ਸਿੰਘ ਸਿੱਧੂ ਨੇ ਬਹੁਤ ਹੀ ਤੱਥ ਭਰਪੂਰ ਤੇ ਸਨਸਨੀਖੇਜ਼ ਰਿਪੋਰਟ ਪੇਸ਼ ਕੀਤੀ ਹੈ। ਗੁਰਗਿਆਨ ਇੰਸਟੀਚਿਊਟ ਦੇ ਪ੍ਰਧਾਨ ਡਾ. ਗੁਰਮੀਤ ਸਿੰਘ ਸਿੱਧੂ, ਮੁਖੀ ਗੁਰੂ ਗੋਬਿੰਦ ਸਿੰਘ ਧਰਮ ਅਧਿਐਨ ਵਿਭਾਗ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ 12ਵੀਂ ਕਲਾਸ ਦੀ ਇਤਿਹਾਸ ਦੀ ਵਿਵਾਦਿਤ ਪੁਸਤਕ ਬਾਰੇ ਤੱਥ ਖੋਜ ਕਮੇਟੀ ਦਾ ਗਠਨ ਕਰਕੇ ਇੱਕ ਰਿਵਿਊ ਰਿਪੋਰਟ ਤਿਆਰ ਕਰਵਾਈ ਹੈ, ਜਿਸ ਦੀ ਕਾਪੀ ਕੈਪਟਨ ਅਮਰਿੰਦਰ ਸਿੰਘ ਮੁਖ ਮੰਤਰੀ ਪੰਜਾਬ ਨੂੰ ਵੀ ਸੌਂਪੀ ਗਈ ਹੈ।

ਮੀਡੀਆ ਨਾਲ ਗੱਲਬਾਤ ਕਰਦਿਆਂ ਡਾ ਗੁਰਮੀਤ ਸਿੰਘ ਸਿੱਧੂ ਨੇ ਕਿਹਾ ਕਿ ਜੋ ਬਾਰ੍ਹਵੀਂ ਜਮਾਤ ਵਾਸਤੇ ਇਤਿਹਾਸ ਦੀ ਕਿਤਾਬ ਤਿਆਰ ਕੀਤੀ ਗਈ ਹੈ ਉਸ ਨੂੰ ਪੜ੍ਹ ਕੇ ਇੰਜ ਲੱਗਦਾ ਹੈ ਕਿ ਇਹ ਕੰਮ ਬਹੁਤ ਹੀ ਸਾਜਿਸ਼ੀ ਤਰੀਕੇ ਨਾਲ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਇਹ ਕਿਤਾਬ ਸਿੱਖ ਇਤਿਹਾਸ ਨੂੰ ਵਿਗਾੜਨ ਵਾਲੀ ਉਸ ਵੱਡੀ ਸਾਜ਼ਿਸ਼ ਦੀ ਹੀ ਇਕ ਕੜੀ ਹੈ, ਜੋ ਕਿਸੇ ਨਾ ਕਿਸੇ ਰੂਪ ਵਿਚ ਕਾਫੀ ਸਮੇਂ ਤੋਂ ਚਲਦੀ ਆ ਰਹੀ ਹੈ। ਉਨ੍ਹਾਂ ਨੇ ਇਸ ਕਿਤਾਬ ਨੂੰ ਮੁੱਢੋਂ ਰੱਦ ਕਰਦਿਆਂ ਕਿਹਾ ਕਿ ਕਿਤਾਬ ਵਿੱਚ ਵਾਰ ਵਾਰ ਇਹ ਆਉਂਦਾ ਹੈ ਕਿ ‘ਵਿਦਵਾਨਾਂ ਨੇ ਆਖਿਆ’, ‘ਵਿਦਵਾਨਾਂ ਨੇ ਉਹ ਕਿਹਾ’, ਜਦਕਿ ਵਿਦਵਾਨਾਂ ਦੇ ਨਾਮ ਦਰਜ ਹੀ ਨਹੀਂ ਹਨ ।ਇਸ ਤੋਂ ਸਾਫ ਪਤਾ ਲੱਗਦਾ ਹੈ ਕਿ ਕਿਤਾਬ ਸਬੰਧੀ ਮੈਟਰ ਪਹਿਲਾਂ ਇੰਟਰਨੈੱਟ ਤੋਂ ਕਾਪੀ ਕੀਤਾ ਗਿਆ, ਬਾਅਦ ਵਿੱਚ ਇਸ ਮੈਟਰ ਦਾ ਅਨੁਵਾਦ ਕਰਕੇ ਕਿਤਾਬ ਤਿਆਰ ਕੀਤੀ ਗਈ। ਇਹ ਜਾਣਬੁੱਝ ਕੇ ਕੀਤਾ ਗਿਆ ਕੱਚ ਘਰੜ ਕੰਮ ਹੀ ਕਿਹਾ ਜਾ ਸਕਦਾ ਹੈ। ਉਨ੍ਹਾਂ ਦੱਸਿਆ ਕਿ ਸਾਡੇ ਮਹਾਨ ਯੋਧਿਆਂ ਦੀਆਂ ਜਨਮ ਤਰੀਕਾਂ ਵੀ ਕਿਤਾਬ ਵਿੱਚ ਨਹੀਂ ਲਿਖੀਆਂ ਗਈਆਂ ਜਿਸ ਕਾਰਨ ਇਸ ਕਿਤਾਬ ਨੂੰ ਲਾਗੂ ਕਰਨ ਤੋਂ ਬਾਅਦ ਗਾਈਡਾਂ ਹੀ ਵਿਦਿਆਰਥੀਆਂ ਦਾ ਸਹਾਰਾ ਬਣਨਗੀਆਂ ।ਇਹ ਕਿਤਾਬ ਗਾਇਡ ਕਲਚਰ ਖਤਮ ਕਰਨ ਲਈ ਨਹੀਂ ਸਗੋਂ ਪੈਦਾ ਕਰਨ ਲਈ ਹੈ। ਉਨ੍ਹਾਂ ਸਿੱਖਿਆ ਵਿਭਾਗ ਦੇ ਅਧਿਕਾਰੀਆਂ ਅਤੇ ਕਿਤਾਬ ਤਿਆਰ ਕਰਨ ਵਾਲਿਆਂ ਨੂੰ ਚੁਣੌਤੀ ਦਿੱਤੀ ਕਿ ਇਸ ਕਿਤਾਬ ਵਿੱਚੋਂ ਹੀ ਤਿਆਰ ਕੀਤੇ ਪੰਦਰਾਂ ਸਵਾਲਾਂ ਦੇ ਜਵਾਬ ਕੋਈ ਵੀ ਵਿਦਿਆਰਥੀ ਕਿਤਾਬ ਦੇ ਆਧਾਰ ‘ਤੇ ਦੇ ਹੀ ਨਹੀਂ ਸਕਦੇ।

ਉਨ੍ਹਾਂ ਤੱਥ ਪੇਸ਼ ਕਰਦਿਆਂ ਦੱਸਿਆ ਕਿ 12ਵੀਂ ਦੇ ਇਤਿਹਾਸ ਦੀ ਪੁਸਤਕ ਕਿਸੇ ਵੀ ਪੱਖ ਤੋਂ ਪਾਠ ਪੁਸਤਕ ਦੇ ਮਾਪ-ਦੰਡਾਂ ‘ਤੇ ਖਰੀ ਨਹੀਂ ਉਤਰਦੀ। ਇਤਿਹਾਸਕ ਵਿਧੀ ਨਾਲ ਪੁਸਤਕ ਲਿਖਣ ਦੀ ਬਜਾਇ ਇਧਰੋਂ ਉਧਰੋਂ ਇਕੱਠੀ ਕੀਤੀ ਜਾਣਕਾਰੀ ਦਾ ਨਾ ਕੋਈ ਹਵਾਲਾ ਹੈ ਅਤੇ ਨਾ ਹੀ ਕੋਈ ਅਧਾਰ ਹੈ। ਪੁਸਤਕ ਵਿਚ ਸਾਹਮਣੇ ਆ ਰਹੀਆਂ ਤਰੁੱਟੀਆਂ ਆਮ ਨਹੀਂ ਹਨ ਅਤੇ ਨਾ ਹੀ ਕਿਸੇ ਅਣਗਹਿਲੀ ਦਾ ਨਤੀਜਾ ਹੈ। ਪੁਸਤਕ ਪੜ੍ਹਨ ਤੋਂ ਪਤਾ ਲਗਦਾ ਹੈ ਕਿ ਜਾਣਬੁਝ ਕੇ ਤੱਥਾਂ ਨੂੰ ਤੋੜ ਮਰੋੜ ਕੇ ਇਤਿਹਾਸ ਨੂੰ ਗਲਤ ਰੰਗਤ ਦਿਤੀ ਗਈ ਹੈ।

ਇਸ ਪੁਸਤਕ ਦੇ ਮਿਆਰ ਨੂੰ ਪਰਖਣ ਲਈ ਰਿਵਿਊ ਕਮੇਟੀ ਨੇ ਨਮੂਨੇ ਵਜੋਂ ਕੁਝ ਪ੍ਰਸ਼ਨ ਦਿਤੇ ਅਤੇ ਬੋਰਡ ਅਧਿਕਾਰੀਆਂ ਨੂੰ ਚੈਲੰਜ ਕੀਤਾ ਕਿ ਉਹ ਕਿਤਾਬ ਵਿਚੋਂ ਬੁਨਿਆਦੀ ਪ੍ਰਸ਼ਨਾਂ ਦੇ ਉਤਰ ਲੱਭ ਕੇ ਦੱਸਣ। ਇਸ ਪੁਸਤਕ ਸਬੰਧੀ ਬੋਰਡ ਅਧਿਕਾਰੀ ਹੁਣ ਗਲਤੀਆਂ ਦੀ ਗੱਲ ਮੰਨਣ ਲੱਗੇ ਹਨ ਪਰੰਤੂ ਇਹ ਗਲਤੀਆਂ ਸਾਜਿਸ਼ ਅਧੀਨ ਕੀਤੀਆਂ ਗਈਆਂ ਹਨ, ਜੋ ਕਿ ਜਾਂਚ ਦਾ ਵਿਸ਼ਾ ਬਣਨਾ ਚਾਹੀਦਾ ਹੈ। ਇਸ ਪੁਸਤਕ ਵਿਚ ਘੱਟ ਗਿਣਤੀ ਧਰਮਾਂ ਦਾ ਇਤਿਹਾਸ ਤੋੜ ਮਰੋੜ ਕੇ ਪੇਸ਼ ਕੀਤਾ ਗਿਆ ਹੈ। ਮਹਾਤਮਾ ਬੁੱਧ ਦੀਆਂ ਸਿੱਖਿਆਵਾਂ, ਕੀਰਤਨ, ਭਗਤੀ ਆਦਿ ਸਬੰਧੀ ਨਿਰ ਅਧਾਰ ਟਿਪਣੀਆਂ ਕੀਤੀਆਂ ਗਈਆਂ ਹਨ। ਪੁਸਤਕ ਵਿਚ ਮਿਥਿਹਾਸ ਨੂੰ ਇਤਿਹਾਸ ਵਿਚੋਂ ਖੋਜਣ ਦੀਆਂ ਬੇਥਵੀਆਂ ਵੀ ਮਾਰੀਆਂ ਗਈਆਂ ਹਨ। ਇਹ ਕਾਰਜ ਯੂਨੀਵਰਸਿਟੀ ਪੱਧਰ ਦੇ ਵਿਦਵਾਨ ਵੀ ਨਹੀਂ ਕਰ ਸਕਦੇ, 12ਵੀਂ ਦੇ ਵਿਦਿਆਰਥੀ ਕਿਸ ਤਰ੍ਹਾਂ ਕਰਨਗੇ।

ਇਸ ਦੌਰਾਨ ਸ਼੍ਰੋਮਣੀ ਅਕਾਲੀ ਦਲ (ਬਾਦਲ) ਨੇ ਕਿਹਾ ਕਿ ਸਿੱਖ ਇਤਿਹਾਸ ਉੱਤੇ ਲੀਕ ਮਾਰਨ ਦੇ ਉੱਠੇ ਵਿਵਾਦ ਬਾਰੇ ਉੱਘੇ ਇਤਿਹਾਸਕਾਰਾਂ ਦੀ ਕਮੇਟੀ ਕਾਇਮ ਕੀਤੇ ਜਾਣ ਨਾਲ ਸਕੂਲ ਬੋਰਡ ਦੀ 12ਵੀਂ ਕਲਾਸ ਦੇ ਸਿਲੇਬਸ ਵਿਚੋਂ ਸਿੱਖ ਇਤਿਹਾਸ ਨੂੰ ਮਨਫੀ ਕੀਤੇ ਜਾਣ ਬਾਰੇ ਪਾਰਟੀ ਵੱਲੋਂ ਲਏ ਸਟੈਂਡ ਦੀ ਪੁਸ਼ਟੀ ਹੋ ਗਈ ਹੈ। ਪਾਰਟੀ ਨੇ ਸਰਕਾਰ ਦੇ ਫੈਸਲੇ ਨੂੰ ਦੇਰੀ ਨਾਲ ਚੁੱਕਿਆ ਸਹੀ ਕਦਮ ਕਰਾਰ ਦਿੱਤਾ ਹੈ। ਦਲ ਦੇ ਸੀਨੀਅਰ ਮੀਤ ਪ੍ਰਧਾਨ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਵੀ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਇਹੀ ਕਦਮ ਚੁੱਕਣ ਲਈ ਆਖਿਆ ਸੀ।

ਉਧਰ ਅਮਰਿੰਦਰ ਸਿੰਘ ਵੱਲੋਂ ਥਾਪੀ ਗਈ ਨਿਗਰਾਨ ਕਮੇਟੀ ਵਿੱਚ ਦੋ ਇਤਿਹਾਸਕਾਰ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਨਾਮਜ਼ਦ ਕਰਵਾਉਣ ਦੇ ਪੈਂਤੜੇ ਨੂੰ ਜੇਕਰ ਸਿਆਸੀ ਨਜ਼ਰੀਏ ਤੋਂ ਦੇਖਿਆ ਜਾਵੇ ਤਾਂ ਇਹ ਇੱਕ ਤਰਾਂ ਨਾਲ ਗੇਂਦ ਬਾਦਲਾਂ ਦੇ ਪਾਲੇ ਵਿੱਚ ਸੁੱਟ ਕੇ ਅਕਾਲੀ ਦਲ ਨੂੰ ਉਨਾਂ ਦੇ ਹੀ ਹਥਿਆਰ ਨਾਲ ਮਾਤ ਦੇਣ ਦੀ ਚਾਲ ਚੱਲੀ ਗਈ ਹੈ। ਇਥੇ ਇਹ ਵੀ ਧਿਆਨ ਦੇਣ ਯੋਗ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਆਪਣੇ ਆਗਾਮੀ ਇਜਲਾਸ ਵਿੱਚ ਸਿੱਖ ਇਤਿਹਾਸ ਨਾਲ ਛੇੜਛਾੜ ਕਰਨ ਦੇ ਮੁੱਦੇ ਨੂੰ ਲੈ ਕੇ ਅਕਾਲੀ ਦਲ ਲਈ ਸਿੱਖਾਂ ਵਿੱਚ ਆਪਣੇ ਖੁਰੇ ਅਧਾਰ ਨੂੰ ਮੁੜ ਪ੍ਰਾਪਤ ਕਰਨ ਵਾਸਤੇ ਜ਼ਮੀਨ ਤਿਆਰ ਕਰਕੇ ਦੇਣ ਦੀਆਂ ਗੋਂਦਾਂ ਗੁੰਦੇ ਜਾਣ ਦੀਆਂ ਖਬਰਾਂ ਵੀ ਆ ਰਹੀਆਂ ਸਨ। ਇਸ ਸੰਦਰਭ ਵਿੱਚ ਕੈਪਟਨ ਅਮਰਿੰਦਰ ਸਿੰਘ ਦਾ ਐਲਾਨ ਇੱਕ ਤਰਾਂ ਦਾ ਇਸ ਸਾਰੇ ਵਿਵਾਦ ਨੂੰ ਠੱਲਣ ਲਈ ਅਤੇ ਅਕਾਲੀ ਦਲ ਦੁਆਰਾ ਇਸ ਉਤੇ ਕੀਤੀ ਜਾ ਰਹੀ ਰਾਜਨੀਤੀ ਦਾ ਭੋਗ ਪਾਉਣ ਲਈ ਇੱਕ ਵੱਡਾ ਕਦਮ ਸਮਝਿਆ ਜਾ ਰਿਹਾ ਹੈ। ਪੰਜਾਬ ਸਰਕਾਰ ਨੇ ਪੰਜਾਬ ਸਕੂਲ ਸਿੱਖਿਆ ਬੋਰਡ ਨੂੰ ਵੀ ਇਹ ਕਾਰਜ ਛੇਤੀ ਪੂਰਾ ਕਰਨ ਲਈ ਕਮੇਟੀ ਨੂੰ ਸਹਿਯੋਗ ਕਰਨ ਦੀ ਹਦਾਇਤ ਕੀਤੀ ਗਈ ਹੈ।

## ਸਿੱਖ ਇਤਿਹਾਸ ਅਤੇ ਗੁਰਬਾਣੀ ਨਾਲ ਛੇੜਛਾੜ ਦਾ ਇਕ ਹੋਰ ਮਾਮਲਾ

ਸ. ਹਰਜਾਪ ਸਿੰਘ ਵਲੋਂ ਪੱਤਰਕਾਰਾਂ ਦੇ ਸਾਹਮਣੇ ਪੇਸ਼ ਕੀਤੀ ਗਈ ਉਪਰੋਕਤ ਪੁਸਤਕ, ਜੋ ਕਿ ਪੰਜਾਬੀ ਪਾਠ ਪੁਸਤਕਾਂ ਭਾਗ 5, 6, 7 ਦੇ ਰੂਪ ਵਿੱਚ ਹਨ, ਡਾ: ਜਸਪ੍ਰੀਤ ਸਿੱਧੂ ਨਾਮੀ ਕਿਸੇ ਲੇਖਿਕਾ ਦੁਆਰਾ ਲਿਖੀਆਂ ਹੋਈਆਂ ਹਨ। ਡਾ: ਸਿੱਧੂ ਨੇ ਆਪਣੀ ਵਿਦਿਅਕ ਯੋਗਤਾ ਐਮ.ਏ., ਐਮ ਐਡ, ਪੀ.ਐਚ.ਡੀ (ਪੰਜਾਬੀ) ਛਾਪੀ ਹੋਈ ਹੈ ਤੇ ਇਹ ਪੁਸਤਕ ਲੜੀ ਦਿੱਲੀ ਸਥਿਤ ਕਿਸੇ ਨਿਊ ਸਰਸਵਤੀ ਹਾਊਸ (ਇੰਡੀਆ) ਪ੍ਰ.ਲਿ. ਨਾਮੀ ਪ੍ਰਕਾਸ਼ਕ ਵਲੋਂ ਛਾਪੀ ਹੋਈ ਹੈ।

ਪਾਠ ਪੁਸਤਕ ਭਾਗ-5 ਵਿੱਚ ਸ੍ਰੀ ਦਰਬਾਰ ਸਾਹਿਬ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਗਿਆ ਹੈ ਕਿ “ਲਗਭਗ 19 ਸਾਲ ਮਗਰੋਂ ਇਹ ਸਥਾਨ ਬਣਕੇ ਤਿਆਰ ਹੋਇਆ ਸੀ। ਜਿਥੇ ਅੱਜ ਕੱਲਖ਼ ਅੰਮ੍ਰਿਤਸਰ ਵਸਿਆ ਹੋਇਆ ਹੈ। ਇਹ ਸਾਰੀ ਥਾਂ ਬਾਦਸ਼ਾਹ ਅਕਬਰ ਨੇ ਗੁਰੂ ਜੀ ਨੂੰ ਦਾਨ ਵਿੱਚ ਦਿੱਤੀ ਸੀ।” ਪੁਸਤਕ ਭਾਗ-6 ਅਤੇ 7 ਵਿੱਚ ਗੁਰਬਾਣੀ ਦੀਆਂ ਪੰਕਤੀਆਂ ਵਿੱਚ ਐਨੇ ਸ਼ਬਦ ਜੋੜ ਗਲਤ ਹਨ ਕਿ ਕਿਸੇ ਨੇ ਗੁਰਬਾਣੀ ਛਾਪਦੇ ਸਮੇਂ ਮਿਲਾਣ ਕਰਨਾ ਜ਼ਰੂਰੀ ਹੀ ਨਹੀਂ ਸਮਝਿਆ। ਉਪਰੋਕਤ ਤਿੰਨੋਂ ਹੀ ਪੁਸਤਕਾਂ ਦੀ ਇੱਕ ਇੱਕ ਕਾਪੀ ਸ਼੍ਰੋਮਣੀ ਕਮੇਟੀ ਪਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੂੰ ਸੌਂਪੀ ਗਈ ਹੈ। ਸ. ਹਰਜਾਪ ਸਿੰਘ ਨੇ ਇਸ ਪੁਸਤਕ ਲੜੀ ਦੀ ਲੇਖਿਕਾ ਅਤੇ ਪ੍ਰਕਾਸ਼ਕ ਖਿਲਾਫ ਪੁਲਿਸ ਕੇਸ ਦਰਜ ਕਰਾਉਣ ਦਾ ਫੈਸਲਾ ਵੀ ਲਿਆ ਹੈ।

## ਭਾਰਤ ਤੇ ਚੀਨ ਦੀਆਂ ਆਲਮੀ ਜ਼ਿੰਮੇਵਾਰੀਆਂ ਵਧੀਆਂ

ਬੇਹੱਦ ਪ੍ਰਦੂਸ਼ਿਤ ਦਿਨਾਂ ਦੌਰਾਨ ਸਰਕਾਰ ਨੇ ਸ਼ਹਿਰ ਵਾਸੀਆਂ ਲਈ ਘਰਾਂ ਦੇ ਅੰਦਰ ਰਹਿਣਾ ਲਾਜ਼ਮੀ ਬਣਾਇਆ ਅਤੇ ਪੇਈਚਿੰਗ ਵਿਚ ਅਜਿਹਾ ਕਈ ਵਾਰ ਵਾਪਰ ਚੁੱਕਿਆ ਹੈ। ਪਿਛਲੀਆਂ ਗਰਮੀਆਂ ਦੌਰਾਨ ਦਿੱਲੀ ਵਿਚ ਵੀ ਅਜਿਹੇ ਹਾਲਾਤ ਬਣ ਚੁੱਕੇ ਹਨ। ਵਾਤਾਵਰਣਕ ਤਬਦੀਲੀਆਂ ਸਰਹੱਦਾਂ ਟੱਪ ਜਾਂਦੀਆਂ ਹਨ। ਧੁਆਂਖੀ ਧੁੰਦ ਹਵਾ ਨਾਲ ਅੱਗੇ ਵਧਦੀ ਹੋਈ, ਗੁਆਂਢੀ ਦੇਸ਼ਾਂ ਨੂੰ ਵੀ ਪ੍ਰਭਾਵਿਤ ਕਰ ਜਾਂਦੀ ਹੈ।

ਚੀਨ ਅਜਿਹੇ ਖ਼ਤਰਿਆਂ ਤੋਂ ਕੁਝ ਚੇਤੰਨ ਹੋ ਰਿਹਾ ਜਾਪਦਾ ਹੈ। ਇਸ ਦੇ ਵਾਤਾਵਰਣ ਬਚਾਉਣ ਲਈ ਉਠਾਏ ਕੁਝ ਕਦਮ ਸਾਰਥਿਕ ਸਿੱਟੇ ਦੇ ਰਹੇ ਹਨ ਅਤੇ ਇਸ ਪੱਖੋਂ ਭਾਰਤ ਦੀ ਬਰਾਬਰੀ ਕਰ ਰਿਹਾ ਹੈ। ਚੀਨ ਹੁਣ ਨਵਿਆਉਣਯੋਗ ਊਰਜਾ ਦੇ ਖੇਤਰ ਦੇ ਸਭ ਤੋਂ ਵੱਡੇ ਪੱਥ-ਪ੍ਰਦਰਸ਼ਕਾਂ ਵਿਚ ਗਿਣਿਆ ਜਾਂਦਾ ਹੈ। ਇਸ ਨੇ ਸੰਨ 2030 ਤੱਕ 20 ਫੀਸਦੀ ਨਵਿਆਉਣਯੋਗ ਊਰਜਾ ਹਾਸਲ ਕਰਨ ਦਾ ਟੀਚਾ ਮਿਥਿਆ ਹੈ। ਮੌਸਮੀ ਤਬਦੀਲੀ ਦੇ ਮਾੜੇ ਪ੍ਰਭਾਵਾਂ ਨੂੰ ਮੋੜਾ ਦੇਣ ਲਈ ਇਕ ਹੋਰ ਪ੍ਰਾਜੈਕਟ ਜੰਗਲਾਤ ਖੇਤਰ ਵਧਾਉਣਾ ਮਿਥਿਆ ਗਿਆ ਹੈ ਜਦੋਂਕਿ ਪਹਿਲਾਂ ਇਸ ਖੇਤਰ ਦੀ ਵਰਤੋਂ ਖਣਨ ਤੇ ਸਨਅਤਾਂ ਲਈ ਕੀਤੀ ਜਾਂਦੀ ਸੀ। ਚੀਨ ਨੇ ਇਸ ਜਨਵਰੀ ਵਿਚ ਐਲਾਨ ਕੀਤਾ ਸੀ ਕਿ ਉਹ 66 ਲੱਖ ਹੈਕਟੇਅਰ ਨੂੰ ਜੰਗਲਾਤ ਵਿਚ ਤਬਦੀਲ ਕਰੇਗਾ। ਇਹ ਇਲਾਕਾ ਆਇਰਲੈਂਡ ਜਿੰਨਾ ਬਣਦਾ ਹੈ। ਚੀਨ ਨੇ ਸਾਲ 2020 ਤੱਕ ਦੇਸ਼ ਦਾ 25 ਫੀਸਦੀ ਖੇਤਰ ਜੰਗਲਾਤ ਵਿਚ ਤਬਦੀਲ ਕਰਨ ਦਾ ਟੀਚਾ ਮਿਥਿਆ ਹੈ ਜਦੋਂਕਿ ਹੁਣ ਤੱਕ ਇਹ ਖੇਤਰਫਲ ਦੇਸ਼ ਦਾ 21.7 ਫੀਸਦੀ ਹਿੱਸਾ ਬਣਦਾ ਹੈ। ਉਪਰੋਕਤ ਤੋਂ ਇਲਾਵਾ ਚੀਨ ਦਾ ਸਨਅਤੀ ਉਤਪਾਦਨ ਖੇਤਰ ਐਨਾ ਮਜ਼ਬੂਤ ਹੈ ਕਿ ਇਸ ਨੇ ਸੂਰਜੀ ਊਰਜਾ ਸੈੱਲ ਬਣਾਉਣ ਉਪਰ ਭਾਰੀ ਨਿਵੇਸ਼ ਕੀਤਾ ਹੋਇਆ ਹੈ। ਇੰਜ ਚੀਨ ਸੂਰਜੀ ਤਪਸ਼ ਦੀ ਊਰਜਾ ਦੇ ਖੇਤਰ ਵਿਚ ਵਰਤੋਂ ਕਰਨ ਵਾਲਾ ਸਭ ਤੋਂ ਮੋਹਰੀ ਦੇਸ਼ ਬਣ ਗਿਆ ਹੈ। ਸੂਰਜੀ ਪੈਨਲਾਂ ਰਾਹੀਂ ਤਿਆਰ ਕੀਤੀ ਜਾਂਦੀ ਊਰਜਾ, ਤੇਲ ਤੇ ਗੈਸ ਰਾਹੀਂ ਬਣਦੀ ਬਿਜਲੀ ਨਾਲੋਂ ਸਸਤੀ ਪੈਂਦੀ ਹੈ। ਚੀਨ ਹੁਣ ਪਣਬਿਜਲੀ ਤਿਆਰ ਕਰਨ ਵਾਲਾ ਵੀ ਸਭ ਤੋਂ ਮੋਹਰੀ ਦੇਸ਼ ਬਣ ਚੁੱਕਾ ਹੈ ਹਾਲਾਂਕਿ ਪਣਬਿਜਲੀ ਦੀ ਤਿਆਰੀ ਵਾਤਾਵਰਣਕ ਪੱਖੋਂ ਵਿਵਾਦਿਤ ਹੈ, ਖ਼ਾਸ ਤੌਰ ‘ਤੇ ਜਦੋਂ ਇਹ ਵੱਡੇ ਡੈਮਾਂ ਉੱਤੇ ਆਧਾਰਿਤ ਹੋਵੇ।

ਇਨ੍ਹਾਂ ਵਾਤਾਵਰਣਕ ਕਦਮਾਂ ਨੂੰ ਇਸ ਤੱਥ ਰਾਹੀਂ ਚੁਣੌਤੀ ਦਿੱਤੀ ਗਈ ਹੈ ਕਿ ਚੀਨ ਅਜੇ ਵੀ ਸੰਸਾਰ ਦੇ ਕਰੀਬ 50 ਫੀਸਦੀ ਕੋਇਲੇ ਦੀ ਵਰਤੋਂ ਕਰਦਾ ਹੈ। ਕੋਇਲਾ ਪਥਰਾਟੀ ਬਾਲਣ ਦਾ ਸਭ ਤੋਂ ਘਟੀਆ ਸਾਧਨ ਹੈ ਅਤੇ ਇਸ ਦੀ ਵਰਤੋਂ ਵੱਡੇ ਪੱਧਰ ‘ਤੇ ਘਟਾਉਣੀ ਹੋਵੇਗੀ। ਇਹ ਤੱਥ ਭਾਰਤ ਵਿਚ ਵੀ ਸਹੀ ਹਨ। ਭਾਰਤ ਨੇ ਨਵਿਆਉਣਯੋਗ ਖਾਸ ਕਰ ਕੇ ਪੌਣ ਤੇ ਸੂਰਜੀ ਊਰਜਾ ਦੇ ਖੇਤਰ ਵਿਚ ਕੁਝ ਚੰਗੀਆਂ ਪ੍ਰਾਪਤੀਆਂ ਕੀਤੀਆਂ ਹਨ। ਭਾਰਤ ਦੇ ਪੌਣ ਚੱਕੀ ਫਾਰਮ, ਵਿਸ਼ਵ ਦੀ ਕੁੱਲ ਪੌਣ ਊਰਜਾ ਦਾ 30 ਫੀਸਦੀ ਹਿੱਸਾ ਪੈਦਾ ਕਰਦੇ ਹਨ। ਭਾਰਤ ਨੇ ਇਸ ਖੇਤਰ ਵਿਚ 1960ਵਿਆਂ ਦੌਰਾਨ ਪੈਰ ਧਰਿਆ ਸੀ। ਭਾਰਤ ਵਿਚ ਇਸ ਵੇਲੇ ਨਵਿਆਉਣ ਊਰਜਾ ਦਾ 50 ਫੀਸਦੀ ਹਿੱਸਾ ਪੌਣ ਊਰਜਾ ਖੇਤਰ ਵਿਚ ਹੈ ਅਤੇ ਇਸ ਤੋਂ ਬਾਅਦ ਸੂਰਜੀ ਊਰਜਾ ਦਾ ਸਥਾਨ ਆਉਂਦਾ ਹੈ।

ਉਪਰੋਕਤ ਦੇ ਬਾਵਜੂਦ ਭਾਰਤ ਨੂੰ ਚੀਨ ਦੇ ਵਾਤਾਵਰਣਕ ਯਤਨਾਂ ਤੇ ਤਜਰਬਿਆਂ ਤੋਂ ਅਜੇ ਬਹੁਤ ਕੁਝ ਸਿੱਖਣ ਦੀ ਲੋੜ ਹੈ। ਇਸ ਖੇਤਰ ਵਿਚ ਦੋਵੇਂ ਦੇਸ਼ ਭਾਈਵਾਲੀ ਕਰ ਕੇ ਲਾਭ ਉਠਾ ਸਕਦੇ ਹਨ। ਇਸ ਨਾਲ ਜਿੱਥੇ ਦੋਵਾਂ ਦੇਸ਼ਾਂ ਦਰਮਿਆਨ ਵਿਆਪਕ ਅਸੰਤੁਲਨ ਘਟੇਗਾ ਉੱਥੇ ਗਰੀਬੀ ਦੂਰ ਕਰਨ ਵਿਚ ਵੀ ਮਦਦ ਮਿਲੇਗੀ। ਅਸੰਤੁਲਨ ਘਟਾਉਣ ਦਾ ਪ੍ਰਾਜੈਕਟ, ਵਾਤਾਵਰਣ ਸੁਰੱਖਿਆ ਨਾਲ ਬਹੁਤ ਨੇੜਿਓਂ ਆਪਸ ਵਿਚ ਜੁੜਿਆ ਹੈ ਕਿਉਂਕਿ ਵਾਤਾਵਰਣ ਵਿਗਾੜਾਂ ਦਾ ਸਭ ਤੋਂ ਵੱਧ ਬੁਰੀ ਤਰ੍ਹਾਂ ਗਰੀਬ, ਖਾਸ ਕਰ ਕੇ ਖੇਤੀਬਾੜੀ ਤੇ ਜੰਗਲਾਤ ਉੱਪਰ ਨਿਰਭਰ ਜਾਂ ਸ਼ਹਿਰੀ ਗੰਦੀਆਂ ਬਸਤੀਆਂ ਦੇ ਵਸਨੀਕ ਪੀੜਤ ਹੁੰਦੇ ਹਨ।

ਭਾਰਤ ਤੇ ਚੀਨ ਦੀਆਂ ਆਲਮੀ ਵਾਤਾਵਰਣਕ ਜ਼ਿੰਮੇਵਾਰੀਆਂ ਇਸ ਕਰ ਕੇ ਵੀ ਬਹੁਤ ਵਧ ਗਈਆਂ ਹਨ ਕਿਉਂਕਿ ਅਮਰੀਕਾ ਤੇ ਹੋਰ ਸੰਸਾਰਕ ਆਰਥਿਕ ਸ਼ਕਤੀਆਂ, ਟਰੰਪ ਦੀ ਕਮਾਨ ਹੇਠ ਆਲਮੀ ਤਪਸ਼ ਘਟਾਉਣ ਲਈ ਮੌਸਮੀ ਤਬਦੀਲੀ ਰੋਕੂ ਚੌਖਟੇ ਉਪਰ ਬਣੀ ਸਹਿਮਤੀ ਤੋਂ ਕਿਨਾਰਾਕਸ਼ੀ ਕਰਦੀਆਂ ਜਾ ਰਹੀਆਂ ਹਨ।

(*ਲੇਖਕ ਔਕਸਫੋਰਡ ਬਰੁਕਸ ਯੂਨੀਵਰਸਿਟੀ, ਯੂਕੇ ਵਿਚ ਅਰਥ ਸ਼ਾਸਤਰ ਦਾ ਪ੍ਰੋਫੈਸਰ ਹੈ)

## ਰੂਹਾਨੀ ਘਾਤ ਦੇ ਤੁਲ ਹੈ ਸਿਖੀ ਦਾ ਫਿਲਮੀਕਰਨ

ਬਿਰਤਾਂਤਾਂ ਨੂੰ ਪ੍ਰਚਾਰਨ ਲਈ ਢਾਡੀ ਕਲਾ ਉਤਮ ਹੈ। ਇਹ ਸਾਡੇ ਧਰਮ ਦੇ ਪ੍ਰਚਾਰ ਦਾ ਵੀ ਕਾਰਗਰ ਸਾਧਨ ਹੈ ਕਿਉਂਕਿ ਇਹ ਸਾਡੀ ਮੌਲਿਕ ਕਲਾ ਹੈ, ਜੋ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਬਖਸ਼ਿਸ਼ ਕੀਤੀ ਹੈ। ਆਧੁਨਿਕ ਸਮੇਂ ਵਿਚ ਢਾਡੀ ਕਲਾ ਨੂੰ ਪ੍ਰਫੁਲਿਤ ਕਰਨਾ ਸਾਡੀ ਤਰਜੀਹ ਹੋਣੀ ਚਾਹੀਦੀ ਹੈ। ਸਮੁਚੀਆਂ ਸਿਖ ਸੰਸਥਾਵਾਂ ਨੂੰ ਇਸ ਵਿਰਾਸਤ ਦੇ ਹਾਣੀ ਬਣਾਉਣ ਲਈ ਸਾਨੂੰ ਯਤਨਸ਼ੀਲ ਹੋਣਾ ਚਾਹੀਦਾ ਹੈ। ਬਚਿਆਂ ਵਿਚ ਸਿਖੀ ਦੀ ਚੇਟਕ ਲਾਈ ਰਖਣ ਲਈ ਗੁਰੂ ਸਾਹਿਬਾਨ ਅਤੇ ਮਹਾਂਪੁਰਸ਼ਾਂ ਦੇ ਪਵਿਤਰ ਜੀਵਨ ਬਿਰਤਾਂਤ ਅਤੇ ਦੈਵੀ ਕਾਰਨਾਮੇ ਸਾਖੀ ਸਾਹਿਤ ਵਿਚੋਂ ਸੁਣਾਏ ਜਾਣ ਦੀ ਰੀਤ ਨੂੰ ਬਰਕਰਾਰ ਰਖਣਾ ਚਾਹੀਦਾ ਹੈ। ਸਾਡੇ ਧਰਮ ਦੀ ਪਾਲਣਾ ਤੇ ਧਰਮ ਦੀ ਖੁਸ਼ੀ, ਮਨੁਖੀ ਵਿਕਾਰਾਂ ਦੇ ਤਿਆਗ ਅਤੇ ‘ਊੜੇ ਤੇ ਜੂੜੇ’ ਦੀ ਖੈਰ ਵਿਚੋਂ ਹੀ ਹੋਣੀ ਹੈ, ਜਿਹੜੀ ਗੁਰੂ ਦੀ ਕਿਰਪਾ ਅਤੇ ਮਨੁਖ ਦੀ ਬਿਰਤੀ ਦਾ ਵਿਸ਼ਾ ਹੈ। ਅੰਮ੍ਰਿਤ ਵੇਲਾ, ਨਿਤਨੇਮ, ਸਤਿਸੰਗਤ, ਕੀਰਤਨ, ਕਥਾ ਵਾਰਤਾ, ਗੁਰੂ ਕੀਆਂ ਸਾਖੀਆਂ ਸਿਖੀ ਜੀਵਨ ਵਿਵਹਾਰ ਦੇ ਅਨਿਖੜ ਅੰਗ ਹਨ ਤੇ ਸਹਿਜੇ ਹੀ ਸਾਡੇ ਧਰਮ ਪ੍ਰਚਾਰ ਦੇ ਸਾਧਨ ਵੀ ਹਨ। ਇਹਨਾਂ ਨੂੰ ਆਪਣੇ ਜੀਵਨ ਜੁਗਤ ਵਿਚ ਅਪਣਾਉਣਾ ਹੀ ਸਾਡੇ ਲਈ ਧਰਮ ਕਾਰਜ ਹੈ ਅਤੇ ਸਾਡੇ ਬਚਿਆਂ ਲਈ ਪ੍ਰੇਰਨਾਦਾ ਸੋਮਾ ਹੈ। ਸੋ ਸਿਖੀ ਜੀਵਨ ਲਈ ਦੁਆ ਕਰੀਏ ਨਾ ਕਿ ਪਰਦੇ ’ਤੇ ਸਿਖੀ ਦੀ ਨੁਮਾਇਸ ਲਾਉਣ ਦੀ ਆਦਤ ਪਾਈਏ।

**(ਲੇਖਕ ਗੁਰੂ ਕਾਸ਼ੀ ਕਾਲਜ ਆਫ ਸਿਖ ਸਟਡੀਜ਼, ਦਮਦਮਾ ਸਾਹਿਬ ਵਿਖੇ ਧਰਮ ਅਧਿਐਨ ਦਾ ਸਹਾਇਕ ਪ੍ਰੋਫੈਸਰ ਹੈ । ਲੇਖਕ ਨਾਲ +91-946-386-1316 ’ਤੇ ਸੰਪਰਕ ਕੀਤਾ ਜਾ ਸਕਦਾ ਹੈ।)**

# ਭਰੂਣ ਉਬਾਸੀ ਕਿਉਂ ਲੈਂਦੇ ਹਨ ?

**ਡਾ. ਹਰਸ਼ਿੰਦਰ ਕੌਰ, ਐਮ. ਡੀ.**
(ਫੋਨ: 0175-2216783)

ਅਲਟਰਾਸਾਊਂਡ ਦੇ ਈਜਾਦ ਹੋਣ ਬਾਅਦ ਕਈ ਕੁਦਰਤੀ ਕਰਿਸ਼ਮਿਆਂ ਬਾਰੇ ਜਾਣੂੰ ਹੋ ਸਕੇ ਹਾਂ। ਸਦੀਆਂ ਤੋਂ ਲੋਕ ਮਾਂ ਦੇ ਢਿੱਡ ਅੰਦਰ ਪਲ ਰਹੇ ਬੱਚੇ ਬਾਰੇ ਕਿਆਸ ਲਾਉਂਦੇ ਰਹੇ ਹਨ ਕਿ ਉਹ ਕਿਵੇਂ ਪਾਣੀ ਵਿਚ ਪੁੱਠਾ ਲਟਕਿਆ ਮਹਿਸੂਸ ਕਰਦਾ ਹੋਵੇਗਾ ਤੇ ਕਿਵੇਂ ਕੋਈ ਪਿਆਰੀ ਜਿਹੀ ਮੁਸਕਾਨ ਬਿਖੇਰਦੀ ਹੋਵੇਗੀ, ਪਿਓ ਦੀ ਕਵਿਤਾ ਉਸ ਨੂੰ ਸੁਣਦੀ ਹੈ ਜਾਂ ਨਹੀਂ ਤੇ ਮਾਂ ਦੇ ਬੁਲਾਉਣ ਉੱਤੇ ਭਰੂਣ ਕਿੰਜ ਹੁੰਗਾਰਾ ਭਰਦਾ ਹੈ!

ਅਲਟਰਾਸਾਊਂਡ ਨੇ ਸਭ ਕੁੱਝ ਆਸਾਨ ਕਰ ਦਿੱਤਾ ਹੈ। ਹੁਣ ਤਾਂ ਅਜਿਹੀਆਂ ਗੱਲਾਂ ਪਤਾ ਲੱਗ ਰਹੀਆਂ ਹਨ ਜਿਨ੍ਹਾਂ ਨੇ ਖੋਜਾਂ ਲਈ ਕਈ ਰਾਹ ਹੋਰ ਖੋਲ੍ਹ ਦਿੱਤੇ ਹਨ।

ਅਸੀਂ ਉਬਾਸੀ ਲੈਂਦੇ ਹਾਂ ਤਾਂ ਇਹ ਲਾਗ ਦੀ ਬੀਮਾਰੀ ਵਾਂਗ ਆਲੇ-ਦੁਆਲੇ ਉੱਤੇ ਪੂਰਾ ਅਸਰ ਪਾਉਂਦੀ ਹੈ। ਹਦ ਤਾਂ ਇਹ ਹੈ ਕਿ ਉਬਾਸੀ ਬਾਰੇ ਪੜ੍ਹਨ ਜਾਂ ਲਿਖਣ ਜਾਂ ਉਬਾਸੀ ਦਾ ਜ਼ਿਕਰ ਆਉਣ ਨਾਲ ਵੀ ਬਥੇਰਿਆਂ ਨੂੰ ਉਬਾਸੀ ਆ ਜਾਂਦੀ ਹੈ। ਪਰ, ਭਰੂਣ ਦੀ ਉਬਾਸੀ ਦਾ ਕਾਰਨ ਕੁੱਝ ਹੋਰ ਹੁੰਦਾ ਹੈ। ਆਮ ਤੌਰ ਉੱਤੇ ਢਿੱਡ ਵਿਚ ਭਰੂਣ ਅਨੇਕ ਵਾਰ ਮੂੰਹ ਖੋਲ੍ਹਦਾ ਹੈ ਤੇ ਪਾਣੀ ਅੰਦਰ ਲੰਘਾਉਣ ਜਾਂ ਖਾਣ ਵਾਂਗ ਮੂੰਹ ਮਾਰਨ ਦਾ ਜਤਨ ਕਰਦਾ ਵੇਖਿਆ ਗਿਆ ਹੈ। ਅਜਿਹਾ ਕੁਦਰਤ ਉਸ ਨੂੰ ਜੰਮਣ ਬਾਅਦ ਦੁੱਧ ਚੁੰਘਣ ਲਈ ਤਿਆਰ ਕਰ ਰਹੀ ਹੁੰਦੀ ਹੈ। ਚੌਥੇ ਮਹੀਨੇ ਤੋਂ ਨੌਵੇਂ ਮਹੀਨੇ ਤੱਕ ਕੀਤੇ ਅਲਟਰਾਸਾਊਂਡ ਵਿਚ ਅਜਿਹੇ ਖੋਲ੍ਹੇ ਮੂੰਹ ਉੱਤੇ ਜਦੋਂ ਖੋਜ ਚਲ ਰਹੀ ਸੀ ਤਾਂ ਅਨੇਕ ਖੋਜਾਰਥੀਆਂ ਨੇ ਧਿਆਨ ਕੀਤਾ ਕਿ ਕਈ ਵਾਰ ਭਰੂਣ ਮੂੰਹ ਖੋਲ੍ਹ ਕੇ ਕੁੱਝ ਅੰਦਰ ਲੰਘਾਉਣ ਦਾ ਜਤਨ ਨਹੀਂ ਕਰਦਾ, ਬਸ ਐਵੇਂ ਹੀ ਕੁੱਝ ਪਲ ਮੂੰਹ ਚੌੜਾ ਖੋਲ੍ਹ ਕੇ ਰੱਖਦਾ ਹੈ ਤੇ ਬਿਲਕੁਲ ਉਬਾਸੀ ਲੈਣ ਦਾ ਇਹਸਾਸ ਹੁੰਦਾ ਹੈ।

ਇਸ ਗੱਲ 'ਤੇ ਕਾਫ਼ੀ ਕਿੰਤੂ ਪਰੰਤੂ ਹੋਇਆ ਤੇ ਅਖ਼ੀਰ ਉਬਾਸੀ ਲੈਂਦੇ ਦੌਰਾਨ ਭਰੂਣ ਦੇ ਦਿਮਾਗ਼ ਦਾ ਸਕੈਨ ਕੀਤਾ ਗਿਆ। ਇਹ ਵੇਖਣ ਵਿਚ ਆਇਆ ਕਿ ਤੀਜੇ ਮਹੀਨੇ ਦੇ ਗਰਭ ਬਾਅਦ ਭਰੂਣ ਉਬਾਸੀ ਲੈਣਾ ਸ਼ੁਰੂ ਕਰਦਾ ਹੈ ਤੇ ਜਿਵੇਂ ਜਿਵੇਂ ਸਮਾਂ ਵੱਧਦਾ ਹੈ, ਉਬਾਸੀਆਂ ਘਟਣ ਲੱਗ ਪੈਂਦੀਆਂ ਹਨ। ਨੌਵੇਂ ਮਹੀਨੇ ਉੱਤੇ ਪਹੁੰਚ ਕੇ ਕਦੇ ਕਦਾਈਂ ਹੀ ਭਰੂਣ ਉਬਾਸੀ ਲੈਂਦਾ ਵੇਖਿਆ ਗਿਆ।

ਇੰਗਲੈਂਡ ਦੇ ਡਾ. ਨਡਜਾ ਰੀਸਲੈਂਡ ਨੇ ਆਪਣੀ ਖੋਜ ਵਿਚ ਸਪਸ਼ਟ ਕੀਤਾ ਕਿ ਭਰੂਣ ਦੇ ਉਬਾਸੀ ਲੈਣ ਸਮੇਂ ਉਸ ਦੇ ਦਿਮਾਗ਼ ਦੇ ਸੈੱਲ ਕੁੱਝ ਤੇਜ਼ੀ ਨਾਲ ਵਧ ਰਹੇ ਹੁੰਦੇ ਹਨ। ਯਾਨੀ ਭਰੂਣ ਦੀ ਉਬਾਸੀ ਨੂੰ ਦਿਮਾਗ਼ ਦੇ ਵਿਕਾਸ ਨਾਲ ਜੋੜਿਆ ਗਿਆ। ਜਿਵੇਂ-ਜਿਵੇਂ ਸੈੱਲਾਂ ਦੇ ਜੋੜ ਤੇਜ਼ੀ ਨਾਲ ਵੱਧਣ ਲੱਗਣ ਤੇ ਦਿਮਾਗ਼ ਜ਼ਿਆਦਾ ਕੰਮ ਕਰਨ ਲੱਗ ਪਵੇ, ਭਰੂਣ ਓਨਾ ਹੀ ਵੱਧ ਉਬਾਸੀ ਲੈਣ ਲੱਗ ਪੈਂਦਾ ਹੈ।

ਕੁੱਝ ਖੋਜਾਂ ਰਾਹੀਂ ਇਹ ਤੱਥ ਸਾਹਮਣੇ ਆਇਆ ਕਿ ਜਿਹੜੇ ਭਰੂਣਾਂ ਵਿਚ ਲਹੂ ਦੀ ਕਮੀ ਹੋਵੇ, ਉਹ ਵੀ ਵਾਧੂ ਉਬਾਸੀਆਂ ਲੈਂਦੇ ਹਨ। ਇਹ ਵੀ ਵੇਖਣ ਵਿਚ ਆਇਆ ਕਿ ਜਿਹੜੇ ਬੱਚੇ ਸਤਮਾਹੇ ਜੰਮ ਪੈਣ ਉਹ ਪੂਰੇ ਸਮੇਂ ਉੱਤੇ ਜੰਮੇ ਬੱਚਿਆਂ ਨਾਲੋਂ ਵੱਧ ਉਬਾਸੀਆਂ ਲੈਂਦੇ ਹਨ। ਯਾਨੀ ਉਨ੍ਹਾਂ ਦੇ ਦਿਮਾਗ਼ ਦੇ ਸੈੱਲ ਤੇਜ਼ੀ ਨਾਲ ਕੰਮ ਕਰ ਰਹੇ ਹੁੰਦੇ ਹਨ ਤਾਂ ਜੋ ਉਹ ਪੂਰੇ ਸਮੇਂ ਉੱਤੇ ਜੰਮੇ ਬੱਚੇ ਜਿੰਨਾ ਦਿਮਾਗ਼ ਬਣਾ ਸਕਣ। ਡਾ. ਰੀਸਲੈਂਡ ਨੇ ਕੁੱਝ ਹੋਰ ਖੋਜ ਕਰਨ ਲਈ ਬਹੁਤ ਸਾਰੇ ਅਲਟਰਾਸਾਊਂਡ ਸੈਂਟਰਾਂ ਤੋਂ ਅਜਿਹੀਆਂ ਤਸਵੀਰਾਂ ਇਕੱਠੀਆਂ ਕੀਤੀਆਂ ਤਾਂ ਜੋ ਉਹ ਉਬਾਸੀ ਤੇ ਦੁੱਧ ਚੁੰਘਣ ਲਈ ਖੋਲ੍ਹੇ ਮੂੰਹ ਵਿਚ ਹੋਰ ਫ਼ਰਕ ਲੱਭ ਸਕੇ। ਉਸ ਨੇ ਆਪਣੀ ਪੂਰੀ ਟੀਮ ਨਾਲ ਸੱਤ ਲੜਕੀ ਭਰੂਣਾਂ ਤੇ ਅੱਠ ਲੜਕੇ ਭਰੂਣਾਂ ਦੇ ਵੀਡੀਓ ਬਣਾਏ। ਅਜਿਹਾ ਹਰ ਮਹੀਨੇ ਵਿਚ ਇਕ ਵਾਰ ਕੀਤਾ ਗਿਆ (5 ਤੋਂ 8 ਮਹੀਨੇ ਦੇ ਭਰੂਣਾਂ ਵਿਚ)।

ਉਸ ਦੀ ਖੋਜ ਦੇ ਨਤੀਜਿਆਂ ਅਨੁਸਾਰ 5 ਮਹੀਨੇ ਦੇ ਭਰੂਣ ਲਗਭਗ ਹਰ ਰੋਜ਼ ਛੇ ਵਾਰ ਉਬਾਸੀ ਲੈਂਦੇ ਹਨ ਤੇ ਅੱਠ ਮਹੀਨੇ ਹੋਣ ਬਾਅਦ ਉਬਾਸੀ ਲੈਣੀ ਛੱਡ ਦਿੰਦੇ ਹਨ।

ਪੂਰੀ ਸਕੈਨਿੰਗ ਦੀ ਖੋਜ ਬਾਅਦ ਇਹ ਗੱਲ ਸਾਹਮਣੇ ਆਈ ਕਿ ਉਬਾਸੀ ਲੈਣ ਤੋਂ ਬਾਅਦ ਦਿਮਾਗ਼ ਦੇ ਸੈੱਲ ਹਰਕਤ ਵਿਚ ਆਉਣ ਲੱਗ ਪੈਂਦੇ ਹਨ ਤੇ ਤੇਜ਼ੀ ਨਾਲ ਜੋੜ ਬਣਾ ਕੇ ਸੁਣੇਹੇ ਘੱਲਦੇ ਹਨ। ਯਾਨੀ ਉਬਾਸੀ ਦਾ ਮਤਲਬ ਇਹ ਸੀ ਕਿ ਦਿਮਾਗ਼ ਦੇ ਸੈੱਲਾਂ ਨੂੰ ਹਰਕਤ ਵਿਚ ਲਿਆਂਦਾ ਜਾ ਸਕੇ।

ਪਰ ਇਕ ਹੋਰ ਤੱਥ ਵੀ ਸਾਹਮਣੇ ਆਇਆ ਕਿ ਜਿਹੜੇ ਭਰੂਣ ਲੋੜ ਤੋਂ ਕਈ ਗੁਣਾਂ ਵੱਧ ਉਬਾਸੀ ਲੈ ਰਹੇ ਸਨ, ਉਨ੍ਹਾਂ ਦੇ ਦਿਮਾਗ਼ ਪੂਰੀ ਤਰ੍ਹਾਂ ਵਿਕਸਿਤ ਨਹੀਂ ਸਨ ਹੋ ਰਹੇ। ਯਾਨੀ ਭਰੂਣ ਵੱਲੋਂ ਵਾਰ-ਵਾਰ 'ਸਵਿੱਚ ਆਨ' ਦੇ ਸੁਣੇਹੇ ਬਾਅਦ ਵੀ ਦਿਮਾਗ਼ ਦੇ ਸੈੱਲ ਹਰਕਤ ਨਹੀਂ ਸਨ ਕਰ ਰਹੇ। ਜੇ ਵੇਲੇ ਸਿਰ ਅਜਿਹੇ ਭਰੂਣਾਂ ਬਾਰੇ ਜਾਣਕਾਰੀ ਮਿਲ ਜਾਏ ਤਾਂ ਉਨ੍ਹਾਂ ਦੇ ਦਿਮਾਗ਼ ਤੇਜ਼ ਕਰਨ ਲਈ ਡਾਕਟਰੀ ਇਲਾਜ ਸੰਭਵ ਹੈ। ਪਰ ਜੇ ਅਣਗੌਲਿਆ ਛੱਡ ਦਿੱਤਾ ਜਾਵੇ ਤਾਂ ਕਈ ਭਰੂਣ ਘੱਟ ਦਿਮਾਗ਼ ਨਾਲ ਹੀ ਪੈਦਾ ਹੁੰਦੇ ਹਨ।



ਜੰਮਣ ਤੋਂ ਬਾਅਦ ਉਬਾਸੀ ਦੇ ਮਾਇਨੇ ਬਦਲ ਜਾਂਦੇ ਹਨ। ਜਦੋਂ ਨਵਜੰਮਿਆ ਬੱਚਾ ਥਕੇਵਾਂ ਮਹਿਸੂਸ ਕਰੇ ਜਾਂ ਬੋਰ ਹੋਣ ਲਗ ਪਵੇ ਤਾਂ ਨਿੱਕੀਆਂ ਪਿਆਰੀਆਂ ਉਬਾਸੀਆਂ ਰਾਹੀਂ ਸੰਕੇਤ ਦੇ ਦਿੰਦਾ ਹੈ ਕਿ ਹੁਣ ਹੋਰ ਮੇਰੇ ਨਾਲ ਛੇੜਖਾਨੀ ਕਰਨੀ ਛੱਡ ਕੇ ਮੈਨੂੰ ਆਪਣੀ ਨੀਂਦਰ ਪੂਰੀ ਕਰ ਲੈਣ ਦਿਓ ਤੇ ਤੁਸੀਂ ਪਰ੍ਹਾਂ ਹੋ ਕੇ ਸ਼ੋਰ ਪਾਓ।

ਜੇ ਅਣਗੌਲਿਆਂ ਕਰ ਦਿੱਤਾ ਜਾਵੇ ਤਾਂ ਬੱਚਾ ਚੀਕ ਚਿੰਘਾੜਾ ਮਚਾ ਕੇ ਰੌਂਦੂ ਹੋਣ ਦਾ ਸੰਕੇਤ ਦੇ ਦਿੰਦਾ ਹੈ ਤੇ ਹੌਲੀ-ਹੌਲੀ ਜ਼ਿੱਦੀ ਬਣ ਜਾਂਦਾ ਹੈ।

ਹੋਰ ਵੱਡੇ ਹੋ ਜਾਣ ਉੱਤੇ ਇਹੀ ਉਬਾਸੀ ਸੁਸਤੀ ਦਾ ਸੰਕੇਤ ਬਣ ਜਾਂਦੀ ਹੈ ਤੇ ਲਾਗ ਦੀ ਬੀਮਾਰੀ ਵੀ। ਫੇਰ ਭਾਵੇਂ ਕਿੰਨੇ ਹੀ ਚੁਸਤ ਹੋ ਕੇ ਬੈਠੇ ਹੋਵੋ, ਨਾਲ ਦੇ ਬੰਦੇ ਵੱਲੋਂ ਕੀਤੀ ਉਬਾਸੀ ਦੀ ਗੱਲਬਾਤ ਜਾਂ ਲਈ ਉਬਾਸੀ, ਬਦੋਬਦੀ ਦੂਜੇ ਨੂੰ ਉਬਾਸੀ ਲੈਣ ਉੱਤੇ ਮਜਬੂਰ ਕਰ ਦਿੰਦੀ ਹੈ। ਕਮਾਲ ਦੀ ਗੱਲ ਇਹ ਹੈ ਕਿ ਉਬਾਸੀ ਬਾਰੇ ਪੜ੍ਹਨ ਉੱਤੇ ਜਾਂ ਉਬਾਸੀ ਲੈਂਦੇ ਬੰਦੇ ਦੀ ਤਸਵੀਰ ਵੇਖਣ ਉੱਤੇ ਵੀ ਬਹੁਤਿਆਂ ਨੂੰ ਉਬਾਸੀ ਆ ਜਾਂਦੀ ਹੈ।

ਉਬਾਸੀ ਲੈਂਦੇ ਭਰੂਣ ਨਾਲ ਜੇ ਬਾਹਰੋਂ ਮਾਂ ਗੱਲ ਕਰਨੀ ਸ਼ੁਰੂ ਕਰੇ ਤਾਂ ਉਹ ਕਾਫ਼ੀ ਚੁਸਤੀ ਨਾਲ ਹੁੰਗਾਰਾ ਭਰਦਾ ਹੈ। ਭਾਵੇਂ ਮਾਂ ਦੇ ਢਿੱਡ ਅੰਦਰ ਉਬਾਸੀ ਲੈਣ ਦੇ ਤੌਰ ਤਰੀਕੇ ਮੁੰਡੇ ਤੇ ਕੁੜੀ ਦੇ ਇੱਕੋ ਜਿਹੇ ਹੁੰਦੇ ਹਨ ਪਰ ਕੁਦਰਤ ਦਾ ਕਮਾਲ ਵੇਖੋ ਕਿ ਮਾਂ ਦੇ ਢਿੱਡ ਅੰਦਰ ਵੀ ਬੁਲਾਉਣ ਉੱਤੇ ਬੇਟੀ ਵੱਧ ਚੁਸਤ ਹੋ ਕੇ ਹੁੰਗਾਰਾ ਭਰਦੀ ਹੈ ਤੇ ਜ਼ਿਆਦਾ ਸਮੇਂ ਲਈ ਕਰਦੀ ਹੈ। ਯਾਨੀ ਕੁਦਰਤ ਵੱਲੋਂ ਬੇਟੀਆਂ ਬਣਾਈਆਂ ਹੀ ਵੱਧ ਲਾਡ ਪਿਆਰ ਕਰਨ ਵਾਲੀਆਂ ਹਨ।

10 ਮਹੀਨਿਆਂ ਦੇ ਬੱਚਿਆਂ ਦੇ ਦਿਮਾਗ਼ ਬਲੂਪ੍ਰਿੰਟ ਤਿਆਰ ਕਰਨ ਦੇ ਸਮਰੱਥ ਬਣ ਜਾਂਦੇ ਹਨ ਤੇ ਉਨ੍ਹਾਂ ਦੇ ਦਿਮਾਗ਼ ਅੰਦਰ ਮਾਂ ਤੇ ਪਿਓ ਵੱਲੋਂ ਕੀਤੀ ਜਾਂਦੀ ਸਾਰੀ ਗੱਲ ਛਪ ਚੁੱਕੀ ਹੁੰਦੀ ਹੈ। ਬੱਚੇ ਦੀ ਜ਼ਬਾਨ ਦਾ ਆਧਾਰ ਵੀ ਕਾਫੀ ਹਦ ਤਕ ਪਕਿਆਈ ਫੜ ਲੈਂਦਾ ਹੈ ਤੇ ਉਸ ਨੂੰ ਇਹ ਵੀ ਸਮਝ ਲੱਗ ਜਾਂਦੀ ਹੈ ਕਿ ਕਿਹੜਾ ਜਣਾ ਘਰ ਵਿਚ ਦੂਜੇ ਉੱਤੇ ਹਾਵੀ ਹੈ। ਬੱਚੇ ਦੀ ਸੋਚਣ ਸਮਝਣ ਦੀ ਸਮਰਥਾ ਇਸ ਸਮੇਂ ਚਰਮ ਸੀਮਾ ਉੱਤੇ ਹੁੰਦੀ ਹੈ ਤੇ ਉਹ ਬੋਲਣ ਦੀ ਥਾਂ ਸਭ ਕੁੱਝ ਸਮੋਣ ਵਿਚ ਜੁਟਿਆ ਹੁੰਦਾ ਹੈ।

ਸੰਨ 2009 ਵਿਚ ਹੋਈ ਖੋਜ ਰਾਹੀਂ ਪਤਾ ਲੱਗਿਆ ਕਿ 6 ਮਹੀਨੇ ਦੇ ਬੱਚੇ ਨੂੰ ਬੋਲਣਾ ਭਾਵੇਂ ਨਾ ਆਉਂਦਾ ਹੋਵੇ ਪਰ ਉਹ ਮਾਂ ਦੇ ਢਿੱਡ ਅੰਦਰ ਆਪਣੇ ਨਾਲ ਕੀਤੇ ਗਏ ਵਰਤਾਰੇ ਅਨੁਸਾਰ ਤੇ ਜੰਮਣ ਬਾਅਦ ਆਪਣੇ ਨਾਲ ਗੁੱਸੇ ਜਾਂ ਪਿਆਰ ਭਰੇ ਸ਼ਬਦਾਂ ਨਾਲ ਸੰਬੋਧਨ ਕੀਤੇ ਗਏ ਅਨੁਸਾਰ ਆਪਣੇ ਗੁੱਸੇ ਨੂੰ ਤਿੱਖੇ ਚੀਕਵੇਂ ਰੋਣ ਜਾਂ ਕੁੱਤੇ ਦੇ ਨਿੱਕੇ ਜਿਹੇ ਬੱਚੇ ਵਾਂਗ ਚਊਂ-ਚਊਂ ਦੀ ਆਵਾਜ਼ਾਂ ਕੱਢ ਕੇ ਹੁੰਗਾਰਾ ਭਰਦਾ ਹੈ।

ਹੈ ਤਾਂ ਕਮਾਲ, ਪਰ ਇਹ ਸਮਝ ਲੈਣ ਬਾਅਦ ਸਾਨੂੰ ਆਪਣੇ ਗੋਦ ਵਿਚ ਪਏ ਬੱਚੇ ਨੂੰ ਐਵੇਂ ਮਾਸ ਦਾ ਲੋਥੜਾ ਨਹੀਂ ਮੰਨ ਲੈਣਾ ਚਾਹੀਦਾ। ਉਸ ਦੇ ਦਿਮਾਗ਼ ਵਿਚਲੇ ਕੰਪਿਊਟਰ ਨੇ ਉਹ ਸਭ ਕੁੱਝ ਸਮੋਣਾ ਹੈ ਜੋ ਉਸ ਨੂੰ ਸੁਣ ਰਿਹਾ ਹੈ ਜਾਂ ਮਹਿਸੂਸ ਹੋ ਰਿਹਾ ਹੈ। ਏਸੇ ਲਈ ਗੋਦ ਵਿਚ ਪਏ ਬਾਲ ਅੱਗੇ ਵੀ ਉੱਚੀ ਬੋਲਣਾ, ਲੜਨਾ, ਚੀਕਣਾ ਜਾਂ ਗਾਲ੍ਹਾਂ ਕੱਢਣੀਆਂ ਉਸ ਉੱਤੇ ਸਦੀਵੀ ਅਸਰ ਵਿਖਾ ਸਕਦੀਆਂ ਹਨ। ਸੰਨ 2010 ਵਿਚ 'ਨਿਊਰੋਨ ਜਰਮਲ' ਵਿਚ ਦਿਮਾਗ਼ ਬਾਰੇ ਸੂਖਮ ਖੋਜਾਂ ਨੂੰ ਸ਼ਾਮਲ ਕਰਦਿਆਂ ਇਸ ਤੱਥ ਉੱਤੇ ਜ਼ੋਰ ਪਾਇਆ ਗਿਆ ਕਿ 5 ਮਹੀਨੇ ਦੀ ਬੱਚੀ ਨੂੰ ਮਾਂ ਦੀ ਗੋਦ ਵਿਚ ਪਿਆਂ ਹੀ ਸਮਝ ਆ ਜਾਂਦੀ ਹੈ ਕਿ ਉਸ ਦੀ ਮਾਂ ਉਦਾਸ ਹੈ। ਉਹ ਉਸ ਦੇ ਹਾਵਾਂ ਭਾਵਾਂ, ਉਸ ਦੇ ਬੋਲਣ ਵਿਚਲੀ ਤਬਦੀਲੀ, ਤੇਜ਼ ਸਾਹ, ਅੱਖਾਂ ਵਿਚਲੇ ਹੰਝੂ ਤੇ ਦਿਲ ਦੀ ਧੜਕਨ ਰਾਹੀਂ ਸਭ ਕੁੱਝ ਸਮਝ ਲੈਂਦੀ ਹੈ। ਭਾਵੇਂ ਬੋਲ ਨਾ ਸਕੇ ਪਰ ਉਸ ਦੇ ਦਿਮਾਗ਼ ਵਿਚਲੀਆਂ ਤਰੰਗਾਂ ਦੇ ਰਿਕਾਰਡ ਨੇ ਸਮਝਾ ਦਿੱਤਾ ਹੈ ਕਿ ਬੱਚੀ ਦਾ ਮਨ ਵੀ ਨਿਰਾਸ਼ਾ ਨਾਲ ਭਰ ਜਾਂਦਾ ਹੈ ਤੇ ਉਸ ਦੇ ਦਿਮਾਗ਼ ਦੀਆਂ ਕਿਰਿਆਵਾਂ ਵੀ ਸੁਸਤ ਪੈ ਜਾਂਦੀਆਂ ਹਨ। ਉਸ ਮੁਸਕੁਰਾਉਣਾ ਛੱਡ ਦਿੰਦੀ ਹੈ ਤੇ ਮਾਂ ਨਾਲ ਪੂਰੀ ਹਮਦਰਦੀ ਜਤਾਉਣ ਦਾ ਜਤਨ ਕਰਦੀ ਹੈ।

ਇਕ ਤੋਂ ਦੋ ਦਿਨ ਦੇ 26 ਬੱਚਿਆਂ ਦੇ ਸੁੱਤੇ ਹੋਇਆਂ ਦੌਰਾਨ ਸਿਰ ਦੁਆਲੇ 124 ਇਲੈਕਟਰੋਡ ਲਾ ਕੇ ਉਨ੍ਹਾਂ ਦੇ ਦਿਮਾਗ਼ ਦੀਆਂ ਤਰੰਗਾਂ ਰਿਕਾਰਡ ਕੀਤੀਆਂ ਗਈਆਂ। ਇਹ ਵੇਖਣ ਵਿਚ ਆਇਆ ਕਿ ਉਸ ਸਮੇਂ ਮਾਂ ਜਾਂ ਪਿਓ ਵੱਲੋਂ ਹਲਕਾ ਪਿਆਰ ਨਾਲ ਥਪਥਪਾਉਣਾ ਜਾਂ ਚੁੰਮਣ ਦੀ ਆਵਾਜ਼ ਕੱਢਣ ਨਾਲ ਉਨ੍ਹਾਂ ਦਾ ਪੂਰਾ ਦਿਮਾਗ਼ ਰਵਾਂ ਹੋ ਕੇ ਤੇਜ਼ੀ ਨਾਲ ਜੋੜ ਬਣਾਉਣ ਲੱਗ ਪੈਂਦਾ ਹੈ। ਯਾਨੀ ਘੂਕ ਸੁੱਤੇ ਹੋਇਆਂ ਵੀ ਪਿਆਰ ਦੇ ਸੁਣੇਹੇ ਨਵਜੰਮੇ ਬੱਚੇ ਲਈਂ ਤੇਜ਼ ਦਿਮਾਗ਼ ਬਣਨ ਦਾ ਆਧਾਰ ਬਣਦੇ ਹਨ।

ਹੁਣ ਦੂਜੇ ਪਾਸੇ ਝਾਤ ਮਾਰੀਏ। ਅਜਿਹੀ ਜਾਣਕਾਰੀ ਤੋਂ ਬਾਅਦ ਹੁਣ ਉਨ੍ਹਾਂ ਬੱਚੀਆਂ ਦੇ ਦਿਮਾਗ਼ ਦੇ ਵਿਕਾਸ ਬਾਰੇ ਸੋਚੀਏ ਜਿਨ੍ਹਾਂ ਨੂੰ ਜੰਮਦੇ ਸਾਰ ਨਕਾਰਾ, ਬੇਲੋੜੀ, ਪੱਥਰ ਆਦਿ ਸੰਬੋਧਨ ਕਰਨ ਦੇ ਨਾਲ ਘਰ ਵਿਚ ਅਫ਼ਸੋਸ ਦਾ ਮਾਹੌਲ ਵੀ ਪੈਦਾ ਕਰ ਦਿੱਤਾ ਗਿਆ ਹੋਵੇ।

ਸਭ ਪਾਸਿਓਂ ਤਿਰਸਕਾਰ ਸਹਿੰਦਿਆਂ ਉਸ ਦੇ ਦਿਮਾਗ਼ ਦਾ ਵਿਕਾਸ ਤਾਂ ਰੁਕਣਾ ਹੀ ਹੈ ਪਰ ਇਸ ਸਭ ਦੇ ਬਾਵਜੂਦ ਕੁਦਰਤੀ ਕਮਾਲ ਵੇਖੋ ਕਿ ਉਸ ਦੇ ਦਿਮਾਗ਼ ਵਿਚਲੀਆਂ ਮੋਹ ਦੀਆਂ ਤੰਦਾਂ ਟੁੱਟਦੀਆਂ ਨਹੀਂ। ਕਿਸੇ ਵੱਲੋਂ ਹਲਕੀ ਮੁਸਕਾਨ ਵੀ ਉਸ ਦੇ ਦਿਮਾਗ਼ ਵਿਚ ਸੁਣੇਹਿਆਂ ਦੀਆਂ ਬੁਛਾਰਾਂ ਕਰ ਦਿੰਦੀਆਂ ਹਨ ਤੇ ਉਸ ਦੇ ਦਿਮਾਗ਼ ਵਿਚਲਾ ਰਿਵਾਰਡ ਸਿਸਟਮ ਰਵਾਂ ਹੋ ਕੇ ਉਸ ਨੂੰ ਅਜਿਹੇ ਬੰਦੇ ਲਈ ਜਾਨ ਵਾਰਨ ਤਕ ਤਿਆਰ ਕਰ ਦਿੰਦਾ ਹੈ।

ਜੇ ਹਾਲੇ ਵੀ ਸਮਝ ਨਹੀਂ ਆਈ ਤਾਂ ਲਾਅਨਤ ਹੈ। ਏਨਾ ਪਿਆਰ, ਜਿਸ ਦੇ ਬਦਲੇ ਬੱਚੀ ਕੁੱਝ ਵੀ ਨਾ ਮੰਗਦੀ ਹੋਵੇ ਤੇ ਜਾਨ ਵਾਰਨ ਤੱਕ ਤਿਆਰ ਹੋਵੇ, ਫੇਰ ਵੀ ਉਸ ਬੇਕਸੂਰ ਦੀ ਜਾਨ ਲੈ ਲਈ ਜਾਵੇ ਤਾਂ ਇਸ ਤੋਂ ਵੱਡਾ ਹੋਰ ਕਿਹੜਾ ਜੁਰਮ ਹੋ ਸਕਦਾ ਹੈ? ਅਜਿਹੇ ਕਤਲ ਲਈ ਸਿਰਫ਼ ਮੌਤ ਦੀ ਸਜ਼ਾ ਹੀ ਮਿਲਣੀ ਚਾਹੀਦੀ ਹੈ।

ਅੰਤ ਵਿਚ ਦੱਸਣਾ ਜ਼ਰੂਰੀ ਹੈ ਕਿ ਮਾਂ ਦੇ ਢਿੱਡ ਅੰਦਰ ਭਰੂਣ ਕਿੰਨਾ ਕੁ ਸਮਝਦਾਰ ਹੁੰਦਾ ਹੈ। ਇਹ ਵੀ ਖੋਜ ਨੇ ਸਾਬਤ ਕੀਤਾ ਹੈ ਕਿ ਜਦੋਂ ਗਰਭ ਡੇਗਣ ਦੀ ਗੱਲਬਾਤ ਚੱਲੇ ਤੇ ਭਰੂਣ ਨੂੰ ਮਾਰਨ ਦੀ ਤਿਆਰੀ ਕਸ ਲਈ ਜਾਏ ਤਾਂ ਔਜ਼ਾਰਾਂ ਨਾਲ ਉਸ ਦੇ ਚੀਥੜੇ ਕਰਨ ਤੋਂ ਪਹਿਲਾਂ ਭਰੂਣ ਤੇਜ਼ੀ ਨਾਲ ਉਬਾਸੀ ਲੈਂਦੇ ਵੇਖਿਆ ਗਿਆ ਹੈ। ਇਸਦਾ ਮਤਲਬ ਹੈ ਉਸ ਵੱਲੋਂ ਤੇਜ਼ੀ ਨਾਲ ਸੁਣੇਹਾ ਘੱਲਣਾ! ਸਮਝੋ! ਰੁਕੋ! ਦੱਸੋ ਤਾਂ ਸਹੀ ਕਿਉਂ? ਕਿਉਂ ਸਾਨੂੰ ਅਜਿਹੀ ਬੇਕਸੂਰ ਦੇ ਨਿੱਕੇ ਨਿੱਕੇ ਹਾੜੇ ਉਸ ਸਮੇਂ ਨਹੀਂ ਸੁਣਦੇ? ਇਸ ਉਬਾਸੀ ਰਾਹੀਂ ਉਸ ਦੀ ਚੀਕ ਨੂੰ ਅਸੀਂ ਕਦੋਂ ਸੁਣਨ ਦੀ ਕੋਸ਼ਿਸ਼ ਕਰਾਂਗੇ ਤੇ ਉਸ ਦੀ ਰਹਿਮ ਦੀ ਅਪੀਲ ਉੱਤੇ ਗ਼ੌਰ ਕਰਾਂਗੇ? ਕੋਈ ਹੋਰ ਵੀ ਮੇਰੇ ਨਾਲ ਅਜਿਹੀ ਬੱਚੀ ਦੀ ਆਵਾਜ਼ ਬਣਨੀ ਚਾਹੇਗਾ?

*ਬਾਕੀ*

## 'ਜਿਹੜੀ ਬੋਲੀ ਮੋਦੀ ਬੋਲਦੈ, ਉਹ ਦੇਸ਼ ਦੇ ਭਲੇ 'ਚ ਨਹੀਂ'

ਸਰਕਾਰ ਦੀ ਆਰਥਿਕ ਬਦਇੰਤਜ਼ਾਮੀ ਕਰ ਕੇ ਆਮ ਜਨਤਾ ਦੀਆਂ ਨਜ਼ਰਾਂ ਵਿੱਚ ਬੈਂਕਿੰਗ ਸੈਕਟਰ ਦੀ ਭਰੋਸੇਯੋਗਤਾ ਹੌਲੀ ਹੌਲੀ ਖੁਰਦੀ ਜਾ ਰਹੀ ਹੈ। ਸਾਡਾ ਦੇਸ਼ ਔਖੇ ਸਮਿਆਂ 'ਚੋਂ ਲੰਘ ਰਿਹਾ ਹੈ। ਸਾਡੇ ਕਿਸਾਨਾਂ ਨੂੰ ਭਿਆਨਕ ਸੰਕਟ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਸਾਡੇ ਯੁਵਕਾਂ ਨੂੰ ਮੌਕੇ ਨਹੀਂ ਮਿਲ ਰਹੇ ਤੇ ਅਰਥਚਾਰੇ ਦੀਆਂ ਸੰਭਾਵਨਾਵਾਂ ਮੱਧਮ ਪੈ ਗਈਆਂ ਹਨ।"

ਉਨ੍ਹਾਂ ਕਿਹਾ ਕਿ ਅਫ਼ਸੋਸਨਾਕ ਸਚਾਈ ਇਹ ਹੈ ਕਿ ਇਹ ਸਾਰੇ ਸੰਕਟ ਟਾਲੇ ਜਾ ਸਕਦੇ ਸਨ। ਮੈਨੂੰ ਇਹ ਦੇਖ ਕੇ ਦੁੱਖ ਹੁੰਦਾ ਹੈ ਕਿ ਇਨ੍ਹਾਂ ਚੁਣੌਤੀਆਂ ਦਾ ਸਾਹਮਣਾ ਕਰਨ ਦੀ ਬਜਾਏ ਸਰਕਾਰ ਦਾ ਜ਼ੋਰ ਕਮੀਆਂ ਪੇਸ਼ੀਆਂ ਵੱਲ ਧਿਆਨ ਦਿਵਾਉਣ ਦੀ ਜ਼ੁਬਾਨ ਬੰਦ ਕਰਾਉਣ 'ਤੇ ਲੱਗ ਜਾਂਦਾ ਹੈ। ਉਨ੍ਹਾਂ ਕਿਹਾ ਕਿ ਜਿਨ੍ਹਾਂ ਲੋਕਾਂ ਨੂੰ ਫ਼ੈਸਲੇ ਲੈਣ ਦਾ ਜ਼ਿੰਮਾ ਮਿਲਦਾ ਹੈ ਉਨ੍ਹਾਂ ਨੂੰ ਆਪਹੁਦਰੀਆਂ ਦੀ ਬਜਾਏ ਨੀਤੀਆਂ ਤੇ ਪ੍ਰੋਗਰਾਮਾਂ 'ਤੇ ਧਿਆਨ ਦੇਣ ਦੀ ਲੋੜ ਹੁੰਦੀ ਹੈ। ਭਾਰਤ ਇਕ ਜਟਿਲ ਤੇ ਬਹੁਭਾਂਤਾ ਦੇਸ਼ ਹੈ ਤੇ ਕੋਈ ਵੀ ਇਕ ਵਿਅਕਤੀ ਹਰ ਤਰ੍ਹਾਂ ਦੀ ਸਿਆਣਪ ਦਾ ਸਰੋਤ ਨਹੀਂ ਹੋ ਸਕਦਾ।

## ਢਾਡੀ ਜਥਿਆਂ ਦਾ ਵਿਵਾਦ ਹੱਲ : ਅਕਾਲ ਤਖ਼ਤ ਸਾਹਮਣੇ ਮੁੜ ਸਜਣਗੇ ਦੀਵਾਨ

ਲਾਉਣ ਦਾ ਕੰਮ ਧਰਮ ਪ੍ਰਚਾਰ ਕਮੇਟੀ ਨੂੰ ਭੇਜਿਆ ਜਾਵੇਗਾ। ਉਨ੍ਹਾਂ ਆਖਿਆ ਕਿ ਦੋਵੇਂ ਢਾਡੀ ਸਭਾਵਾਂ ਦੇ ਆਗੂਆਂ ਨੇ ਅਕਾਲ ਤਖ਼ਤ ਦੇ ਫੈਸਲੇ ਨੂੰ ਪ੍ਰਵਾਨ ਕਰਨ ਦੀ ਲਿਖਤੀ ਹਾਮੀ ਭਰੀ ਹੈ।

ਸ੍ਰੀ ਗੁਰੂ ਹਰਗੋਬਿੰਦ ਸਾਹਿਬ ਸ਼੍ਰੋਮਣੀ ਢਾਡੀ ਸਭਾ ਦੇ ਮੁਖੀ ਗਿਆਨੀ ਬਲਦੇਵ ਸਿੰਘ ਐੱਮਏ ਨੇ ਆਖਿਆ ਕਿ ਮੀਟਿੰਗ ਦੌਰਾਨ ਅਕਾਲ ਤਖ਼ਤ ਦੇ ਜਥੇਦਾਰ ਕੋਲ ਰੋਸ ਵੀ ਦਰਜ ਕਰਾਇਆ ਹੈ ਕਿ ਉਨ੍ਹਾਂ ਨੇ ਢਾਡੀ ਦੀਵਾਨ ਬੰਦ ਕਰਨ ਦੇ ਹੁਕਮ ਜਾਰੀ ਕਰਕੇ ਮਰਿਆਦਾ ਨੂੰ ਤੋੜਿਆ ਹੈ। ਇਹ ਮਰਿਆਦਾ ਨਿਰੰਤਰ ਜਾਰੀ ਰੱਖੀ ਜਾਣੀ ਚਾਹੀਦੀ ਸੀ।

ਦੱਸਣਯੋਗ ਹੈ ਕਿ ਗੁਰੂ ਹਰਗੋਬਿੰਦ ਸਾਹਿਬ ਸ਼੍ਰੋਮਣੀ ਢਾਡੀ ਸਭਾ ਅਤੇ ਮੀਰੀ ਪੀਰੀ ਢਾਡੀ ਸਭਾ ਦੇ ਜਥਿਆਂ ਵੱਲੋਂ ਇੱਥੇ ਅਕਾਲ ਤਖ਼ਤ ਦੇ ਸਾਹਮਣੇ ਰੋਜ਼ਾਨਾ ਹੀ ਢਾਡੀ ਵਾਰਾਂ ਦਾ ਗਾਇਨ ਕੀਤਾ ਜਾਂਦਾ ਰਿਹਾ ਹੈ। ਦੋਵਾਂ ਸਭਾਵਾਂ ਦਾ ਪਿਛਲੇ ਕੁਝ ਸਮੇਂ ਤੋਂ ਝਗੜਾ ਚੱਲ ਰਿਹਾ ਸੀ। ਇਨ੍ਹਾਂ ਦੇ ਝਗੜੇ ਨੂੰ ਹੱਲ ਕਰਦਿਆਂ ਅਕਾਲ ਤਖ਼ਤ ਵੱਲੋਂ ਦੋਵਾਂ ਸਭਾਵਾਂ ਨੂੰ ਵੱਖ ਵੱਖ ਦਿਨ ਵੰਡ ਦਿੱਤੇ ਗਏ ਸਨ, ਪਰ ਇਸ ਤੋਂ ਬਾਅਦ ਇਕ ਧਿਰ ਵੱਲੋਂ ਦਾਅਵਾ ਕੀਤਾ ਜਾ ਰਿਹਾ ਹੈ ਕਿ ਉਸ ਕੋਲ ਵਧੇਰੇ ਢਾਡੀ ਜਥੇ ਹਨ ਅਤੇ ਉਸ ਮੁਤਾਬਿਕ ਉਨ੍ਹਾਂ ਨੂੰ ਵਧੇਰੇ ਸਮਾਂ ਦਿੱਤਾ ਜਾਣਾ ਚਾਹੀਦਾ ਹੈ। ਇਹ ਮਾਮਲਾ ਸ਼੍ਰੋਮਣੀ ਕਮੇਟੀ ਦੇ ਪਿਛਲੇ ਪ੍ਰਧਾਨ ਪ੍ਰੋ. ਕ੍ਰਿਪਾਲ ਸਿੰਘ ਬਡੂੰਗਰ ਕੋਲ ਵੀ ਪੁੱਜਾ ਸੀ।

## ਅਖੌਤੀ ਧਾਰਮਕ ਆਗੂ ਲੁੱਟ ਰਹੇ ਨੇ ਪੰਜਾਬ ਦਾ ਖਜ਼ਾਨਾ

ਚੇਅਰਮੈਨ ਸੁਧੀਰ ਸੂਰੀ ਨੂੰ ਜਿਪਸੀ ਦੀ ਸਹੂਲਤ ਦਿੱਤੀ ਗਈ ਹੈ। ਲੁਧਿਆਣਾ ਅਧਾਰਤ ਨੈਸ਼ਨਲ ਸ਼ਿਵ ਸੈਨਾ ਦਾ ਪ੍ਰਧਾਨ ਵੀ ਜਿਪਸੀ ਹਾਸਲ ਕਰਨ ਵਿੱਚ ਕਾਮਯਾਬ ਹੋ ਗਿਆ ਹੈ। ਜਲੰਧਰ ਨਾਲ ਸਬੰਧਤ ਸ਼ਿਵ ਸੈਨਾ ਦੇ ਪ੍ਰਧਾਨ ਵਿਨੈ ਜਲੰਧਰੀ ਨੂੰ ਵੀ ਜਿਪਸੀ, ਯੋਗਰਾਜ ਸਿੰਘ ਜਿਸ ਦਾ ਸਬੰਧ ਵੀ ਸ਼ਿਵ ਸੈਨਾ ਨਾਲ ਦੱਸਿਆ ਗਿਆ ਹੈ, ਨੂੰ ਦੋ ਗੱਡੀਆਂ ਇੱਕ ਬੁਲਿਟ ਪਰੂਫ ਅੰਬੈਸਡਰ ਅਤੇ ਇੱਕ ਬੁਲੇਰੋ ਕੈਂਪਰ ਦਿੱਤੀ ਗਈ ਹੈ। ਰੂਪਨਗਰ ਨਾਲ ਸਬੰਧਤ ਸ਼ਿਵ ਸੈਨਾ ਦੇ ਆਗੂ ਸੰਜੀਵ ਘਨੌਲੀ ਨੂੰ ਪੁਲੀਸ ਵੱਲੋਂ ਇੱਕ ਅੰਬੈਸਡਰ ਅਤੇ ਇੱਕ ਜਿਪਸੀ ਦੋਹਾਂ ਕਾਰਾਂ ਵਿੱਚ 1 ਹਜ਼ਾਰ ਲੀਟਰ ਪੈਟਰੋਲ ਪ੍ਰਤੀ ਮਹੀਨਾ ਫੂਕਣ ਦਾ ਹੱਕ ਹੈ। ਪਟਿਆਲਾ ਸ਼ਹਿਰ ਨਾਲ ਸਬੰਧਤ ਸ਼ਿਵ ਸੈਨਾ ਹਿੰਦੋਸਤਾਨ ਦੇ ਪ੍ਰਧਾਨ ਪਵਨ ਕੁਮਾਰ ਗੁਪਤਾ ਨੂੰ ਵੀ ਇੱਕ ਬੁਲੇਟ ਪਰੂਫ਼ ਅੰਬੈਸਡਰ ਕਾਰ ਅਤੇ ਜਿਪਸੀ ਦੀ ਸਹੂਲਤ ਦਿੱਤੀ ਹੋਈ ਹੈ। ਪੰਜਾਬ ਪੁਲੀਸ ਵੱਲੋਂ ਪਟਿਆਲਾ ਨਾਲ ਹੀ ਸਬੰਧਤ ਸ਼ਿਵ ਸੈਨਾ (ਬਾਲ ਠਾਕਰੇ) ਦੇ ਮੀਤ ਪ੍ਰਧਾਨ ਹਰੀਸ਼ ਸਿੰਗਲਾ ਨੂੰ ਜਿਪਸੀ, ਮੋਗਾ ਨਾਲ ਸਬੰਧਤ ਸ਼ਿਵ ਸੈਨਾ ਹਿੰਦੋਸਤਾਨ ਤੇ ਪ੍ਰਧਾਨ ਅਮਿਤ ਘਈ ਨੂੰ ਬਲੇਰੋ ਅਤੇ ਅਖਿਲ ਭਾਰਤੀ ਹਿੰਦੂ ਸੁਰੱਖਿਆ ਸਮਿਤੀ ਅਤੇ ਹਿੰਦੂ ਤਖ਼ਤ ਕਾਲੀ ਮਾਤਾ ਪਟਿਆਲਾ ਤੇ ਪ੍ਰਧਾਨ ਸੰਜੀਵ ਭਾਰਦਵਾਜ ਨੂੰ ਬੁਲੇਟ ਪਰੂਫ ਅੰਬੈਸਡਰ ਅਤੇ ਇੱਕ ਜਿਪਸੀ ਦੀ ਸਹੂਲਤ ਦਿੱਤੀ ਗਈ ਹੈ। ਜਲੰਧਰ ਤੇ ਜੌੜੇਵਾਲਾ ਨਾਲ ਸਬੰਧਤ ਸੰਤ ਬਾਬਾ ਨਿਰਮਲ ਦਾਸ ਨੂੰ ਇੱਕ ਜਿਪਸੀ, ਜਲੰਧਰ ਸ਼ਹਿਰ ਦੇ ਹੀ ਬਾਬਾ ਕਸ਼ਮੀਰਾ ਸਿੰਘ ਨੂੰ ਇੱਕ ਜਿਪਸੀ, ਭੁੱਚੋ ਕਲਾਂ ਡੇਰੇ ਨਾਲ ਸਬੰਧਤ ਬਾਬਾ ਸੁਖਦੇਵ ਸਿੰਘ ਨੂੰ ਬੋਲੇਰੋ ਕੈਂਪਰ, ਡੇਰਾ ਬੱਲਾਂ ਨਾਲ ਸਬੰਧਤ ਸੰਤ ਨਿਰੰਜਣ ਦਾਸ ਨੂੰ ਇੱਕ ਜਿਪਸੀ ਅਤੇ ਦੌਧਰ (ਮੋਗਾ) ਨਾਲ ਸਬੰਧਤ ਬਾਬਾ ਅਰਜਨ ਸਿੰਘ ਨੂੰ ਇੱਕ ਜਿਪਸੀ ਦਿੱਤੀ ਗਈ ਹੈ। ਪੰਜਾਬ ਪੁਲੀਸ ਵੱਲੋਂ ਇਨ੍ਹਾਂ ਵਿਅਕਤੀਆਂ ਨੂੰ ਧਾਰਮਿਕ ਹਸਤੀਆਂ ਕਰਾਰ ਦੇ ਕੇ ਦਿੱਤੀਆਂ ਗਈਆਂ ਕਾਰਾਂ ਜੋ ਕਿ ਲੱਖਾਂ ਕਿਲੋਮੀਟਰ ਦਾ ਪੈਂਡਾ ਤੈਅ ਕਰ ਚੁੱਕੀ ਹਨ ਵੱਲੋਂ ਫੂਕੇ ਤੇਲ ਦਾ ਹਿਸਾਬ ਲਾਇਆ ਜਾਵੇ ਤਾਂ ਕਰੋੜਾਂ ਰੁਪਏ ਬਣਦਾ ਹੈ।

## ਪੰਜਾਬ ਸਰਕਾਰ ਤੇ ਥਾਣੇਦਾਰ ਦੀ ਲੜਾਈ ਚੋਣ ਕਮਿਸ਼ਨ ਦੇ ਦਰਬਾਰ ਪੁੱਜੀ

ਕਦਮ ਚੁੱਕਣ ਦੀ ਅਪੀਲ ਕਰਦਿਆਂ ਬੁਲਾਰੇ ਨੇ ਕਿਹਾ ਕਿ ਹਲਕੇ ਵਿਚਲੀਆਂ ਇਨ੍ਹਾਂ ਤਾਜ਼ਾ ਘਟਨਾਵਾਂ ਨੇ ਐਸਐਚਓ ਅਤੇ ਸ਼੍ਰੋਮਣੀ ਅਕਾਲੀ ਦਲ ਤੇ ਆਮ ਆਦਮੀ ਪਾਰਟੀ (ਆਪ) ਨਾਲ ਸਬੰਧਤ ਸਿਆਸਤਦਾਨਾਂ ਵਿਚਾਲੇ ਗਠਜੋੜ ਨੂੰ ਬੇਪਰਦ ਕੀਤਾ ਹੈ। 'ਆਪ' ਦੇ ਆਗੂ ਸੁਖਪਾਲ ਸਿੰਘ ਖਹਿਰਾ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਦਲਜੀਤ ਸਿੰਘ ਚੀਮਾ ਦੇ ਨਾਲ ਆਪਣੀ ਗੱਲਬਾਤ ਬਾਰੇ ਐਸਐਚਓ ਨੂੰ ਸ਼ਾਹਕੋਟ ਥਾਣੇ ਵਿਚਲੇ ਆਪਣੇ ਸਾਥੀਆਂ ਅਤੇ ਦੋਸਤਾਂ ਨਾਲ ਖ਼ੁਦ ਫੜ੍ਹ ਮਾਰਦਿਆਂ ਸੁਣਿਆ ਗਿਆ ਹੈ। ਉਨ੍ਹਾਂ ਕਿਹਾ ਕਿ ਇਸ ਸਬੰਧ ਵਿਚ ਫੋਨ ਟੈਪ ਦੇ ਸਾਰੇ ਦੋਸ਼ ਝੂਠੇ ਅਤੇ ਬੇਬੁਨਿਆਦ ਹਨ।

"A home is one of the most important assets that most people will ever buy. Homes are also where memories are made and you want to work with someone you can trust."

Warren Buffett, Chairman and CEO,
Berkshire Hathaway Inc.

BERKSHIRE HATHAWAY HomeServices

ਕਿਸੇ ਕਿਸਮ ਦੀ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ ਸੰਪਰਕ ਕਰੋ।

**Priti Singh**

**(925) 999-0823**

info@pritisingh.com

**Office Address:**
**1983 Second Street,**
**Livermore, CA 94550**

A Mamber of the Franchise System of BHHS Affiliates,LLC



A Residential and Real Estate Company. Serving East Bay and Valley Area BUY SELL RESIDENTIAL RANCH AND AGRICULTURE FARM. Serving Fremont, Hayward Pleasanton, Dublin, Livermore, Tracy, Lathrop, Manteca, Ripon, Modesto, Stockton, Lodi.



**Priti Singh**

**(925) 999-0823**

CA BRE Licence #02024721

HOSTED BY

# YUBA BROTHER FIELD HOCKEY CLUB & GADRI BABBE SPORTS CLUB


ਅਮਰਜੀਤ ਸਿੰਘ ਦੁਲਾਈ

**UOP STOCKTON CA**

ਮੁੱਖ ਮਹਿਮਾਨ


ਉਲੰਪੀਅਨ ਸੁਰਿੰਦਰ ਸਿੰਘ ਸੋਢੀ

## ਸਾਬਕਾ ਹਾਕੀ ਖਿਡਾਰੀ ਅਮਰਜੀਤ ਸਿੰਘ ਦੁਲਾਈ ਨੂੰ ਸਮਰਪਿਤ

# FIELD HOCKEY TOURNAMENT 2018

**18, 19, 20 MAY 2018**
**FRIDAY, SATURDAY & SUNDY**

**UNIVERSITY OF PACIFIC**
**3601 Pacific Avel., Stockton CA**

## ਪਹਿਲਾ ਇਨਾਮ


ਗਾਖ਼ਲ ਭਰਾਵਾਂ
ਅਮੋਲਕ ਸਿੰਘ ਗਾਖ਼ਲ, ਪਲਵਿੰਦਰ ਸਿੰਘ ਗਾਖ਼ਲ
ਤੇ ਇਕਬਾਲ ਸਿੰਘ ਗਾਖ਼ਲ
ਵਲੋਂ ਆਪਣੇ ਪਿਤਾ ਸਵ. ਨਸੀਬ ਸਿੰਘ ਗਾਖਲ
ਦੀ ਯਾਦ ਵਿਚ ਦਿੱਤਾ ਜਾਵੇਗਾ




## ਦੂਜਾ ਇਨਾਮ


ਮਾਈਕ ਬੋਪਾਰਾਏ
ਬੋਪਾਰਾਏ ਭਰਾਵਾਂ ਵਲੋਂ ਦਿੱਤਾ ਜਾਵੇਗਾ

# GOLD SPONSORS

AMOLAK SINGH GAKHAL, IQBAL SINGH GAKHAL, PINDER SINGH GAKHAL, MANI GREWAL, FAST CARGO, ACCUTRAC, MALKIT SINGH BOPORAI AND BOPARAI BROTHERS, CENTRAL VALLEY SPORTS CLUB, KING'S SPORTS CLUB, SILVER SPONSORS, JAGJIT SINGH RAKKAR, SMANA SINGH RANA, US SHIPPING, GURNAM SINGH, RANJIT SINGH (PMP), WHITE HAWK STOCKTON, RAJINDER SINGH SAIKHON, DALJIT SINGH GILL, SARBJIT SINGH THIARA, COUGAR TRUCKLINE, UNION CITY TRANS, NARINDER SINGH SAHOTA, JUGRAJ SINGH SAHOTA, AVTAR SINGH SAHOTA, KULWINDER SINGH LALLY, KASHMIR SINGH THANDI, BALIHAR SINGH RANU, TAJINDER SINGH MANN, HARJINDER SINGH BOLINA, JASVIR SINGH SOHAL, TIRATH SINGH GAKHAL, LAKHA GAZIPURIA, NARINDER SINGH AUJLA, SABI SINGH (HSD), CARGO SOLUTIONS EXPRESS, BALJIT SINGH SAHOTA, KULWANT SINGH LASHER, LAKHBIR SINGH GILL, CFX TOOR BROS, PAVAN GREWAL, WHITE HAWK, LAKHVIR MAHAL, GURPREET KHEIRA, JASWANT SINGH HOTHI, BALJINDER SINGH KLAIR, SARUP SINGH SARAI, JOGA SINGH BATH, SANTOKH SINGH JUDGE, RAGHBIR SINGH SHERGILL, SURINDER SINGH ATWAL, JAGROOP SINGH, J. SINGH, JUS & JAG SAHOTA, MANJIT SINGH BRAR, FAST CARGO, LEGEND TRANSPORT, NIRMAL SINGH JANDA, CHARN KANG, HARWINDER JANDA, RAMAN DHALIWAL, JOHN SINGH GILL, BALJINDER SINGH BAJWA, BILLA SANGHERA, SUCHA SINGH, SUMEL SINGH, PETER SIDHU, SODHI SIDHU, JATINDER SINGH BAINS, ATUL KAPOOR, REX DHUTT, MAX SINGH, AMRITPAL SINGH TIWANA, GURMEJ SINGH GILL, TOD CARIER, DR. SUNNY BADYAL, GURJANT GILL, RANJIT SANDHU, DR. MANN, ANOOP CHEEMA, AJAIB MAHIL, HARJIT S. GILL, JAY CHEEMA, SONU GAKHAL, GOPI GAKHAL, VICKI GAKHAL, BHARINDER ANG, JUDGE FARMS, SUNNY DARAPURIA, SD TRUCKING, BULLET EXPRESS, BASRA TRUCKING, MONU SANDHU, DAVINDER NIJJAR, RUBY SINGH CHEEMA CANADA, SUKWINDER SINGH GABAR CANADA, MALWINDER SINGH, JASWINDER LASHER, PLATINUM YUBA CITY, PINDER LALLY, KULWINDER GILL, PINDER SANGHA, TAJINDER DOSANJH, JOHN FURTADA, BRONZE SPONSORS, BAL TRANSPORT

ਤਿੰਨੇ ਦਿਨ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਜਾਵੇਗਾ

**For more information | www.ybfhc.us**

Jeetu Dhaliwal 916-633-4768
Teja Shokar 408-903-7578

Email: tjuppal@hotmail.com
Email: daveatwal@yahoo.com

Surjit Nijjar 530-682-9596
Harnek Singh Atwal 2019-351-5965


Canadian
Highest Grade Wheat
Say Bana
SHER
SHER
DURUM ATTA
DESI STYLE
20 lb
9.07 kg
SHER ATTA GHAR LAAO
www.sherbrarmills.com